ISSN 2394-8507
ਭੇਟਾ : ₹ ੫/-

ਮਾਸਿਕ

ਗੁਰਮਤਿ ਪ੍ਰਕਾਸ਼

ਜਿਲਦ : ੬੯ ਮਾਘ-ਫੱਗਣ ਸੰਮਤ ਨਾਨਕਸ਼ਾਹੀ ੫੫੭ ਫਰਵਰੀ ੨੦੨੬ ਅੰਕ : ੧੧
Vol. : 69 February 2026 Issue : 11

ਸਰਦਾਰ ਸ਼ਾਮ ਸਿੰਘ ਅਟਾਰੀ

ਗੁਰਦੁਆਰਾ ਕੋਠਾ ਸਾਹਿਬ ਪਾਤਸ਼ਾਹੀ ਨੌਵੀਂ, ਪਿੰਡ ਵੱਲ੍ਹਾ
ਸ੍ਰੀ ਅੰਮ੍ਰਿਤਸਰ ਸਾਹਿਬ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੫੭ ਫਰਵਰੀ 2026

ਜਿਲਦ ੬੯ (Vol. 69) ਅੰਕ ੧੧ (Issue 11)

ਸੰਪਾਦਕ
ਸਤਵਿੰਦਰ ਸਿੰਘ

ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	₹ 5	ਸਾਲਾਨਾ	₹ 1250
ਸਾਲਾਨਾ	₹ 50	ਪੰਜ ਸਾਲ	₹ 5000
ਪੰਜ ਸਾਲ	₹ 250	ਲਾਈਫ਼	₹ 10000
ਲਾਈਫ਼	₹ 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੭
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਕੋਠਾ ਸਾਹਿਬ, ਵੱਲ੍ਹਾ (ਪਾ.ਨੌਵੀਂ)	-ਬੀਬੀ ਕਿਰਨਦੀਪ ਕੌਰ	੧੦
ਭਗਤ ਰਵਿਦਾਸ ਜੀ ਦੀ ਬਾਣੀ ਵਿਚ 'ਮੁਕਤੀ' ਦਾ ਸੰਕਲਪ	-ਪ੍ਰੋ. ਸੀਤਲ ਸਿੰਘ	੧੭
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਗਤੀ' ਦਾ ਸੰਕਲਪ	-ਡਾ. ਗੁਰਵਿੰਦਰ ਕੌਰ	੨੫
ਵੱਡਾ ਘੱਲੂਘਾਰਾ	-ਡਾ. ਜਸਬੀਰ ਸਿੰਘ	੩੭
ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ	-ਸ. ਹਰਵਿੰਦਰ ਸਿੰਘ ਖਾਲਸਾ	੪੨
ਸੇਵਾ ਦਾ ਮੂਲ ਆਧਾਰ : ਨਿਸ਼ਕਾਮ ਭਾਵਨਾ	-ਬੀਬੀ ਮਨਮੋਹਨ ਕੌਰ	੪੭
ਗੱਡਿਆਂ ਦਾ ਧਨੀ	-ਗਿ. ਗੁਰਦਿੱਤ ਸਿੰਘ	੫੩
ਸਰਦਾਰ ਸ਼ਾਮ ਸਿੰਘ ਅਟਾਰੀ	-ਬਿਕਰਮਜੀਤ ਸਿੰਘ ਜੀਤ	੫੪
ਗੁਰਬਾਣੀ ਵਿਆਖਿਆਕਾਰੀ...	-ਡਾ. ਅਜੈ ਪਾਲ ਸਿੰਘ	੫੯
ਕਿਲ੍ਹਾ ਰਾਮਗੜ੍ਹ (ਰਾਮਰੌਣੀ)	-ਸ. ਹਰਪ੍ਰੀਤ ਸਿੰਘ ਨਾਜ਼	੬੯
ਗੁਰਮਤਿ ਪਰਿਪੇਖ ਅਨੁਸਾਰ ਅਧਿਆਪਕ ਦੀ ਭੂਮਿਕਾ...	-ਸ. ਅਕਾਸ਼ਬੀਰ ਸਿੰਘ	੭੫
ਬਹੁਪੱਖੀ ਸਾਹਿਤਕ ਸ਼ਖ਼ਸੀਅਤ: ਪ੍ਰੋਫੈਸਰ ਸਾਹਿਬ ਸਿੰਘ	-ਸ੍ਰੀ ਦਲਜੀਤ ਰਾਏ ਕਾਲੀਆ	੮੪
ਆਧੁਨਿਕ ਜੀਵਨ ਵਿਚ ਆਰਟੀਫਿਸ਼ਲ ਇੰਟੈਲੀਜੈਂਸ...	-ਸ. ਬਿਕਰਮਜੀਤ ਸਿੰਘ	੮੮
ਅਨਮੋਲ ਵਿਚਾਰ	-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ	੯੧
...ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੯੩
ਇਤੁ ਮਾਰਗਿ ਪੈਰੁ ਧਰੀਜੈ	-ਡਾ. ਸ਼ਿਆਮ ਸੁੰਦਰ ਦੀਪਤੀ	੯੪
ਦਸਮੇਸ਼ ਮਹਿਮਾ (ਕਵਿਤਾ)	-ਸ. ਸੁਖਦੀਪ ਸਿੰਘ	੯੬
ਰਾਗੁ ਧਨਾਸਰੀ	-ਮਾ. ਬਲਬੀਰ ਸਿੰਘ ਹੰਸਪਾਲ	੯੭
ਸਿੱਖ ਸਾਹਿਤ ਦੇ ਰੂ-ਬ-ਰੂ (੭)	-ਡਾ. ਰਣਜੀਤ ਕੌਰ ਪੰਨਵਾਂ	੯੯
ਸਿੱਖੀ ਆਦਰਸ਼ ਦੇ ਕੁਝ ਜ਼ਰੂਰੀ ਨੁਕਤੇ		੧੦੧
ਖ਼ਬਰਨਾਮਾ		੧੦੨

ਗੁਰਬਾਣੀ ਵਿਚਾਰ

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥
ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥
ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਇਸ ਪਦੇ ਰਾਹੀਂ ਫੱਗਣ ਮਹੀਨੇ ਦੀ ਰੁੱਤ ਅਤੇ ਮਾਹੌਲ ਦੇ ਪ੍ਰਥਾਏ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਾਮ-ਰੰਗ 'ਚ ਰੰਗੇ ਜਾਣ ਦਾ ਅਧਿਆਤਮਿਕ ਮਾਰਗ ਦਰਸਾਉਂਦੇ ਹਨ।

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਫੱਗਣ ਮਹੀਨੇ ਵਿਚ ਜਿਹੜੀ ਜੀਵ-ਇਸਤਰੀ ਦੇ ਸਾਹਮਣੇ ਪਰਮਾਤਮਾ ਰੂਪੀ ਪ੍ਰੀਤਮ ਪਿਆਰਾ ਪ੍ਰਤੱਖ ਹੋ ਜਾਂਦਾ ਹੈ, ਉਸ ਨੂੰ ਅਨੰਦ ਹੀ ਅਨੰਦ ਅਨੁਭਵ ਹੁੰਦਾ ਹੈ। ਸੰਤ ਭਾਵ ਪਰਮਾਤਮਾ ਨਾਲ ਇੱਕਮਿੱਕ ਹੋ ਚੁੱਕੇ ਗੁਰਮੁਖ-ਜਨ ਅਰਥਾਤ ਸਤਿਗੁਰੂ ਪਰਮਾਤਮਾ ਦਾ ਮਿਲਾਪ ਕਰਾਉਣ 'ਚ ਮਿਹਰ ਦ੍ਰਿਸ਼ਟੀ ਕਰ ਕੇ ਸਹਾਇਕ ਸਿੱਧ ਹੁੰਦੇ ਹਨ। ਪ੍ਰੀਤਮ ਪਿਆਰਾ ਮਿਲ ਜਾਣ ਕਰਕੇ ਜੀਵ-ਇਸਤਰੀ ਦਾ ਦਿਲ ਸੁੰਦਰ ਸੇਜਾ ਬਣ ਜਾਂਦਾ

ਹੈ। ਉਸ ਦੇ ਹਿਰਦੇ 'ਚ ਸਾਰੇ ਸੁੱਖ ਹਾਸਲ ਹੁੰਦੇ ਹਨ। ਹੁਣ ਦੁੱਖਾਂ ਦੀ ਕੋਈ ਥਾਂ ਹੀ ਨਹੀਂ ਰਹਿ ਜਾਂਦੀ। ਖੁਸ਼ਕਿਸਮਤ ਜੀਵ-ਇਸਤਰੀ ਦੀ ਖਾਹਿਸ਼ ਪੂਰੀ ਹੋ ਜਾਂਦੀ ਹੈ; ਉਸ ਨੂੰ ਪਰਮਾਤਮਾ ਰੂਪੀ ਰਾਜਾ ਪਤੀ ਜੁ ਮਿਲ ਗਿਆ। ਉਹ ਸਤਿਸੰਗੀ ਸਹੇਲੀਆਂ ਨਾਲ ਖੁਸ਼ੀ ਦੇ ਗੀਤ ਗਾਉਂਦੀ ਹੈ। ਉਹ ਪਰਮਾਤਮਾ ਦੀ ਸੱਚੀ ਉਸਤਤੀ ਦਾ ਅਲਾਪ ਕਰਦੀ ਹੈ। ਉਸ ਨੂੰ ਪਰਮਾਤਮਾ ਵਰਗਾ ਹੋਰ ਕੋਈ ਦਿੱਸਦਾ ਹੀ ਨਹੀਂ। ਕੋਈ ਦੂਸਰਾ ਪਰਮਾਤਮਾ ਤੁਲ ਨਜ਼ਰ ਨਹੀਂ ਆਉਂਦਾ। ਵੱਡੇ ਭਾਗਾਂਵਾਲੀ ਜੀਵ-ਇਸਤਰੀ ਦਾ ਇਹ ਲੋਕ ਅਤੇ ਪਰਲੋਕ ਉਸ ਪਿਆਰੇ ਪ੍ਰਭੂ ਨੇ ਸੁਆਰ ਦਿੱਤਾ ਹੈ। ਉਸ ਨੂੰ ਸਦੀਵੀ ਥਾਂ-ਟਿਕਾਣਾ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਐਸੀ ਜੀਵ-ਇਸਤਰੀ ਦਾ ਸੰਸਾਰ ਤੋਂ ਪਾਰ-ਉਤਾਰਾ ਕਰ ਦਿੱਤਾ ਭਾਵ ਉਸ ਦੇ ਸਭ ਸੰਸਾਰਕ ਸੰਸੇ ਅਤੇ ਦੁੱਖੜੇ ਖ਼ਤਮ ਹੋ ਗਏ। ਉਹ ਵਾਰ-ਵਾਰ ਜਨਮ ਨਹੀਂ ਲੈਂਦੀ।

ਗੁਰੂ ਜੀ ਕਥਨ ਕਰਦੇ ਹਨ ਕਿ ਭਾਵੇਂ ਮਨੁੱਖ ਦੀ ਇਕ ਹੀ ਜੀਭ ਹੈ ਅਤੇ ਉਸ ਪਰਮਾਤਮਾ ਦੇ ਗੁਣ ਅਨੇਕਾਂ ਹਨ ਪਰੰਤੂ ਇਸ ਨਾਲ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਨਾ ਹੈ। ਹੇ ਨਾਨਕ! ਮਨੁੱਖ ਨੂੰ ਅਧਿਆਤਮਿਕ ਓਟ ਤੱਕਦਿਆਂ ਪਰਮਾਤਮਾ ਦੀ ਚਰਨ-ਸ਼ਰਨ 'ਚ ਆ ਕੇ ਪਾਰ ਉਤਾਰਾ ਮਿਲਦਾ ਹੈ। ਫੱਗਣ ਦੀ ਠੰਡ ਮੁੱਕ ਜਾਣ ਵਾਲੇ ਮਹੀਨੇ ਵਿਚ ਵੱਡੇ ਭਾਗਾਂ ਵਾਲੀ ਜੀਵ-ਇਸਤਰੀ (ਬਾਹਰੀ ਸੰਸਾਰਕ ਰੰਗਾਂ ਨਾਲ ਹੋਲੀ ਖੇਡਣ ਦੀ ਥਾਂ) ਸਦਾ ਪ੍ਰਭੂ ਦੀ ਸਿਫਤ-ਸਾਲਾਹ ਦਾ ਰਸਤਾ ਗੁਰੂ-ਗਿਆਨ ਦੀ ਸੇਧ ਵਿਚ ਅਪਣਾਉਂਦੀ ਹੈ, ਜਿਸ ਪ੍ਰਭੂ ਨੂੰ ਰੰਚਕ-ਮਾਤਰ ਵੀ ਕੋਈ ਲਾਲਚ ਨਹੀਂ। ਅਰਥਾਤ ਸੰਸਾਰ ਸਾਗਰ ਤੋਂ ਪਾਰ-ਉਤਾਰਾ ਸੱਚਾ ਗੁਰੂ ਹੀ ਕਰਵਾ ਸਕਦਾ ਹੈ ਤੇ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਬਾਰਹ ਮਾਹਾ ਦੇ ਅੰਤਮ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵੀ ਕਿਸੇ ਇਨਸਾਨ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਕੀਤਾ ਉਸੇ ਦੇ ਹੀ ਕੰਮ ਪੂਰੇ ਹੋਏ। ਜਿਸ ਕਿਸੇ ਨੇ ਪੂਰਨ ਗੁਰੂ ਨੂੰ ਚਿਤਵਿਆ ਹੈ, ਉਹ ਪ੍ਰਭੂ-ਦਰਬਾਰ 'ਚ ਸਹੀ-ਸੱਚਾ ਸਿੱਧ ਹੁੰਦਾ ਹੈ। ਪਰਮਾਤਮਾ ਦੇ ਚਰਨ-ਕਮਲਾਂ ਰੂਪੀ ਸਾਰੇ ਸੁਖਾਂ ਦਾ ਖ਼ਜ਼ਾਨਾ ਉਸ ਦੇ ਪਾਸ ਹੁੰਦਾ ਹੈ ਜਿਸ ਕਰਕੇ ਉਹ ਡਰ ਦਾ ਸਮੁੰਦਰ ਤਰ ਜਾਂਦਾ ਹੈ, ਜੋ ਤਰਨਾ ਬੜਾ ਕਠਿਨ ਹੈ। ਅਜਿਹੇ ਮਨੁੱਖਾਂ ਨੇ ਪਿਆਰ-ਭਗਤੀ ਪਾ ਲਈ ਹੁੰਦੀ ਹੈ। ਉਹ ਸੰਸਾਰਕ ਵਿਕਾਰਾਂ ਦੀ ਜ਼ਹਿਰ ਖਾਣਾ ਨਹੀਂ ਸਵੀਕਾਰਦੇ।

ਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ ਮਨੁੱਖਾਂ ਤੋਂ ਝੂਠ ਦੂਰ ਦੌੜ ਜਾਂਦਾ ਹੈ। ਉਹ ਮੁਕੰਮਲ ਤੌਰ 'ਤੇ ਸੱਚ 'ਚ ਭਰਪੂਰ ਹੁੰਦੇ ਹਨ। ਉਹ ਕੇਵਲ ਇਕ ਪਰਮਾਤਮਾ ਨੂੰ ਹੀ ਮਨ-ਚਿੱਤ 'ਚ ਰੱਖ ਕੇ ਸਿਮਰਦੇ ਹਨ। ਜਿਸ ਮਨੁੱਖ ਉੱਪਰ ਉਸ ਸੱਚੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਲਈ ਉਸ ਦੇ ਜੀਵਨ-ਕਾਲ ਦੇ ਸਾਰੇ ਮਹੀਨੇ, ਸਾਰੇ ਦਿਨ, ਮਹੂਰਤ ਸ਼ੁਭ ਜਾਂ ਚੰਗੇ ਹਨ। ਹੇ ਨਾਨਕ! ਮੈਂ ਵੀ ਉਸ ਪਰਮਾਤਮਾ ਦਾ ਦਰਸ਼ਨ ਰੂਪੀ ਦਾਨ ਮੰਗਦਾ ਹਾਂ। ਹੇ ਪਰਮਾਤਮਾ! ਆਪ ਜੀ ਮੇਰੇ ਉੱਪਰ ਵੀ ਕਿਰਪਾ ਕਰੋ, ਮੈਨੂੰ ਆਪਣੇ ਦਰਸ਼ਨ ਬਖ਼ਸ਼ ਕੇ ਨਿਵਾਜੋ!

ਸੰਪਾਦਕੀ...

ਘੱਲੂਘਾਰੇ ਤੇ ਮੋਰਚੇ : ਸਾਡਾ ਮਾਣਮੱਤਾ ਇਤਿਹਾਸ

ਸਿੱਖ ਕੌਮ ਅਨੇਕਾਂ ਸੰਘਰਸ਼ਾਂ, ਘੱਲੂਘਾਰਿਆਂ ਤੇ ਮੋਰਚਿਆਂ ਦੇ ਮਾਣਮੱਤੇ ਇਤਿਹਾਸ ਦੇ ਦੌਰ ਵਿੱਚੋਂ ਲੰਘ ਕੇ ਮੌਜੂਦਾ ਸਮੇਂ ਵੀ ਹੱਕ, ਸੱਚ ਤੇ ਨਿਆਂ ਦੀ ਗੱਲ ਕਰਦੀ ਹੋਈ, ਸਰੱਬਤ ਦੇ ਭਲੇ ਦੀ ਹੀ ਅਰਦਾਸ ਕਰਦੀ ਹੈ ਅਤੇ ਕਰਦੀ ਰਹੇਗੀ। ਸਿੱਖ ਇਤਿਹਾਸ ਦੇ ਪੰਨਿਆਂ ਨੂੰ ਫਰੋਲਦਿਆਂ ਜਦ ਅਸੀਂ ਹਰ ਸਾਲ ਫਰਵਰੀ ਮਹੀਨੇ ਵਿਚ ਅਪੜਦੇ ਹਾਂ ਤਾਂ ਇਹ ਮਹੀਨਾ ਹਰ ਵਰ੍ਹੇ ਆ ਕੇ ਪੰਥਕ ਪੱਧਰ 'ਤੇ ਹੱਕ-ਸੱਚ ਦੀ ਮੁੜ-ਸਥਾਪਤੀ ਵਾਸਤੇ ਲੜੇ ਗਏ ਬਹੁਤ ਹੀ ਸਖ਼ਤ ਸੰਘਰਸ਼ ਦੀ ਦਾਸਤਾਨ ਯਾਦ ਕਰਾਉਂਦਾ ਹੈ। ਇਸ ਸੰਘਰਸ਼ ਵਿੱਚੋਂ ਕੌਮ ਕਿਵੇਂ ਲੰਘੀ ਹੈ? ਇਸ ਬਾਬਤ ਸਿੱਖ ਇਤਿਹਾਸ ਦੀਆਂ ਕਿਤਾਬਾਂ ਗਵਾਹੀ ਭਰਦੀਆਂ ਹਨ। ਕੋਈ ਇੱਕਾ-ਦੁੱਕਾ ਘਟਨਾਵਾਂ ਨਹੀਂ ਬਲਕਿ ਫਰਵਰੀ ਮਹੀਨਾ ਅਨੇਕਾਂ ਹੀ ਅਜਿਹੀਆਂ ਲਹੂ ਭਿੱਜੀਆਂ ਇਤਿਹਾਸਿਕ ਤੇ ਹੱਡੀਂ ਹੰਢਾਏ ਖ਼ੂਨੀ ਸੰਘਰਸ਼ਾਂ ਦੀ ਬਾਤ ਪਾਉਂਦਾ ਹੈ। ਇਸੇ ਮਹੀਨੇ ਸਿੱਖ ਪੰਥ 'ਤੇ ਅਫ਼ਗਾਨ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਨੇ ਸੰਨ ੧੭੬੨ ਈ. ਵਿਚ ਬਹੁਤ ਵੱਡੀ ਗਿਣਤੀ ਵਿਚ ਆਪਣੀਆਂ ਫੌਜਾਂ ਦੁਆਰਾ ਹਮਲਾ ਕਰ ਕੇ ਸਿੱਖ ਪੰਥ ਦੇ ਵਜੂਦ ਨੂੰ ਮਿਟਾਉਣ ਦੇ ਮੰਦੇ ਇਰਾਦੇ ਨੂੰ ਅਮਲ 'ਚ ਲਿਆਉਣ ਦਾ ਯਤਨ ਕੀਤਾ। ਮਲੇਰਕੋਟਲੇ ਦੇ ਲਾਗੇ ਕੁੱਪ-ਰੋਹੀੜੇ ਦੀ ਧਰਤੀ 'ਤੇ ਉਸ ਨੇ ਇਕ ਵੱਡੇ ਸਿੱਖ-ਸਮੂਹ ਨੂੰ ਘੇਰ ਕੇ ਸਿੱਖ ਪੰਥ ਦੀ ਨਸਲਕੁਸ਼ੀ ਕਰਨ ਦੀ ਮਨਸ਼ਾ ਨਾਲ ਹਮਲਾ ਕੀਤਾ। ਇਹ ਸਿੱਖ ਸਮੂਹ; ਸਿੱਖ ਪਰਵਾਰਾਂ ਦਾ ਸਮੂਹ ਸੀ, ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸਿੱਖ ਇਸਤਰੀਆਂ, ਬੱਚੇ ਅਤੇ ਬਜ਼ੁਰਗ ਸ਼ਾਮਲ ਸਨ। ਸਿੰਘਾਂ ਦੀ ਗਿਣਤੀ ਅਬਦਾਲੀ ਦੀਆਂ ਫੌਜਾਂ ਦੀ ਗਿਣਤੀ ਦੇ ਸਾਹਮਣੇ ਬਹੁਤ ਘੱਟ ਸੀ। ਅਬਦਾਲੀ ਅਣਕਿਆਸੀ ਤੇਜ਼ ਚਾਲ ਨਾਲ ਸਿੱਖ ਸਮੂਹ 'ਤੇ ਆ ਹਮਲਾਵਰ ਹੋਇਆ ਸੀ। ਪਰੰਤੂ ਗੁਰੂ-ਵਰੋਸਾਏ ਸੂਰਬੀਰ ਯੋਧੇ-ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਸਰਦਾਰ ਚੜ੍ਹਤ ਸਿੰਘ ਜਿਹੇ ਸਿੱਖ-ਸਰਦਾਰਾਂ ਦੀ ਅਗਵਾਈ ਵਿਚ ਅਨੇਕਾਂ ਸਿੱਖ ਯੋਧਿਆਂ ਨੇ ਅਬਦਾਲੀ ਦੇ ਹਮਲੇ ਨੂੰ ਠੱਲ੍ਹਣ ਵਾਸਤੇ ਬਹੁਤ ਜ਼ੋਰਦਾਰ ਤੇ ਬੇਮਿਸਾਲ ਜੱਦੋਜਹਿਦ ਕੀਤੀ। ਸਿੱਖ ਇਤਿਹਾਸ ਦੇ ਰਚੇਤਿਆਂ ਨੇ ਲਿਖਿਆ ਹੈ ਕਿ ਸਿੱਖ ਪਰਵਾਰਾਂ ਨੂੰ ਸਿੰਘਾਂ ਨੇ ਬਚਾਉਣ ਦੀ ਇਸ ਤਰ੍ਹਾਂ ਕੋਸ਼ਿਸ਼ ਕੀਤੀ ਜਿਵੇਂ ਕੁਕੜੀ ਆਪਣੇ ਚੂਚਿਆਂ ਨੂੰ ਬਚਾਉਂਦੀ ਹੈ। ਪਰ ਫਿਰ ਵੀ ਸਿੱਖ ਪੰਥ ਦਾ ਅਥਾਹ ਕੌਮੀ ਨੁਕਸਾਨ ਇਸ ਘੱਲੂਘਾਰੇ ਵਿਚ ਹੋਇਆ। ਇਸ ਦੌਰਾਨ ਹੋਇਆ ਜਾਨੀ ਨੁਕਸਾਨ ਕੋਈ ਥੋੜ੍ਹਾ ਨਹੀਂ ਸੀ। ਲਗਪਗ ਤੀਹ ਹਜ਼ਾਰ ਦੀ ਗਿਣਤੀ ਵਿਚ

ਜਾਨੀ ਨੁਕਸਾਨ ਨੂੰ ਸਹਿ ਕੇ ਆਪਣਾ ਵਜੂਦ ਬਚਾਈ ਰੱਖਣਾ ਅਤੇ ਆਪਣਾ ਮਾਨਸਿਕ ਤੇ ਆਤਮਿਕ ਸਮਤੋਲ ਕਾਇਮ ਰੱਖਣਾ ਸੰਸਾਰ ਭਰ ਵਿਚ ਸਿਰਫ ਤੇ ਸਿਰਫ ਗੁਰੂ ਨਾਨਕ ਨਾਮ-ਲੇਵਾ ਸਿੱਖ-ਪੰਥ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ-ਨਿਵਾਜੇ ਖਾਲਸਾ ਪੰਥ ਦੇ ਹਿੱਸੇ ਹੀ ਆਇਆ ਹੈ। ਇਹ ਚੇਤੇ ਰਹੇ ਕਿ ਇਸ ਘੱਲੂਘਾਰੇ ਦੇ ਕੁਝ ਮਹੀਨੇ ਮਗਰੋਂ ਹੀ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਵਿਖੇ ਅਬਦਾਲੀ ਦੀਆਂ ਫੌਜਾਂ 'ਤੇ ਹਮਲਾ ਕਰ ਕੇ ਉਸ ਨੂੰ ਇਹ ਅਹਿਸਾਸ ਕਰਾਇਆ ਕਿ ਸਿੱਖ ਪੰਥ 'ਚ ਅਜੇ ਵੀ ਉਸ ਨੂੰ ਖਿਝਾਉਣ ਤੇ ਦੌੜਾਉਣ ਦਾ ਦਮ ਤੇ ਜੇਰਾ ਹੈ। ਇਸ ਮਗਰੋਂ ਅਬਦਾਲੀ ਸਿੱਖ ਪੰਥ ਵੱਲ ਬੁਰੀ ਨੀਅਤ ਨਾਲ ਤੱਕਣ ਦਾ ਜੇਰਾ ਨਹੀਂ ਸੀ ਕਰ ਸਕਿਆ ਤੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਅਪਮਾਨ ਬਦਲੇ ਆਪਣੀ ਕੀਤੀ ਦਾ ਫ਼ਲ ਭੋਗਦਾ ਹੋਇਆ ਇਸ ਫਾਨੀ ਦੁਨੀਆ ਤੋਂ ਕੂਚ ਕਰ ਗਿਆ ਸੀ। ਖਾਲਸੇ ਨੇ ਵਿਭਿੰਨ ਸਿੱਖ ਮਿਸਲਾਂ ਅਧੀਨ ਪੰਜਾਬ 'ਤੇ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਤੇ ਪੰਜਾਬ ਤੋਂ ਬਾਹਰ ਦੂਰ-ਦੂਰ ਤਕ ਖਾਲਸੇ ਦੀ ਫਤਿਹ ਦੇ ਝੰਡੇ ਝੁਲਾ ਦਿੱਤੇ ਸਨ ਅਤੇ ਨਵੇਂ ਮੀਲ ਪੱਥਰ ਸਥਾਪਿਤ ਕੀਤੇ। ਪਰੰਤੂ ਸੰਘਰਸ਼ ਭਰੀ ਦਾਸਤਾਨ ਹਾਲੇ ਖਤਮ ਕਿੱਥੇ ਹੋਈ! ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਸਿੱਖ ਕੌਮ ਨੂੰ ਹੋਰ ਅਨੇਕ ਚੁਣੌਤੀਆਂ ਨੇ ਆਣ ਘੇਰਿਆ।

੨੦ਵੀਂ ਸਦੀ ਵਿਚ ਅੰਗਰੇਜ਼ ਸ਼ਾਸਕਾਂ-ਪ੍ਰਸ਼ਾਸਕਾਂ ਦੇ ਜ਼ੁਲਮ-ਜਬਰ ਖ਼ਿਲਾਫ ਗੁਰੂ ਨਾਨਕ ਨਾਮ-ਲੇਵਾ ਸਿੱਖ ਪੰਥ ਨੂੰ ਕਈ ਮੋਰਚੇ ਲਾਉਣੇ ਪਏ। ਇਨ੍ਹਾਂ ਵਿੱਚੋਂ 'ਸਾਕਾ ਨਨਕਾਣਾ ਸਾਹਿਬ' ਅਤੇ 'ਜੈਤੋ ਦਾ ਮੋਰਚਾ' ਅਭੁੱਲ ਸਿੱਖ ਇਤਿਹਾਸ ਦੀ ਸਿਰਜਣਾ ਕਰਦੇ ਸਾਡੇ ਸਾਹਮਣੇ ਆ ਖੜੋਂਦੇ ਹਨ। ਵਿਦੇਸ਼ੀ ਸ਼ਾਸਕ ਸਿੱਖ ਪੰਥ ਦੇ ਜਾਨਾਂ ਤੋਂ ਪਿਆਰੇ ਗੁਰਦੁਆਰਾ ਸਾਹਿਬਾਨ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਕੋਝੇ ਯਤਨ ਕਰ ਰਹੇ ਸਨ। ਸਮੇਂ ਦੇ ਬੀਤਣ ਨਾਲ ਗੁਰਦੁਆਰਾ ਸਾਹਿਬਾਨ ਦੇ ਮਹੰਤ ਕੁਕਰਮੀ ਅਤੇ ਐਸ਼ਪ੍ਰਸਤ ਹੋ ਕੇ ਸੰਗਤ ਦੇ ਧਾਰਮਿਕ ਅਤੇ ਸਿੱਖੀ ਜਜ਼ਬਾਤਾਂ ਨੂੰ ਜ਼ੋਰਦਾਰ ਠੇਸ ਲਾ ਰਹੇ ਸਨ। ਉਹ ਪਵਿੱਤਰ ਗੁਰਦੁਆਰਾ ਸਾਹਿਬਾਨ ਵਿਚ ਗੈਰ-ਆਚਰਣਕ ਕਰਤੂਤਾਂ ਕਰ ਰਹੇ ਸਨ। ਨਨਕਾਣਾ ਸਾਹਿਬ ਦਾ ਮਹੰਤ ਨਰੈਣੂ ਬਹੁਤ ਹੀ ਵਿਗੜ ਚੁੱਕਿਆ ਸੀ। ਜਦੋਂ ਸਿੱਖ ਸੰਗਤ ਨੇ ਉਸ ਦੇ ਨਾਪਾਕ ਹੱਥਾਂ 'ਚੋਂ ਪ੍ਰਬੰਧ ਖੋਹ ਕੇ ਸਿੱਖ-ਪੰਥ ਦੇ ਹੱਥ ਵਿਚ ਦੇਣ ਦਾ ਸੰਘਰਸ਼ ਅਰੰਭਿਆ ਤਾਂ ਤਤਕਾਲੀ ਹਾਕਮਾਂ ਦੀ ਸ਼ਹਿ ਨਾਲ ਉਸ ਨੇ ਗੁਰਦੁਆਰਾ ਸਾਹਿਬ ਦੀ ਹਦੂਦ ਵਿਚ ਗੁੰਡੇ-ਬਦਮਾਸ਼ ਰੱਖ ਲਏ। ਇਉਂ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਲੈਣ ਲਈ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਗਏ ਜਥੇ ਨੂੰ ਬੰਦੂਕਾਂ, ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। ਇਸ ਸਾਕੇ ਵਿਚ ਸੈਂਕੜੇ ਸਿੱਖ ਸ਼ਹੀਦ ਹੋਏ ਪਰ ਗੁਰਬਾਣੀ ਦੇ ਮਹਾਵਾਕ- ***ਕੂੜ ਨਿਖੁਟੇ***

ਨਾਨਕਾ ਓੜਕਿ ਸਚਿ ਰਹੀ *ਅਨੁਸਾਰ, ਤਤਕਾਲੀ ਨਿਜ਼ਾਮ ਨੂੰ ਸਿੱਖੀ ਸਿਦਕ ਅੱਗੇ ਝੁਕਣਾ ਪਿਆ ਤੇ ਇਉਂ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖ-ਪੰਥ ਦੇ ਆਪਣੇ ਹੱਥਾਂ ਵਿਚ ਆ ਸਕਿਆ।*

ਸਿੱਖ ਕੌਮ ਇੱਕ-ਦੋ ਅਸਥਾਨਾਂ ਦੀ ਮਰਯਾਦਾ ਨੂੰ ਬਹਾਲ ਕਰ ਕੇ ਕਦੇ ਵੀ ਸੁਰਖਰੂ ਨਹੀਂ ਹੋਈ ਬਲਕਿ ਇਹ ਆਪਣੇ ਸਮੁੱਚੇ ਗੁਰ-ਅਸਥਾਨਾਂ ਅਤੇ ਪੰਥਕ ਰਵਾਇਤਾਂ ਦੀ ਮਰਯਾਦਾ ਦੀ ਬਹਾਲੀ ਵਿਚ ਸਦਾ ਤਤਪਰ ਰਹੀ ਹੈ। ਅਜਿਹਾ ਹੀ ਸੰਘਰਸ਼ ਕੌਮ ਨੂੰ ਉਦੋਂ ਵੀ ਕਰਨਾ ਪਿਆ ਜਦੋਂ ਫਰੀਦਕੋਟ ਦੇ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ, ਜੈਤੋ ਦਾ ਮੋਰਚਾ ਤਤਕਾਲੀ ਅੰਗਰੇਜ਼ ਸਰਕਾਰ ਦੀ ਗੁਰਦੁਆਰਾ ਸਾਹਿਬ ਵਿਖੇ ਨਜਾਇਜ਼ ਦਖ਼ਲਅੰਦਾਜ਼ੀ ਦੇ ਪ੍ਰਤੀਕਰਮ ਵਜੋਂ ਭਖਿਆ। ਗੁਰੂ ਨਾਨਕ ਨਾਮ-ਲੇਵਾ ਸਿੱਖ, ਸਿੱਖ ਪੰਥ ਦੇ ਨਾਲ ਚੱਟਾਨ ਵਾਂਗ ਖੜ੍ਹੇ ਰਹਿਣ ਵਾਲੇ ਪੰਥਕ ਭਾਵਨਾ ਦੇ ਧਾਰਨੀ ਨਾਭੇ ਦੇ ਸਿੱਖ ਰਾਜਾ, ਸ. ਰਿਪੁਦਮਨ ਸਿੰਘ ਨਾਲ ਹੋ ਰਹੇ ਰਾਜਨੀਤਕ ਪੱਧਰ 'ਤੇ ਅਨਿਆਂ ਦੇ ਖ਼ਿਲਾਫ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕਰ ਰਹੇ ਸਨ। ਇਸ ਸਮੇਂ ਸਿੱਖ ਸੰਗਤਾਂ ਨੇ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸ਼ਾਂਤਮਈ ਸੰਘਰਸ਼ ਕੀਤਾ। ਇਹ ਸੰਘਰਸ਼ ਬਹੁਤ ਲੰਮਾ ਹੋ ਗਿਆ। ਤਤਕਾਲੀ ਸਰਕਾਰ ਨੇ ਹਰੇਕ ਪੈਂਤੜਾ ਇਸ ਸੰਘਰਸ਼ ਨੂੰ ਨਾਕਾਮ ਕਰਨ ਵਾਸਤੇ ਵਰਤਿਆ ਪਰ ਓੜਕ ਸਿੱਖੀ ਸਿਦਕ ਅੱਗੇ ਸਰਕਾਰ ਨੂੰ ਝੁਕਣਾ ਹੀ ਪਿਆ। ਇਹ ਚੇਤੇ ਰਹੇ ਕਿ ਇਸ ਇਤਿਹਾਸਿਕ ਸਿੱਖ ਸੰਘਰਸ਼ ਵਿਚ ਸਿੱਖਾਂ ਦਾ ਜ਼ੋਰਦਾਰ ਸਮਰਥਨ ਗੈਰ-ਸਿੱਖ ਰਾਜਨੀਤਕ ਆਗੂਆਂ ਨੇ ਵੀ ਕੀਤਾ। ੨੧ ਫਰਵਰੀ, ੧੯੨੪ ਈ. ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੈਤੋ ਵਿਖੇ ਪਹੁੰਚੇ ੫੦੦ ਸਿੰਘਾਂ ਦੇ ਸ਼ਹੀਦੀ ਜਥੇ ਨੂੰ ਪੁਲਿਸ ਨੇ ਗੋਲ਼ੀਆਂ ਚਲਾ ਕੇ ਵੱਡਾ ਗੋਲ਼ੀ-ਕਾਂਡ ਵਰਤਾਇਆ। ੧੦੦ ਦੇ ਕਰੀਬ ਸਿੰਘ ਸ਼ਹੀਦ ਹੋਏ ਅਤੇ ੨੦੦ ਦੇ ਕਰੀਬ ਸਿੰਘ ਫੱਟੜ ਹੋਏ। ਇਸ ਮਗਰੋਂ ਵੀ ਲਗਪਗ ਡੇਢ ਸਾਲ ਤਕ ਸਿੱਖ ਪੰਥ ਨੂੰ ਘੋਰ ਸੰਘਰਸ਼ 'ਚੋਂ ਗੁਜ਼ਰਨਾ ਪਿਆ ਪਰੰਤੂ ਓੜਕ ਸਰਕਾਰ ਨੂੰ ੨੨ ਜੁਲਾਈ, ੧੯੨੫ ਈ. ਨੂੰ ਗੋਡੇ ਟੇਕਣੇ ਪਏ। ਗੁਰਦੁਆਰਾ ਗੰਗਸਰ ਵਿਖੇ ਸਰਕਾਰ ਦੁਆਰਾ ਸ੍ਰੀ ਅਖੰਡ ਪਾਠ ਸਾਹਿਬ 'ਤੇ ਲਾਈ ਗਈ ਪਾਬੰਦੀ ਹਟਾਉਣ ਦੇ ਐਲਾਨ ਨਾਲ ੭ ਅਗਸਤ, ੧੯੨੫ ਈ. ਨੂੰ ੧੦੧ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕਰਦੇ ਹੋਇਆਂ ਜੈਤੋ ਦੇ ਮੋਰਚੇ ਨੂੰ ਫਤਿਹ ਕੀਤਾ ਗਿਆ। ਘੱਲੂਘਾਰਿਆਂ ਅਤੇ ਮੋਰਚਿਆਂ ਨਾਲ ਭਰਪੂਰ ਸਾਡਾ ਮਾਣਮੱਤਾ ਸਿੱਖ ਇਤਿਹਾਸ ਸਾਨੂੰ ਵਰਤਮਾਨ ਵਿਚ ਵੀ ਮੌਜੂਦਾ ਕਈ ਸੰਕਟਾਂ ਵਿਚ ਹਰ ਪ੍ਰਕਾਰ ਦੇ ਸਮਕਾਲੀ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਅੜਨ, ਲੜਨ ਤੇ ਹੱਕ-ਸੱਚ ਦੀ ਮੁੜ-ਸਥਾਪਤੀ ਕਰਨ ਹਿਤ ਤਨਦੇਹੀ ਨਾਲ ਯਤਨਸ਼ੀਲ ਹੋਣ ਵਾਸਤੇ ਪ੍ਰੇਰਨਾ ਬਖਸ਼ਦਾ ਆ ਰਿਹਾ ਹੈ ਜਿਸ ਤੋਂ ਸੇਧ ਲੈ ਕੇ ਸਿੱਖ ਕੌਮ ਸਦਾ ਚੜ੍ਹਦੀ ਕਲਾ ਵਿਚ ਰਹੀ ਹੈ ਅਤੇ ਰਹੇਗੀ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਕੋਠਾ ਸਾਹਿਬ, ਵੱਲ੍ਹਾ (ਪਾ.ਨੌਵੀਂ)

*-ਬੀਬੀ ਕਿਰਨਦੀਪ ਕੌਰ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਗੁਰੂ ਵਜੋਂ ਪ੍ਰਗਟ ਹੋਏ ਤਾਂ ਪਿੰਡ ਬਕਾਲੇ ਦਾ ਨਾਂ 'ਬਾਬਾ ਬਕਾਲਾ' ਪੈ ਗਿਆ। ਸਿੱਖ ਸ਼ਰਧਾਲੂ ਮੁੜ ਵਹੀਰਾਂ ਬੰਨ੍ਹ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਲੱਗੇ। ਮਹਾਂਕਵੀ ਭਾਈ ਸੰਤੋਖ ਸਿੰਘ ਅਨੁਸਾਰ ਇਕ ਦਿਨ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਗੁਰੂ ਸਾਹਿਬ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ-ਇਸ਼ਨਾਨ ਕਰਨ ਦੀ ਇੱਛਾ ਜ਼ਾਹਿਰ ਕੀਤੀ। ਗੁਰੂ ਜੀ ਨੇ ਬਚਨ ਕੀਤਾ ਕਿ ਵੈਸਾਖੀ ਦਾ ਦਿਹਾੜਾ ਨੇੜੇ ਆ ਰਿਹਾ ਹੈ, ਅਸੀਂ ਵੀ ਪਵਿੱਤਰ ਗੁਰਧਾਮ ਦੇ ਦਰਸ਼ਨ ਇਸ਼ਨਾਨ ਲਈ ਜਾਵਾਂਗੇ:

ਸ਼੍ਰੀ ਗੁਰੁ ਕਹਯੋ 'ਦੂਰ ਕੁਛ ਨਾਂਹੀ। ਜਿਸ ਦਰਸ਼ਨ ਤੇ ਸਭਿ ਸੁਖ ਪਾਹੀਂ।
ਹਮ ਭੀ ਗਮਨਹਿਂ ਚਲਿ ਦਰਸੈ ਹੈਂ। ਕਰਹਿਂ ਸ਼ਨਾਨ ਥਾਨ ਸਿਰ ਨਯੈ ਹੈਂ।[1]

ਉਸ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਪ੍ਰਬੰਧ ਪ੍ਰਿਥੀ ਚੰਦ ਦੇ ਪੋਤਰੇ ਅਤੇ ਮਿਹਰਵਾਨ ਦੇ ਪੁੱਤਰ ਹਰਿ ਜੀ ਦੇ ਹੱਥਾਂ ਵਿਚ ਸੀ। ਗੁਰੂ ਸਾਹਿਬ ਜੀ ੧੬੬੪ ਈ. ਵਿਚ ਗੁਰਿਆਈ 'ਤੇ ਬਿਰਾਜਮਾਨ ਹੋਣ ਮਗਰੋਂ ਜਦੋਂ ਪਰਵਾਰ ਸਮੇਤ ਬਾਬਾ ਬਕਾਲਾ ਤੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ-ਇਸ਼ਨਾਨ ਕਰਨ ਲਈ ਪਹੁੰਚੇ ਤਾਂ ਗੁਰੂ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਆਉਣਾ ਮੀਣਿਆਂ, ਮਸੰਦਾਂ ਨੂੰ ਚੰਗਾ ਨਾ ਲਗਿਆ ਕਿਉਂਕਿ ਉਨ੍ਹਾਂ ਨੂੰ ਇਹ ਡਰ ਸੀ ਕਿ ਕਿਤੇ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਉੱਪਰ ਕਬਜ਼ਾ ਹੀ ਨਾ ਕਰ ਲੈਣ। ਇਸ ਕਰਕੇ ਉਨਾਂ ਨੇ ਗੁਰੂ ਸਾਹਿਬ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਨਾ ਜਾਣ ਦਿੱਤਾ ਅਤੇ ਦਰਸ਼ਨੀ ਡਿਓੜ੍ਹੀ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ:

ਮਤ ਕਿਤ ਸ਼ੇਰਖੋਸ ਇਹ ਲੇਈ। ਕਰੀ ਕਰਤੂਤ ਪੁਜਾਰਿਓਂ ਵੇਈ।
ਤਾਲਾ ਲਾਇ ਦਰਸ਼ਨੀ ਦਰ ਕੋ। ਚਲੇ ਗਏ ਕਿਤ ਨਿਜ ਘਰਕੋ।[2]

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਗੁਰੂ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਆਉਣ ਸੰਬੰਧੀ ਲਿਖਦੇ ਹਨ ਕਿ ਪੁਜਾਰੀਆਂ 'ਤੇ ਮਹੰਤਾਂ ਨੇ ਇਹ ਖ਼ਬਰ ਸੁਣ ਕੇ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਡਿਓੜ੍ਹੀ ਦੇ

* *ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੫੯੨੦-੯੫੪੯੩*

ਦਰਵਾਜ਼ਿਆਂ ਨੂੰ ਜ਼ਿੰਦਰੇ ਲਗਾ ਦਿੱਤੇ ਅਤੇ ਉਹ ਆਪੋ-ਆਪਣੇ ਘਰਾਂ ਵਿਚ ਜਾ ਵੜੇ:

ਇਮ ਬਿਚਾਰਿ ਕਰਿ ਆਪਸ ਮਾਂਹਿ। ਦੁਰੇ ਮੰਦਮਤਿ ਸੰਸੈ ਪ੍ਰਾਹਿ।
ਸ਼੍ਰੀ ਹਰਿਮੰਦਰ ਚਾਰੋਂ ਦ੍ਵਾਰ। ਕਰੇ ਅਸੰਜਤਿ ਸਭਿਨਿ ਕਿਵਾਰ। [੩]

ਇਸ ਤਰ੍ਹਾਂ ਗੁਰੂ ਸਾਹਿਬ ਸੰਗਤ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸੱਜੇ ਪਾਸੇ ਇਕ ਥੜ੍ਹੇ ਉੱਪਰ ਬਿਰਾਜਮਾਨ ਹੋ ਗਏ ਜਿੱਥੇ ਅੱਜਕਲ੍ਹ ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ ਸੁਸ਼ੋਭਿਤ ਹੈ। ਭਾਈ ਮੱਖਣ ਸ਼ਾਹ ਅਤੇ ਸਿੱਖ ਸੰਗਤ ਨੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰ ਕੇ ਗੁਰੂ-ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ: ''ਅੰਮ੍ਰਿਤਸਰ ਤੀਰਥ ਦੇ ਕਿਨਾਰੇ ਸਾਰੇ ਦੂਰ-ਦੂਰ ਤਕ ਜੰਗਲ ਪਿਆ ਸੀ। ਗੁਰੂ ਜੀ ਇਸ਼ਨਾਨ ਕਰ ਕੇ ਅਕਾਲ ਬੁੰਗੇ ਦੇ ਪਾਸ (ਜਿੱਥੇ ਹੁਣ ਥੜ੍ਹਾ ਸਾਹਿਬ ਨੌਵੇਂ ਗੁਰੂ ਜੀ ਦਾ ਹੈ) ਬੇਰੀ ਦੇ ਬ੍ਰਿਛ ਹੇਠ ਪਿਛਲੇ ਪਹਿਰ ਤਕ ਬੈਠੇ ਭਜਨ ਕਰਦੇ ਹੋਏ ਪੁਜਾਰੀਆਂ ਨੂੰ ਉਡੀਕਦੇ ਰਹੇ। ਓੜਕ ਜਦ ਉਹ ਨਾ ਆਏ ਤਾਂ ਗੁਰੂ ਸਾਹਿਬ ਉੱਥੋਂ ਤਿੰਨ ਕੋਹ ਵੱਲ੍ਹੇ ਪਿੰਡ ਪੂਰਬ ਪਾਸੇ ਇਕ ਸਿੱਖ ਦੇ ਘਰ ਜਾ ਉਤਰੇ।''[੪] ਗੁਰੂ ਜੀ ਨੇ ਮਹੰਤਾਂ ਦੇ ਇਸ ਵਤੀਰੇ ਨੂੰ ਵੇਖ ਕੇ ਜੋ ਬਚਨ ਕੀਤੇ ਉਨ੍ਹਾਂ ਨੂੰ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਇੰਝ ਵਿਅਕਤ ਕਰਦੇ ਹਨ:

ਭਿੰਨ ਭਿੰਨ ਹੁਇ ਛਪੇ ਸਥਾਨ। ਨਹਿੰ ਆਏ ਕਰਿਬੇ ਸਨਮਾਨ।
ਧਨ ਕੇ ਲੋਭ ਲਗੇ ਮਤਿਮੰਦ। ਹਮ ਕੋ ਸੁਨਿ ਨਹਿੰ ਭਏ ਅਨੰਦ॥ [੫]

ਗੁਰੂ ਸਾਹਿਬ ਜੀ ਮਸੰਦਾਂ ਦੁਆਰਾ ਕੀਤੇ ਅਜਿਹੇ ਵਤੀਰੇ ਸੰਬੰਧੀ ਭਲੀਭਾਂਤ ਸਮਝਦੇ ਸਨ ਕਿ ਮੀਣਿਆਂ ਨੂੰ ਇਹ ਡਰ ਸੀ ਕਿ ਕਿਤੇ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਆਪਣੇ ਅਧੀਨ ਨਾ ਕਰ ਲੈਣ। ਇਸ ਲਈ ਉਹ ਗੁਰੂ ਸਾਹਿਬ ਜੀ ਦੇ ਸਾਹਮਣੇ ਨਹੀਂ ਆਏ ਸਨ। ਪਰੰਤੂ ਗੁਰੂ ਸਾਹਿਬ ਜੀ ਦੇ ਚਲੇ ਜਾਣ ਉਪਰੰਤ ਹੀ ਸਾਰੇ ਮੀਣੇ, ਮਸੰਦ ਆਪਣੇ ਘਰਾਂ ਵਿੱਚੋਂ ਬਾਹਰ ਆ ਗਏ। ਇਸ ਸਭ ਬਾਰੇ ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਮੀਣਿਆਂ, ਮਸੰਦਾਂ ਨੂੰ ਫਿਟਕਾਰ ਲਗਾਈ ਕਿ ਤੁਸੀਂ ਗੁਰੂ ਸਾਹਿਬ ਜੀ ਨਾਲ ਬਹੁਤ ਬੁਰਾ ਵਿਵਹਾਰ ਕੀਤਾ ਹੈ। ਕਿਰਪਾਲੂ ਗੁਰੂ ਜੀ ਤਾਂ ਸਭ ਦੇ ਦਿਲਾਂ ਦੀ ਜਾਣਨ ਵਾਲੇ ਹਨ। ਤੁਸੀਂ ਬੇਮੁਖ ਹੋ ਗਏ ਗੁਰੂ ਸਾਹਿਬ ਜੀ ਦੇ ਦਰਸ਼ਨ-ਦੀਦਾਰੇ ਵੀ ਨਹੀਂ ਕੀਤੇ:

ਸ਼੍ਰੀ ਗੁਰੁ ਕਾਰਨ ਕਰਨ ਕ੍ਰਿਪਾਲ। ਚਲ ਕਰਿ ਆਏ ਕਰਨਿ ਨਿਹਾਲ।
ਤੁਮ ਬੇਮੁਖ ਹੁਇ ਦੁਰੇ ਘਰਨਿ ਮੈਂ। ਨਹਿੰ ਦਰਸ਼ਨ ਕੀਨਸਿ ਤਿਸ ਛਿਨ ਮੈਂ॥ [੬]

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਸੰਦਾਂ ਦਾ ਅਜਿਹਾ ਵਿਵਹਾਰ ਦੇਖ ਕੇ ਬਚਨ ਕੀਤੇ:

ਇਮ ਬਿਚਾਰ ਜਗ ਗੁਰ ਸਭਿ ਸ੍ਵਾਮੀ। ਬਚਨ ਬਖਾਨਯੋ ਅੰਤਰਜਾਮੀ।
ਨਹਿੰ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸ਼ਨਾਗਨ ਤੇ ਅੰਤਰ ਸਰੀਏ॥ [੭]

ਗੁਰੂ ਸਾਹਿਬ ਜੀ ਦਾ ਇਹ ਬਚਨ ਮਸੰਦਾਂ ਨੂੰ ਕਹਿਣ ਦਾ ਭਾਵ ਸੀ ਕਿ ਉਹ ਸ੍ਰੀ ਅੰਮ੍ਰਿਤਸਰ ਜੀ ਦੇ ਸੱਚੇ ਮਸੰਦ ਨਹੀਂ ਹਨ, ਉਹ ਤਾਂ ਲੋਭ-ਲਾਲਚ ਅਤੇ ਤ੍ਰਿਸ਼ਨਾ ਦੀ ਅੱਗ ਨਾਲ ਸੜੇ ਹੋਏ ਹਨ। (ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਪਰੋਕਤ ਬਚਨ ਕੇਵਲ ਮਾਇਆ ਵਿਚ ਖਚਿਤ ਮਸੰਦਾਂ ਲਈ ਹੀ ਵਰਤੇ ਸਨ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਸ਼ਹਿਰ-ਵਾਸੀਆਂ ਲਈ ਨਹੀਂ) ਇਸ ਤਰ੍ਹਾਂ ਗੁਰੂ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਬਾਹਰੋਂ ਹੀ ਦਰਸ਼ਨ ਕਰ ਕੇ ਅਗਲੇ ਪ੍ਰਚਾਰ ਦੌਰਿਆਂ ਲਈ ਤੁਰ ਪਏ। ਗੁਰੂ ਸਾਹਿਬ ਜੀ ਪ੍ਰਚਾਰ ਲਈ ਜਿੱਥੇ ਵੀ ਗਏ, ਉੱਥੇ ਗੁਰੂ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬਾਨ ਉਸਾਰੇ ਗਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਚੱਲ ਕੇ ਪਿੰਡ ਵੱਲ੍ਹਾ ਪਹੁੰਚਣ ਤੋਂ ਪਹਿਲਾਂ ਰਸਤੇ ਵਿਚ ਇਕ ਰਮਣੀਕ ਸਥਾਨ 'ਤੇ ਕੁਝ ਸਮਾਂ ਰੁਕੇ, ਜਿੱਥੇ ਅੱਜਕਲ੍ਹ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਸੁਸ਼ੋਭਿਤ ਹੈ:

ਗੁਰਦੁਆਰਾ ਸ੍ਰੀ ਦਮਦਮਾ ਸਾਹਿਬ: ਇਸ ਪਵਿੱਤਰ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਚੱਲ ਕੇ ਵੱਲ੍ਹੇ ਪਿੰਡ ਨੂੰ ਜਾਂਦਿਆਂ ਹੋਇਆਂ ਕੁਝ ਸਮਾਂ ਵਿਸ਼ਰਾਮ ਕਰਨ ਲਈ ਇਸ ਅਸਥਾਨ 'ਤੇ ਠਹਿਰੇ ਸਨ। ਹੁਣ ਇੱਥੇ ਗੁਰੂ ਸਾਹਿਬ ਜੀ ਦੀ ਯਾਦ ਵਿਚ ਇਕ ਸੁੰਦਰ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਸੁਸ਼ੋਭਿਤ ਹੈ। ਸ੍ਰੀ ਕੋਠਾ ਸਾਹਿਬ ਨੂੰ ਜਾਣ ਵਾਲੀ ਸੰਗਤ ਇਸ ਅਸਥਾਨ ਦੇ ਵੀ ਦਰਸ਼ਨ ਕਰ ਕੇ ਜਾਂਦੀ ਹੈ। ਇਹ ਗੁਰਦੁਆਰਾ ਸਾਹਿਬ ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਲਗਪਗ ੨ ਕਿਲੋਮੀਟਰ ਉੱਤਰ-ਪੂਰਬ ਦਿਸ਼ਾ ਵਿਚ ਪਿੰਡ ਮਕਬੂਲਪੁਰਾ, ਮਾਲ ਮੰਡੀ ਦੇ ਨਜ਼ਦੀਕ ਸਥਿਤ ਹੈ। ਇੱਥੇ ਸੰਗਤ ਦੀ ਸਹੂਲਤ ਲਈ ਇਕ ਲੰਗਰ ਹਾਲ ਬਣਿਆ ਹੋਇਆ ਹੈ। ਪ੍ਰਾਪਤ ਜਾਣਕਾਰੀ ਮੁਤਾਬਿਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਸੰਗਤ ਦੇ ਸਹਿਯੋਗ ਨਾਲ ਇਸ ਅਸਥਾਨ 'ਤੇ ਹਰ ਸਾਲ ੬ ਫਰਵਰੀ ਨੂੰ ਸਾਲਾਨਾ ਜੋੜ੍ਹ ਮੇਲੇ ਦੀ ਅਰੰਭਤਾ ਹੁੰਦੀ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਚੱਲੀ ਆਉਂਦੀ ਮਰਯਾਦਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਏ ਮੁਖਵਾਕ ਦੀ ਕਥਾ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਿੰਘ ਸਾਹਿਬ ਜੀ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਵਿਖੇ ਆ ਕੇ ਕਰਦੇ ਹਨ। ਸਮੁੱਚੀ ਅਰਦਾਸ ਬੇਨਤੀ ਉਪਰੰਤ ਢਾਡੀਆਂ ਦੇ ਦੀਵਾਨ ਸੱਜਦੇ ਹਨ। ਹਰ ਐਤਵਾਰ ਅਤੇ ਬੁੱਧਵਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤ ਦੁਆਰਾ ਕੀਤੇ ਜਾਂਦੇ ਹਨ। ਇਸ ਪਵਿੱਤਰ ਅਸਥਾਨ 'ਤੇ ਸੰਗਤ ਦੀ ਸਹੂਲਤ ਲਈ ੨੪ ਘੰਟੇ ਲੰਗਰ ਚੱਲਦੇ ਹਨ। ਇਸ ਗੁਰਦੁਆਰਾ ਸਾਹਿਬ ਵਿਚ ਪ੍ਰਮੁੱਖ ਤੌਰ 'ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਸ਼ਹੀਦੀ ਪੁਰਬ ਮਨਾਏ ਜਾਂਦੇ

ਹਨ। ਗੁਰਦੁਆਰਾ ਸਾਹਿਬ ਜੀ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਅਧੀਨ ਹੈ। ਇਸ ਅਸਥਾਨ ਤੋਂ ਬਾਅਦ ਗੁਰੂ ਸਾਹਿਬ ਪਿੰਡ ਵੱਲ੍ਹਾ ਨੂੰ ਚਲੇ ਗਏ ਸਨ।

ਵੱਲ੍ਹਾ: ਸ੍ਰੀ ਅੰਮ੍ਰਿਤਸਰ ਤੋਂ ਲਗਪਗ ੭ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਵੱਲ੍ਹਾ ਸਥਿਤ ਹੈ ਜੋ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਅਸਥਾਨ ਹੈ। ਇਹ ਜੀ.ਟੀ. ਰੋਡ ਸ੍ਰੀ ਅੰਮ੍ਰਿਤਸਰ-ਜਲੰਧਰ ਨਾਲ ਲਿੰਕ ਰੋਡ ਰਾਹੀਂ ਜੁੜਿਆ ਹੋਇਆ ਹੈ:

ਸ਼੍ਰੀ ਗੁਰ ਅੰਮ੍ਰਿਤਸਰ ਤੇ ਮੁਰਿ ਕੈ ।ਏਕ ਗ੍ਰਾਮ ਤਹਿਂ ਨਿਕਟਿ ਨਿਹਰਿਕੈ।
ਵੱਲ੍ਹਾ ਕਹੈ ਤਿਸੀ ਕੋ ਨਾਇ। ਤਹਿ ਕੋਸ ਉੱਤਰ ਦਿਸ਼ਿ ਥਾਇਂ। [੮]

ਪਿੰਡ ਵੱਲ੍ਹਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਚੱਲ ਕੇ ਆਏ ਸਨ। ਜਦ ਮਸੰਦਾਂ ਨੇ ਗੁਰੂ ਸਾਹਿਬ ਲਈ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਤਾਂ ਗੁਰੂ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਾਹਰੋਂ ਹੀ ਦਰਸ਼ਨ ਕਰ ਕੇ ਪਿੰਡ ਵੱਲ੍ਹਾ ਨੂੰ ਤੁਰ ਪਏ ਸਨ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ:

ਰਹੇ ਉਡੀਕਨ ਅਏ ਪੁਜਾਰੀ ।ਤਬ ਸਤਗੁਰ ਇਹ ਬਚਨ ਉਚਾਰੇ।
ਅੰਮ੍ਰਿਤਸਰੀਏ ਅੰਦਰ ਸੜੀਏ।ਬਾਦ ਬਿਵਾਦ ਮਾਂਹਿ ਰਹਿ ਕੜੀਏ।
ਇਹ ਸ੍ਰਾਪ ਦੇ 'ਵਲੇ' ਗਰਾਮ।ਜਾਇ ਬਿਰਾਜੇ ਗੁਰ ਸੁਖ ਧਾਮ। [੯]

ਸਥਾਨਿਕ ਰਵਾਇਤ ਅਨੁਸਾਰ ਗੁਰੂ ਸਾਹਿਬ ਜੀ ਇੱਥੇ ੧੭ ਦਿਨ ਰਹੇ ਸਨ। ਸਾਰੇ ਪਿੰਡ-ਵਾਸੀਆਂ ਵੱਲੋਂ ਕੀਤੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਜੀ ਨੇ 'ਵੱਲ੍ਹਾ ਗੁਰੂ ਕਾ ਗੱਲਾ' ਦਾ ਬਚਨ ਕੀਤਾ। [੧੦] ਮੌਜੂਦਾ ਸਮੇਂ ਇਸ ਪਿੰਡ ਵਿਚ ਗੁਰੂ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਦੋ ਗੁਰਦੁਆਰਾ ਸਾਹਿਬਾਨ ਹਨ:

ਗੁਰਦੁਆਰਾ ਸ੍ਰੀ ਗੁਰਿਆਣਾ ਸਾਹਿਬ: ਇਹ ਪਵਿੱਤਰ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਗਪਗ ੫ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਦੀ ਪੱਛਮੀ ਬਾਹੀ 'ਤੇ ਸਥਿਤ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸ੍ਰੀ ਦਮਦਮਾ ਸਾਹਿਬ (ਸ੍ਰੀ ਅੰਮ੍ਰਿਤਸਰ) ਤੋਂ ਹੁੰਦੇ ਹੋਏ ਇਸ ਅਸਥਾਨ 'ਤੇ ਬਿਰਾਜੇ ਸਨ। ਸਥਾਨਕ ਪਰੰਪਰਾ ਅਨੁਸਾਰ ਉਸ ਸਮੇਂ ਇੱਥੇ ਮਾਈ ਹਰੋ ਜੀ (ਮਾਈ ਹਰੀਆ) ਦੇ ਖੇਤ ਸਨ। ਮਾਈ ਹਰੋ ਜੀ ਇਕ ਜ਼ਿੰਮੀਦਾਰ ਪਰਵਾਰ ਨਾਲ ਸੰਬੰਧਿਤ ਸਨ। ਮਾਈ ਹਰੋ ਜੀ ਦੇ ਪਤੀ ਇੱਥੇ ਖੇਤੀਬਾੜੀ ਕਰਦੇ ਸਨ, ਮਾਤਾ ਜੀ ਉਨ੍ਹਾਂ ਲਈ ਪਰਸ਼ਾਦਾ ਲੈ ਕੇ ਆਉਂਦੇ ਸਨ। ਇੱਥੇ ਹੀ ਮਾਈ ਹਰੋ ਜੀ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਜੀ ਨੂੰ ਆਪਣੇ ਘਰ (ਸ੍ਰੀ ਕੋਠਾ ਸਾਹਿਬ) ਜਾਣ ਦੀ ਬੇਨਤੀ ਕੀਤੀ ਸੀ। ਗੁਰੂ ਸਾਹਿਬ ਜੀ ਨੇ ਮਾਈ ਹਰੋ ਜੀ ਦੀ ਬੇਨਤੀ ਪ੍ਰਵਾਨ ਕੀਤੀ। ਮੌਜੂਦਾ ਸਮੇਂ (ਅਪ੍ਰੈਲ, ੨੦੨੪

ਈ. ਤਕ) ਗੁਰਦੁਆਰਾ ਸ੍ਰੀ ਗੁਰਿਆਣਾ ਸਾਹਿਬ ਜੀ ਦਾ ਸਮੁੱਚਾ ਪ੍ਰਬੰਧ ਕਾਰ-ਸੇਵਾ ਵਾਲੇ ਬਾਬਾ ਅਜਾਇਬ ਸਿੰਘ ਮੱਖਣਵਿੰਡੀ (ਮਹਿਤਾ ਰੋਡ) ਵਾਲਿਆਂ ਅਧੀਨ ਹੈ। ਗੁਰਦੁਆਰਾ ਸਾਹਿਬ ਦੇ ਨਾਮ ਇਕ ਕਿੱਲ੍ਹਾ ਜ਼ਮੀਨ ਹੈ।

ਗੁਰਦੁਆਰਾ ਸ੍ਰੀ ਕੋਠਾ ਸਾਹਿਬ: ਇਹ ਪਵਿੱਤਰ ਅਸਥਾਨ ਪਿੰਡ ਵੱਲ੍ਹਾ ਦੇ ਵਿਚਕਾਰ ਸਥਿਤ ਹੈ। ਇੱਥੇ ਮਾਈ ਹਰੋ ਜੀ ਦੇ ਘਰ (ਕੱਚੇ ਕੋਠੇ) ਵਿਚ ਗੁਰੂ ਸਾਹਿਬ ਜੀ ਨੇ ਨਿਵਾਸ ਕੀਤਾ ਸੀ। ਮਾਈ ਹਰੋ ਜੀ ਨੇ ਗੁਰੂ ਸਾਹਿਬ ਜੀ ਨੂੰ ਬਹੁਤ ਪਿਆਰ ਸਤਿਕਾਰ ਨਾਲ ਪਰਸ਼ਾਦਾ ਛਕਾਇਆ। ਗੁਰੂ ਸਾਹਿਬ ਜੀ ਦੇ ਇੱਥੇ ਆਉਣ ਬਾਰੇ ਜਦ ਹੋਰ ਬੀਬੀਆਂ ਨੂੰ ਵੀ ਪਤਾ ਲੱਗਿਆ ਤਾਂ ਉਹ ਵੀ ਵੱਲ੍ਹਾ ਪਿੰਡ ਪਹੁੰਚੀਆਂ। ਬੀਬੀਆਂ ਨੇ ਗੁਰੂ ਸਾਹਿਬ ਜੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਮੀਣਿਆਂ, ਮਸੰਦਾਂ ਦੁਆਰਾ ਕੀਤੇ ਸਲੂਕ ਦੀ ਮੁਆਫ਼ੀ ਮੰਗੀ। ਦਿਆਲੂ ਗੁਰੂ ਸਾਹਿਬ ਨੇ ਉਨਾਂ ਨੂੰ ਬੇਕਸੂਰ ਦੱਸਦਿਆਂ- ''ਮਾਈਆਂ ਗੁਰੂ ਰਜਾਈਆਂ ਭਗਤੀ ਲਾਈਆਂ'' ਦੀ ਅਸੀਸ ਦੇ ਕੇ ਨਿਵਾਜਿਆ।[੧੧]

ਸ੍ਰੀ ਅੰਮ੍ਰਿਤਸਰ ਤੋਂ ਮਸੰਦ ਵੀ ਆਪਣੀਆਂ ਭੁੱਲਾਂ ਬਖਸ਼ਾਉਣ ਲਈ ਗੁਰੂ ਸਾਹਿਬ ਕੋਲ ਕਈ ਭੇਟਾਵਾਂ ਲੈ ਕੇ ਪਹੁੰਚੇ। ਗੁਰੂ ਸਾਹਿਬ ਨੂੰ ਮਸੰਦਾਂ ਨੇ ਦੁਬਾਰਾ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਆਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਸਭ ਜਾਣਦੇ ਸਨ ਕਿ ਮਸੰਦ ਸੱਚੇ ਨਹੀਂ ਹਨ, ਉਹ ਕੇਵਲ ਗੱਲਾਂ ਹੀ ਬਣਾ ਰਹੇ ਹਨ। ਅੰਦਰੋਂ ਲੋਭ-ਲਾਲਚ ਨਾਲ ਭਰੇ ਹੋਏ ਹਨ ਉਹ ਤਾਂ ਗੁਰੂ-ਘਰ ਦੀ ਭੇਟਾ ਤਕ ਵੀ ਚੋਰੀ ਕਰ ਲੈਂਦੇ ਹਨ:

ਮਨ ਖੋਟੇ ਜਿਨ ਕੇ ਸਭਿ ਭਾਂਤੀ। ਮੁਖ ਤੇ ਅਪਰ ਬਨਾਵਹਿਂ ਬਾਤੀ।
ਧਨ ਲੋਭੀ ਇਹ ਸ੍ਥਾਨ ਸਮਾਨਾ। ਕਰਹਿਂ ਚੁਰਾਵਨਿ ਭੇਟ ਮਹਾਨਾ॥ [੧੨]

ਗੁਰਦੁਆਰਾ ਸ੍ਰੀ ਕੋਠਾ ਸਾਹਿਬ ਜੀ ਦੀ ਵਰਤਮਾਨ ਸਥਿਤੀ: ਮੌਜੂਦਾ ਸਮੇਂ ਗੁਰਦੁਆਰਾ ਸਾਹਿਬ ਵੱਲ੍ਹਾ ਪਿੰਡ ਦੇ ਵਿਚਕਾਰ ਸਥਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਪਹਿਲੀ ਇਮਾਰਤ ੧੯੦੫ ਈ. ਵਿਚ ਭੁਚਾਲ ਆਉਣ ਕਰਕੇ ਨਸ਼ਟ ਹੋ ਗਈ ਸੀ । ਫਿਰ ਦੁਬਾਰਾ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਗਈ ਸੀ। ਮੌਜੂਦਾ ਇਮਾਰਤ ਬਾਬਾ ਹਰਬੰਸ ਸਿੰਘ ਜੀ ਦੀ ਸਰਪ੍ਰਸਤੀ ਹੇਠ ਬਾਬਾ ਮਹਿੰਦਰ ਸਿੰਘ ਜੀ ਦੁਆਰਾ ੧੯੯੮ ਈ. ਵਿਚ ਅਰੰਭ ਕਰਵਾਈ ਗਈ।[੧੩] ਗੁਰਦੁਆਰਾ ਸਾਹਿਬ ਜੀ ਦੇ ਆਲੇ-ਦੁਆਲੇ ਨੂੰ ਖੁੱਲਾ ਕਰਨ ਲਈ ਨੇੜ੍ਹੇ ਦੇ ਵਸਨੀਕਾਂ ਤੋਂ ਹੋਰ ਜਗ੍ਹਾ ਖਰੀਦ ਕੇ ਗੁਰਦੁਆਰਾ ਸਾਹਿਬ ਨੂੰ ਖੁੱਲ੍ਹਾ ਕੀਤਾ ਗਿਆ ਅਤੇ ੨੦੦੪ ਈ. ਵਿਚ ਇਕ ਨਵਾਂ ਦਰਬਾਰ ਹਾਲ ਤਿਆਰ ਕਰਵਾਇਆ ਗਿਆ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਅਸਥਾਨ ਪੁਰ ਇਕ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦੀਵਾਨ ਹਾਲ ਅਤੇ ਦਫ਼ਤਰ ਆਦਿ ਬਣੇ

ਹੋਏ ਹਨ। ਇਸ ਤੋਂ ਇਲਾਵਾ ਸਾਢੇ ਤਿੰਨ ਏਕੜ ਵਾਹੀਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਮਿਲਦੀ ਜਾਣਕਾਰੀ ਅਨੁਸਾਰ 'ਬਾਬਾ ਦਲੀਪ ਸਿੰਘ ਕਾਰ-ਸੇਵਾ ਵਾਲੇ ਕਾਫ਼ੀ ਸਮਾਂ ਇੱਥੇ ਸੇਵਾ ਕਰਦੇ ਰਹੇ। ਜੋ ਕਿ ਭਾਰਤ-ਪਾਕਿ ਵੰਡ ਦੌਰਾਨ ਆਏ ਸੀ। ਉਹ ਸੇਵਾ ਦੇ ਨਾਲ ਹੀ ਮੁਫ਼ਤ ਵੈਦਗੀ ਵੀ ਕਰਦੇ ਸਨ। ਕਈ ਸਾਲ ਗੁਰੂ-ਘਰ ਦੀ ਸੇਵਾ ਕਰਨ ਕਰਕੇ ਇਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਕੋਠਾ ਸਾਹਿਬ ਜੀ ਨੂੰ ਜਾਂਦੀ ਮੁੱਖ ਸੜਕ 'ਤੇ ਇਕ ਵੱਡੇ ਗੇਟ ਦੀ ਉਸਾਰੀ ਬਾਬਾ ਦਲੀਪ ਸਿੰਘ ਜੀ ਦੇ ਨਾਮ 'ਤੇ ਕਰਵਾਈ ਗਈ।'[੧੪] ਗੁਰਦੁਆਰਾ ਸ੍ਰੀ ਕੋਠਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਮਦ ਦੀ ਖੁਸ਼ੀ ਵਿਚ ਹਰ ਸਾਲ ਮਾਘ ਮਹੀਨੇ ਦੀ ਪੂਰਨਮਾਸੀ ਨੂੰ ਇੱਥੇ ਜੋੜ ਮੇਲਾ ਅਰੰਭ ਹੁੰਦਾ ਹੈ ਜੋ ਕਿ ਫੱਗਣ ਦੀ ਪੂਰਨਮਾਸੀ ਤਕ ਡੇਢ ਮਹੀਨਾ ਚੱਲਦਾ ਰਹਿੰਦਾ ਹੈ। ਇਸ ਜੋੜ-ਮੇਲੇ ਵਿਚ ਦੇਸ਼-ਵਿਦੇਸ਼ ਤੋਂ ਸੰਗਤ ਹਾਜ਼ਰੀ ਭਰਦੀ ਹੈ। ਜਿਸ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਉੱਥੇ ਇਕ ਵੱਡਾ ਹਾਲ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਵਿਚ ਸੰਗਤ ਦੀ ਸਹੂਲਤ ਲਈ ਇਕ ਲੰਗਰ ਹਾਲ ਵੀ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ ਜਿਸ ਵਿਚ ਗੁਰਬਾਣੀ ਸੰਥਿਆ ਅਤੇ ਗਤਕਾ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸੁਖਮਨੀ ਸਾਹਿਬ ਸੇਵਾ-ਸੁਸਾਇਟੀ ਦੁਆਰਾ ਬੀਬੀਆਂ ਰਾਹੀਂ ਹਰ ਵੀਰਵਾਰ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਜਾਂਦਾ ਹੈ। ਇਸ ਗੁਰਦੁਆਰਾ ਸਾਹਿਬ ਜੀ ਦਾ ਅਜੋਕਾ ਪ੍ਰਬੰਧ ਸੈਕਸ਼ਨ ੮੭ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ।

ਗੁਰਦੁਆਰਾ ਸ੍ਰੀ ਕੋਠਾ ਸਾਹਿਬ ਜੀ ਦੀ ਰੋਜ਼ਾਨਾ ਦੀ ਕਾਰਜ-ਵਿਧੀ: ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਵੇਲੇ ਤੋਂ ਲੈ ਕੇ ਸ਼ਾਮ ਤਕ ਦੇ ਦੀਵਾਨ ਸਜਾਏ ਜਾਂਦੇ ਹਨ। ਅੰਮ੍ਰਿਤ ਵੇਲੇ ਕਿਵਾੜ ਖੁੱਲਣ ਦਾ ਸਮਾਂ ਗਰਮੀਆਂ - ਸਰਦੀਆਂ ਦੇ ਮੌਸਮ ਅਨੁਸਾਰ ਅਲੱਗ-ਅਲੱਗ ਹੁੰਦਾ ਹੈ। ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਪਹਿਲਾਂ ਹੁਕਮਨਾਮਾ ਲਿਆ ਜਾਂਦਾ ਹੈ। ਇਸ ਤੋਂ ਬਾਅਦ ਨਿਤਨੇਮ ਦੀਆਂ ਬਾਣੀਆ ਉਪਰੰਤ ਆਸਾ ਜੀ ਦੀ ਵਾਰ ਦੇ ਭੋਗ ਪਾਏ ਜਾਂਦੇ ਹਨ। ਫਿਰ ਅਰਦਾਸ ਉਪਰੰਤ ਹੁਕਮਨਾਮਾ ਲਿਆ ਜਾਂਦਾ ਹੈ। ਇਸੇ ਤਰ੍ਹਾਂ ਸ਼ਾਮ ਨੂੰ ਸੋ ਦਰੁ ਚੌਂਕੀ ਰਹਰਾਸਿ ਸਾਹਿਬ ਜੀ ਦਾ ਪਾਠ, ਅਰਦਾਸ, ਹੁਕਮਨਾਮਾ ਸਾਹਿਬ ਉਪਰੰਤ ਸੋਹਿਲਾ ਸਾਹਿਬ ਜੀ ਦਾ ਪਾਠ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਣ ਕਰ ਦਿੱਤਾ ਜਾਂਦਾ ਹੈ।

ਗੁਰਦੁਆਰਾ ਸ੍ਰੀ ਕੋਠਾ ਸਾਹਿਬ ਵਿਖੇ ਮਨਾਏ ਜਾਂਦੇ ਗੁਰਪੁਰਬ: ਗੁਰਦੁਆਰਾ ਸ੍ਰੀ ਕੋਠਾ ਸਾਹਿਬ ਵਿਖੇ ਪ੍ਰਮੁੱਖ ਤੌਰ 'ਤੇ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ

ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਆਦਿ ਵੱਡੇ ਪੱਧਰ 'ਤੇ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਮੱਸਿਆ ਅਤੇ ਸੰਗਰਾਂਦ ਨੂੰ ਵੀ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ।

ਹਵਾਲੇ :

੧. ਮਹਾਂਕਵੀ ਭਾਈ ਸੰਤੋਖ ਸਿੰਘ ਜੀ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ (ਭਾਗ-ਪਹਿਲਾ)*, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੩੪੦.

੨. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ ੧੬੦.

੩. ਮਹਾਂਕਵੀ ਭਾਈ ਸੰਤੋਖ ਸਿੰਘ ਜੀ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ (ਭਾਗ-ਪਹਿਲਾ)*, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੩੪੪.

੪. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ (ਭਾਗ-ਪਹਿਲਾ)*, ਪੰਨਾ ੬੬੯.

੫. ਮਹਾਂਕਵੀ ਭਾਈ ਸੰਤੋਖ ਸਿੰਘ ਜੀ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ (ਭਾਗ-ਪਹਿਲਾ)*, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੩੪੬.

੬. *ਉਹੀ*, ਪੰਨਾ ੩੫੨.

੭. *ਉਹੀ*, ਪੰਨਾ ੩੬੦.

੮. ਮਹਾਂਕਵੀ ਭਾਈ ਸੰਤੋਖ ਸਿੰਘ ਜੀ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ (ਭਾਗ-ਪਹਿਲਾ)*, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੩੫੬.

੯. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ ੧੬੧.

੧੦. ਫੌਜਾ ਸਿੰਘ, *ਗੁਰੂ ਤੇਗ ਬਹਾਦਰ ਯਾਤਰਾ ਅਸਥਾਨ ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ ੯.

੧੧. ਗਿਆਨੀ ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ*, ਪੰਨਾ ੬੬੯.

੧੨. ਮਹਾਂਕਵੀ ਭਾਈ ਸੰਤੋਖ ਸਿੰਘ ਜੀ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬ੍ਰਿਤਾਂਤ (ਭਾਗ-ਪਹਿਲਾ)*, (ਸੰਪਾ.) ਡਾ. ਕਿਰਪਾਲ ਸਿੰਘ, ਪੰਨਾ ੩੫੮.

੧੩. ਡਾ. ਪਰਮਵੀਰ ਸਿੰਘ, *ਗੁਰੂ ਤੇਗ ਬਹਾਦਰ ਜੀ ਜੀਵਨ ਮਹਿਮਾ ਅਤੇ ਚਰਨ ਛੋਹ ਅਸਥਾਨ*, ਪੰਨਾ ੮੫.

੧੪. *ਉਹੀ*, ਪੰਨਾ ੮੯.

■

ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

ਭਗਤ ਰਵਿਦਾਸ ਜੀ ਦੀ ਬਾਣੀ ਵਿਚ 'ਮੁਕਤੀ' ਦਾ ਸੰਕਲਪ

*-ਪ੍ਰੋ. ਸੀਤਲ ਸਿੰਘ**

ਕ੍ਰਾਂਤੀਕਾਰੀ ਸਮਾਜ-ਸੁਧਾਰਕ, ਮਹਾਨ ਚਿੰਤਕ, ਵਿਚਾਰਕ, ਕਰਮਯੋਗੀ, ਮਹਾਂ ਗਿਆਨੀ, ਸੰਤ ਸ਼ਿਰੋਮਣੀ ਅਤੇ ਯੁੱਗ ਪੁਰਸ਼ ਭਗਤ ਰਵਿਦਾਸ ਜੀ ਦਾ ਮੱਧਕਾਲੀ ਉੱਤਰੀ ਭਾਰਤ ਦੀ ਸੰਤ ਪਰੰਪਰਾ ਵਿਚ ਮਹੱਤਵਪੂਰਨ ਸਥਾਨ ਹੈ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਆਪ ਜੀ ਦੀ ਬਾਣੀ ਦੇ '੪੦ ਸ਼ਬਦ ਤੇ ਇਕ ਸਲੋਕ' ਦਰਜ ਕੀਤਾ ਹੈ। ਭਗਤ ਰਵਿਦਾਸ ਜੀ ਮੂਲ ਰੂਪ ਵਿਚ ਅਨੁਭਵੀ ਸਾਧਕ ਸਨ, ਇਸ ਲਈ ਉਨ੍ਹਾਂ ਆਪਣੀ ਬਾਣੀ ਵਿਚ ਦਰਸ਼ਨ ਦੇ ਵਿਭਿੰਨ ਸੰਕਲਪਾਂ ਪਰਮਾਤਮਾ, ਜੀਵਾਤਮਾ, ਮਾਇਆ ਅਤੇ ਮੁਕਤੀ ਸੰਬੰਧੀ ਵਿਚਾਰ ਸਵੈ-ਆਤਮਿਕ ਅਨੁਭਵ ਤੋਂ ਪੇਸ਼ ਕੀਤੇ ਹਨ।

ਭਾਰਤੀ ਦਰਸ਼ਨ ਵਿਚ ਧਰਮ, ਅਰਥ, ਕਾਮ, ਮੋਕਸ਼ ਵਿੱਚੋਂ ਮੋਕਸ਼ ਨੂੰ ਉੱਤਮ ਮੰਨਿਆ ਗਿਆ ਹੈ। ਭਗਤ ਰਵਿਦਾਸ ਜੀ ਨੇ ਵੀ ਮੁਕਤੀ ਨੂੰ ਅੰਤਿਮ ਲਕਸ਼ ਦੱਸਿਆ ਹੈ। ਆਪ ਨੇ ਮੁਕਤੀ ਲਈ 'ਬੇਗਮਪੁਰਾ, ਜੀਵਤ ਮੁਕਤ, ਪਰਮਾਨੰਦ, ਛੁਟਕਤ ਬਜਰ ਕਪਾਟ, ਕਟਹਿ ਜਮ ਫਾਸਾ ਤੇ ਤਜੀਲੇ ਸਰਬ ਜੰਜਾਲ' ਆਦਿ ਸ਼ਬਦਾਂ ਤੇ ਵਾਕੰਸ਼ਾਂ ਦੀ ਵਰਤੋਂ ਕੀਤੀ ਹੈ। ਭਗਤ ਜੀ ਅਨੁਸਾਰ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ, ਬ੍ਰਹਮ ਰੂਪ ਹੈ। ਜੀਵਾਤਮਾ ਤੇ ਪਰਮਾਤਮਾ ਦੀ ਦੂਰੀ ਮਾਇਆ ਕਾਰਨ ਹੈ। ਮਾਇਆ ਦੀ ਦਲਦਲ ਵਿਚ ਫਸ ਕੇ ਜੀਵਾਤਮਾ ਪਰਮਾਤਮਾ ਨੂੰ ਵਿਸਾਰ ਦਿੰਦੀ ਹੈ। ਇਸ ਤ੍ਰੈਗੁਣਾਤਮਕ ਮਾਇਆ ਦੇ ਤ੍ਰਿਵ੍ਰਿਧ ਤਾਪਾਂ ਤੋਂ ਛੁਟਕਾਰਾ ਪ੍ਰਾਪਤ ਕਰ ਕੇ ਪਰਮਾਤਮਾ ਨਾਲ ਮਿਲਾਪ ਹੀ ਮੁਕਤੀ ਹੈ। ਡਾ. ਜਸਬੀਰ ਸਿੰਘ ਸਾਬਰ ਅਨੁਸਾਰ:

''ਅਸਲ ਵਿਚ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਪਰੰਪਰਾਗਤ 'ਮੁਕਤੀ' ਦੀ ਲੋਚਾ ਕਰਨ ਦੀ ਬਜਾਏ 'ਜੀਵਨ-ਮੁਕਤੀ' ਦੀ ਇੱਛਾ ਪ੍ਰਗਟਾਈ ਗਈ ਹੈ। ਇਹ ਜੀਵਨ-ਮੁਕਤੀ ਲੌਕਿਕਤਾ ਨਾਲ ਜੁੜੀ ਹੋਈ ਅਥਵਾ ਪ੍ਰਾਪਤ ਹੋਏ ਦੁਰਲੱਭ ਜਨਮ ਨੂੰ ਸਫਲਾ ਬਣਾਉਣ ਦੀ ਇੱਛਾ ਪ੍ਰਗਟਾਉਂਦੀ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੁਕਤੀ ਦਾ ਅਰਥ ਮਾਇਆਵੀ ਸੰਸਾਰ ਦੇ ਸੁਖਾਂ, ਦੁੱਖਾਂ, ਕਲੇਸ਼ਾਂ, ਮੋਹ ਮਮਤਾ ਅਥਵਾ ਗ੍ਰਿਹਸਤ ਜੀਵਨ ਦੇ ਸਾਰੇ ਬੰਧਨਾਂ ਵਿੱਚੋਂ ਨਿਕਲ ਕੇ ਪਰਮ ਪਿਤਾ ਪਰਮਾਤਮਾ ਵਿਚ ਹਮੇਸ਼ਾਂ ਲਈ ਇਕਮਿਕ ਤੇ ਇਕਰਸ ਹੋਣ ਦਾ ਨਾਮ ਹੈ।''[੧]

ਭਗਤ ਰਵਿਦਾਸ ਜੀ ਅਨੁਸਾਰ ਪਰਮਾਤਮਾ ਅਤੇ ਜੀਵਾਤਮਾ ਵਿਚ ਕਿਸੇ

* ਜੇ. ਸੀ. ਡੀ. ਏ. ਵੀ ਕਾਲਜ, ਦਸੂਹਾ (ਹੁਸ਼ਿਆਰਪੁਰ)

ਪ੍ਰਕਾਰ ਦਾ ਕੋਈ ਅੰਤਰ ਨਹੀਂ ਹੈ। ਜਿਸ ਤਰ੍ਹਾਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣਿਆਂ ਅਤੇ ਪਾਣੀ ਅਤੇ ਪਾਣੀ ਵਿੱਚੋਂ ਉੱਠੀਆਂ ਤਰੰਗਾਂ ਦਾ ਸੰਬੰਧ ਹੈ, ਉਸੇ ਤਰ੍ਹਾਂ ਜੀਵਾਤਮਾ ਅਤੇ ਪਰਮਾਤਮਾ ਦਾ ਸੰਬੰਧ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩)*

ਸਮੁੱਚਾ ਜਗਤ ਪਰਮਾਤਮਾ ਤੋਂ ਪੈਦਾ ਹੋਇਆ ਹੈ:

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)

ਅੰਤਰ ਸਿਰਫ਼ ਮਾਇਆ ਕਾਰਨ ਹੈ। ਜੀਵ ਮਾਇਆ ਕਾਰਨ ਵਿਸ਼ੇ-ਵਿਕਾਰਾਂ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਵਿਚ ਪੈ ਕੇ ਪਰਮਾਤਮਾ ਨੂੰ ਵਿਸਾਰ ਆਵਾਗਵਣ ਦੇ ਚੱਕਰਾਂ ਵਿਚ ਫਸਿਆ ਹੋਇਆ ਹੈ:

-ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੦)*
-ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

ਇਸ ਮਾਇਆ ਦੇ ਪ੍ਰਭਾਵ ਅਧੀਨ ਜੀਵ ਦੀ ਮੱਤ ਮਲੀਨ ਹੋ ਜਾਂਦੀ ਹੈ ਤੇ ਉਹ ਪਾਰਬ੍ਰਹਮ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦਾ ਹੈ:

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

ਭਗਤ ਰਵਿਦਾਸ ਜੀ 'ਖੂਹ ਦੇ ਡੱਡੂਆਂ' ਦਾ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਖੂਹ ਦੇ ਵਿਚ ਰਹਿੰਦੇ ਡੱਡੂਆਂ ਨੂੰ ਬਾਹਰ ਦੇ ਦੇਸ-ਪਰਦੇਸ ਦੀ ਕੋਈ ਖ਼ਬਰ ਨਹੀਂ ਰਹਿੰਦੀ, ਇਸੇ ਤਰ੍ਹਾਂ ਵਿਸ਼ੇ-ਵਿਕਾਰਾਂ ਵਿਚ ਮੋਹੇ ਹੋਏ ਜੀਵ ਨੂੰ ਵੀ ਲੋਕ ਪਰਲੋਕ ਦੀ ਕੋਈ ਸੋਝੀ ਨਹੀਂ ਰਹਿੰਦੀ:

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

ਇਸ ਲਈ ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਜੀਵਾਤਮਾ ਨੂੰ ਮਾਇਆਵੀ ਸੰਸਾਰ ਤੇ ਪਦਾਰਥਾਂ ਵਿੱਚੋਂ ਮਨ ਨੂੰ ਕੱਢ ਕੇ, ਤਨ ਮਨ ਨੂੰ ਪਰਮਾਤਮਾ ਦੇ ਚਰਨਾਂ ਵਿਚ ਅਰਪਿਤ ਕਰ ਕੇ ਹੀ ਬੱਜਰ ਕਪਾਟ ਅਗਿਆਨਤਾ ਦੇ ਪਰਦੇ ਨੂੰ ਹਟਾਇਆ ਜਾ ਸਕਦਾ ਹੈ:

-ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

-ਤਨੁ ਮਨੁ ਅਰਪਉ ਪੂਜ ਚਰਾਵਉ॥ਗੁਰ ਪਰਸਾਦਿ ਨਿਰੰਜਨੁ ਪਾਵਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੁਕਤੀ ਲਈ ਤਿੰਨ ਸਾਧਨ—ਗਿਆਨ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ ਦਰਸਾਏ ਗਏ ਹਨ। ਮੁਕਤੀ ਪ੍ਰਾਪਤੀ ਵਿਚ ਇਨ੍ਹਾਂ ਤਿੰਨਾਂ ਦਾ ਬਹੁਤ ਮਹੱਤਵ ਹੈ। ਜੀਵਾਤਮਾ ਨੂੰ ਆਪਣੀ ਵਾਸਤਵਿਕਤਾ ਦੀ ਸੂਝ ਹੋ ਜਾਣੀ ਹੀ ਗਿਆਨ ਹੈ। ਜਦੋਂ ਜੀਵ ਦੀ ਮੱਤ ਵਿਕਾਰਾਂ ਨਾਲ ਮਲੀਨ ਹੋ ਜਾਂਦੀ ਹੈ ਤਾਂ ਉਹ ਪਰਮਾਤਮਾ ਦੇ ਸਰੂਪ ਨੂੰ ਸਮਝਣ ਤੋਂ ਬਿਲਕੁਲ ਅਸਮਰੱਥ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਅਨੁਸਾਰ ਆਤਮਿਕ ਸੂਝ ਹੀ ਜੀਵ ਨੂੰ ਭਰਮ ਵਿੱਚੋਂ ਕੱਢ ਸਕਦੀ ਹੈ। ਵਾਸਤਵਿਕਤਾ ਦਾ ਗਿਆਨ ਹੋ ਜਾਣ 'ਤੇ ਹੀ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਇਥੇ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਭਗਤ ਰਵਿਦਾਸ ਜੀ ਗਿਆਨ 'ਤੇ ਜ਼ੋਰ ਨਹੀਂ ਦਿੰਦੇ ਸਗੋਂ ਉਹ ਤਾਂ ਗੁਰੂ ਦੇ ਗਿਆਨ 'ਤੇ ਜ਼ੋਰ ਦਿੰਦੇ ਹਨ। ਗੁਰੂ ਦੇ ਗਿਆਨ ਨਾਲ ਹੀ ਜੀਵ ਮਾਇਆ ਦੇ ਮੋਹ ਜਾਲ ਵਿੱਚੋਂ ਨਿਕਲ ਕੇ ਪਰਮਾਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ:

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥
ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੬)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਕਰਮ ਮਾਰਗ ਦਾ ਵੀ ਮਹੱਤਵ ਪ੍ਰਗਟਾਇਆ ਗਿਆ ਹੈ, ਉਨ੍ਹਾਂ ਅਨੁਸਾਰ ਚੰਗਿਆਂ-ਮਾੜਿਆਂ ਕਰਮਾਂ ਤੋਂ ਛੁਟਕਾਰਾ ਸਤਿਸੰਗਤ, ਨਾਮ-ਸਿਮਰਨ ਤੇ ਗੁਰੂ ਦੀ ਕਿਰਪਾ ਦੁਆਰਾ ਹੀ ਹੋ ਸਕਦਾ ਹੈ। ਗੁਰੂ ਦੀ ਮਿਹਰ ਸਦਕਾ ਕਰਮਾਂ ਦਾ ਲੇਖਾ-ਜੋਖਾ ਖ਼ਤਮ ਹੋ ਜਾਂਦਾ ਹੈ:

ਸਾਧੂ ਕੀ ਜਉ ਲੇਹਿ ਓਟ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੬)

ਭਗਤ ਰਵਿਦਾਸ ਜੀ ਅਨੁਸਾਰ ਕਰਮਕਾਂਡੀ ਪੂਜਾ ਕਰਨ ਵਾਲੇ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਨਹੀਂ ਕਰ ਸਕਦੇ ਕਿਉਂਕਿ ਕਰਮਕਾਂਡ ਤਾਂ ਹੰਕਾਰ ਦਾ ਕਾਰਨ ਬਣਦੇ ਹਨ। ਇਸ ਲਈ ਹੰਕਾਰ ਦੀ ਭਾਵਨਾ ਵਿਚ ਪ੍ਰਭੂ-ਪ੍ਰਾਪਤੀ ਕਿਵੇਂ ਹੋ ਸਕਦੀ ਹੈ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੪)

ਭਗਤ ਰਵਿਦਾਸ ਜੀ ਅਨੁਸਾਰ ਕਰਮਾਂ ਦੀ ਮਹੱਤਤਾ ਉਦੋਂ ਤਕ ਹੁੰਦੀ ਹੈ ਜਦੋਂ ਤਕ ਜੀਵਾਤਮਾ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ। ਜਦੋਂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਕਰਮਾਂ ਦਾ ਮਹੱਤਵ ਖ਼ਤਮ ਹੋ ਜਾਂਦਾ ਹੈ। ਜਿਵੇਂ ਫਲਦਾਰ ਰੁੱਖਾਂ 'ਤੇ ਪਹਿਲਾਂ ਫੁੱਲ ਖਿੜਦੇ ਹਨ, ਫਲ ਲੱਗਣ 'ਤੇ ਫੁੱਲ ਝੜ ਜਾਂਦੇ ਹਨ:

ਫਲ ਕਾਰਨ ਫੂਲੀ ਬਨਰਾਇ॥ ਫਲੁ ਲਾਗਾ ਤਬ ਫੂਲੁ ਬਿਲਾਇ॥

ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)

ਭਗਤ ਰਵਿਦਾਸ ਜੀ ਨੇ ਮੁਕਤੀ ਲਈ ਸਭ ਤੋਂ ਵੱਧ ਜ਼ੋਰ ਭਗਤੀ ਮਾਰਗ 'ਤੇ ਦਿੱਤਾ ਹੈ। ਡਾ. ਕੁਲਵੰਤ ਕੌਰ ਅਨੁਸਾਰ:

''ਭਗਤ ਰਵਿਦਾਸ ਜੀ ਲਈ ਪਰਮਪਦ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਉਸ ਦੀ ਭਗਤੀ ਹੈ, ਜਿਸ ਨੂੰ ਸਹਿਜ ਭਗਤੀ, ਪ੍ਰੇਮ-ਭਗਤੀ ਜਾਂ ਭਾਉ ਭਗਤੀ ਕੋਈ ਵੀ ਨਾਂ ਦਿੱਤਾ ਜਾ ਸਕਦਾ ਹੈ, ਉਨ੍ਹਾਂ ਦੀ ਭਗਤੀ ਦਾ ਮਾਰਗ ਕਿਸੇ ਕਰਮਕਾਂਡ, ਬਾਹਰੀ ਆਡੰਬਰ ਅਤੇ ਝੂਠੇ ਦਿਖਾਵੇ ਦਾ ਮੁਥਾਜ ਨਹੀਂ ਸਗੋਂ ਨਿਰੋਲ ਪ੍ਰੇਮ-ਪਿਆਰ 'ਤੇ ਆਧਾਰਿਤ ਹੈ। ਇਸ ਲਈ ਦੂਸਰੇ ਮਾਰਗਾਂ ਯੋਗ, ਕਰਮ ਅਤੇ ਗਿਆਨ ਮਾਰਗ ਦਾ ਮਹੱਤਵ ਇਸ ਕਰਕੇ ਹੀ ਹੈ ਕਿ ਇਹ ਪ੍ਰੇਮ-ਭਗਤੀ ਨੂੰ ਹੋਰ ਪ੍ਰਚੰਡ ਕਰਦੇ ਹਨ। ਸਮੁੱਚੀ ਭਗਤ ਰਵਿਦਾਸ ਜੀ ਦੀ ਬਾਣੀ ਦਾ ਕੇਂਦਰੀ ਨੁਕਤਾ ਭਗਤੀ ਨਾਲ ਸੰਬੰਧਿਤ ਦੂਸਰੇ ਪਹਿਲੂ ਹਨ। ਇੰਞ ਭਗਤ ਰਵਿਦਾਸ ਜੀ ਦੇ ਭਾਵ/ਪ੍ਰੇਮ ਭਗਤੀ ਰੂਪ ਬ੍ਰਿਛ ਨੂੰ ਗਿਆਨ ਦੀਆਂ ਟਾਹਣੀਆਂ, ਕਰਮ ਦੇ ਫਲ ਫੁੱਲ ਲੱਗਦੇ ਹਨ।''[੨]

ਭਗਤ ਰਵਿਦਾਸ ਜੀ ਅਨੁਸਾਰ ਪ੍ਰਭੂ-ਭਗਤੀ ਸਭ ਤੋਂ ਸ੍ਰੇਸ਼ਟ ਮਾਰਗ ਹੈ। ਪ੍ਰਭੂ ਭਗਤੀ ਕਰਨ ਨਾਲ ਜੀਵ ਵਿਸ਼ੇ-ਵਿਕਾਰਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਨਾਮ-ਸਿਮਰਨ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਹੈ:

-ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੪)*
-ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭)*

ਭਗਤੀ ਸਾਧਨਾਂ ਦੇ ਪ੍ਰਮੁੱਖ ਸਾਧਨ ਪ੍ਰੇਮਾ-ਭਗਤੀ, ਪ੍ਰਭੂ ਦੀ ਕਿਰਪਾ, ਗੁਰੂ ਤੇ ਗੁਰੂ-ਕਿਰਪਾ, ਨਾਮ-ਸਿਮਰਨ ਤੇ ਸਤਿਸੰਗਤ ਹਨ। ਪਰਮਾਤਮਾ ਨੂੰ ਪ੍ਰੇਮਾ-ਭਗਤੀ ਦੁਆਰਾ ਹੀ ਪਾਇਆ ਜਾ ਸਕਦਾ ਹੈ। ਇਸ ਲਈ ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ! ਤੂੰ ਸਾਨੂੰ ਸੰਸਾਰ ਦੇ ਮੋਹ ਵਿਚ ਜਕੜਿਆ ਸੀ, ਅਸੀਂ ਤੈਨੂੰ ਆਪਣੇ ਪ੍ਰੇਮ-ਜਾਲ ਵਿਚ ਜਕੜ ਲਿਆ ਹੈ, ਮੈਂ ਤਾਂ ਤੇਰੀ ਅਰਦਾਸ ਕਰ ਕੇ ਮੁਕਤ ਹੋ ਜਾਵਾਂਗਾ ਪਰ ਤੂੰ ਸਾਡੇ ਪ੍ਰੇਮ ਦੇ ਬੰਧਨ ਵਿੱਚੋਂ ਮੁਕਤ ਹੋ ਸਕੇਂਗਾ? ਭਗਤ ਜੀ ਅਨੁਸਾਰ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)

ਭਗਤ ਰਵਿਦਾਸ ਜੀ ਅਨੁਸਾਰ ਮੇਰੀ ਉਸ ਪਰਮਾਤਮਾ ਨਾਲ ਪ੍ਰੀਤ ਪਹਾੜ ਤੇ ਮੋਰ, ਚੰਦ ਤੇ ਚਕੋਰ, ਦੀਵਾ ਤੇ ਬੱਤੀ ਅਤੇ ਤੀਰਥ ਤੇ ਯਾਤਰੀ ਵਰਗੀ ਹੈ। ਹੇ

ਪਰਮਾਤਮਾ! ਮੈਂ ਤਾਂ ਸਾਰੇ ਸੰਸਾਰ ਨਾਲ ਪ੍ਰੀਤ ਤੋੜ ਕੇ ਤੇਰੇ ਨਾਲ ਪਾ ਲਈ ਹੈ:

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥...
ਜਉ ਤੁਮ ਦੀਵਰਾ ਤਉ ਹਮ ਬਾਤੀ॥
ਜਉ ਤੁਮ ਤੀਰਥ ਤਉ ਹਮ ਜਾਤੀ॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਆਪ ਮੱਛੀ ਤੇ ਪਾਣੀ ਦੇ ਪਿਆਰ ਦੀ ਉਦਾਹਰਣ ਦੇ ਕੇ ਸਪੱਸ਼ਟ ਕਰਦੇ ਹਨ ਕਿ ਇਹ ਪ੍ਰੀਤ ਇਹੋ ਜਿਹੀ ਹੈ ਜਿਹੋ ਜਿਹੀ ਮੱਛੀ ਦੀ ਪਾਣੀ ਨਾਲ ਹੈ। ਸ਼ਿਕਾਰੀ ਮੱਛੀ ਨੂੰ ਫੜ ਕੇ, ਟੋਟੇ-ਟੋਟੇ ਕਰ ਅੱਗ ਉੱਪਰ ਪਕਾ ਕੇ ਖਾ ਲੈਂਦਾ ਹੈ। ਮੱਛੀ ਪੇਟ ਵਿਚ ਜਾ ਕੇ ਵੀ ਫਿਰ ਪਾਣੀ ਮੰਗਦੀ ਹੈ:

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)

ਇਸ ਲਈ ਭਗਤ ਜੀ ਕਹਿੰਦੇ ਹਨ ਕਿ ਹੇ ਪਰਮਾਤਮਾ! ਮੈਂ ਸਾਰੇ ਆਸਰੇ ਛੱਡ ਕੇ ਆਪ ਦੀ ਸ਼ਰਨ ਵਿਚ ਆ ਗਿਆ ਹਾਂ, ਹੁਣ ਤੂੰ ਹੀ ਮੇਰੀ ਲਾਜ ਰੱਖ:

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੩)*

ਭਗਤ ਜੀ ਅਨੁਸਾਰ ਮਾਇਆ ਵਿਚ ਫਸੇ ਜੀਵਾਂ ਦੀ ਮਨ-ਬਚਨ-ਕਰਮ ਵਿਚ ਏਕਤਾ ਨਹੀਂ ਰਹਿੰਦੀ ਪਰ ਜੇਕਰ ਪਰਮਾਤਮਾ ਦੀ ਬਖਸ਼ਿਸ਼ ਹੋ ਜਾਵੇ ਤਾਂ ਉਸ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ, ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਆਤਮਿਕ ਸੂਝ ਦਾ ਪ੍ਰਕਾਸ਼ ਹੋ ਜਾਂਦਾ ਹੈ:

-ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ॥
ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)

-ਉਪਜਿਓ ਗਿਆਨੁ ਹੂਆ ਪਰਗਾਸ॥
ਕਰਿ ਕਿਰਪਾ ਲੀਨੇ ਕੀਟ ਦਾਸ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਭਗਤ ਜੀ ਅਨੁਸਾਰ ਜੇਕਰ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਉਹ ਨੀਵਿਆਂ ਨੂੰ ਉੱਚੇ ਬਣਾ ਦਿੰਦਾ ਹੈ:

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ ਰਹਾਉ॥

ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)

ਜੀਵਾਤਮਾ ਦੀ ਮੁਕਤੀ ਵਿਚ ਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਗੁਰਬਾਣੀ ਵਿਚ ਤਾਂ ਗੁਰੂ ਦਾ ਦਰਜਾ ਬਹੁਤ ਹੀ ਉੱਚਾ ਮੰਨਿਆ ਗਿਆ ਹੈ:

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)

ਭਗਤ ਰਵਿਦਾਸ ਜੀ ਗੁਰੂ ਦੇ ਮਹੱਤਵ ਨੂੰ ਪ੍ਰਗਟਾਉਂਦੇ ਹੋਏ ਕਹਿੰਦੇ ਹਨ ਕਿ ਜਿਸ ਤਰ੍ਹਾਂ ਸੂਰਜ ਨਿਕਲਦਿਆਂ ਹੀ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਪਾਰਸ ਦੀ ਛੋਹ ਨਾਲ ਤਾਂਬਾ ਵੀ ਸੋਨਾ ਹੋ ਨਿਬੜਦਾ ਹੈ ਇਸੇ ਤਰ੍ਹਾਂ ਹੀ ਪੂਰਬਲੇ ਜਨਮਾਂ ਵਿਚ ਕੀਤੇ ਚੰਗੇ ਕਰਮਾਂ ਕਾਰਨ ਪਰਮ ਪਾਰਸ ਰੂਪੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ ਜਿਹੜਾ ਜੀਵ ਦੇ ਮਨ ਦੇ ਬੱਜਰ ਕਪਾਟ ਖੋਲ੍ਹ ਦਿੰਦਾ ਹੈ ਅਤੇ ਪਰਮਾਤਮਾ ਨਾਲ ਮਿਲਾਪ ਕਰਵਾ ਦਿੰਦਾ ਹੈ:

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਨਾਮ-ਸਿਮਰਨ ਨੂੰ ਮੁਕਤੀ ਦਾ ਵਿਸ਼ੇਸ਼ ਸਾਧਨ ਮੰਨਿਆ ਗਿਆ ਹੈ। ਪਰਮਾਤਮਾ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਨਾਮ-ਸਿਮਰਨ ਹੈ। ਇਸ ਲਈ ਆਪ ਦੀ ਬਾਣੀ ਵਿਚ ਇਸ ਦੀ ਮਹਿਮਾ ਵਾਰ ਵਾਰ ਗਾਈ ਗਈ ਹੈ। ਭਗਤ ਜੀ ਦਾ ਵਿਚਾਰ ਹੈ ਕਿ ਸਤਿਜੁਗ ਵਿਚ ਸੱਤ ਜਾਂ ਦਾਨ ਪੁੰਨ ਉੱਤੇ, ਤ੍ਰੇਤਾ ਵਿਚ ਹਵਨ ਯੱਗ ਕਰਨ ਉੱਤੇ ਅਤੇ ਦੁਆਪਰ ਵਿਚ ਨੇਕ ਰਹਿਣੀ ਉੱਤੇ ਬਲ ਦਿੱਤਾ ਜਾਂਦਾ ਸੀ ਪਰ ਕਲਯੁਗ ਵਿਚ ਕੇਵਲ ਨਾਮ ਹੀ ਜੀਵਾਂ ਦਾ ਇੱਕੋ ਇੱਕ ਆਸਰਾ ਹੈ:

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

ਇਸੇ ਲਈ ਭਗਤ ਜੀ ਆਪਣੇ ਆਪ ਨੂੰ ਨਾਮ ਦਾ ਵਣਜਾਰਾ ਕਹਿੰਦੇ ਹਨ ਕਿਉਂਕਿ ਜਿੱਥੇ ਸੰਸਾਰ ਦੇ ਜੀਵ ਮਾਇਆ ਰੂਪੀ ਬਿਖ (ਜ਼ਹਿਰ) ਦਾ ਵਪਾਰ ਕਰਨ 'ਤੇ ਲੱਗੇ ਹੋਏ ਹਨ ਉਥੇ ਭਗਤ ਜੀ ਆਪ ਰਾਮ ਨਾਮ ਰੂਪੀ ਧਨ ਨੂੰ ਇਕੱਠਾ ਕਰਨ ਵਿਚ ਲੱਗੇ ਹੋਏ ਹਨ:

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)

ਭਗਤ ਜੀ ਨੇ ਆਪਣੀ ਬਾਣੀ 'ਆਰਤੀ' ਵਿਚ ਨਾਮ ਦੇ ਮਹੱਤਵ ਨੂੰ

ਪ੍ਰਗਟਾਉਂਦਿਆਂ ਦੱਸਿਆ ਹੈ ਕਿ ਹੇ ਪਰਮਾਤਮਾ! ਮੇਰੇ ਲਈ ਜੋ ਕੁਝ ਹੈ, ਸਿਰਫ਼ ਤੇਰਾ ਨਾਮ ਹੈ। ਤੇਰਾ ਨਾਮ ਹੀ ਮੇਰੀ ਆਰਤੀ ਹੈ। ਤੇਰੇ ਨਾਮ ਤੋਂ ਬਿਨਾਂ ਆਰਤੀ ਵਿਚ ਵਰਤੀ ਜਾਂਦੀ ਸਾਰੀ ਸਮੱਗਰੀ ਵਿਅਰਥ ਹੈ:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥...
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ॥੪॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)

ਜੀਵਾਤਮਾ ਦੀ ਮੁਕਤੀ ਲਈ ਸਤਿਸੰਗ ਦਾ ਵਿਸ਼ੇਸ਼ ਮਹੱਤਵ ਹੈ। ਸਤਿਸੰਗ ਵਿਚ ਜਾ ਕੇ ਅਤੇ ਉਥੋਂ ਸ਼ੁਭ ਉਪਦੇਸ਼ ਸੁਣ ਕੇ ਮਨੁੱਖ ਦੇ ਮਨ ਵਿਚ ਪ੍ਰਭੂ ਲਈ ਪਿਆਰ ਪੈਦਾ ਹੋਣਾ ਸੁਭਾਵਿਕ ਹੈ ਜਿਹੜਾ ਭਗਤੀ ਦਾ ਅਵੱਸ਼ਕ ਤੱਤ ਹੈ।[੩] ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਤਿਸੰਗਤ ਦੀ ਮਹਾਨਤਾ ਦਾ ਵਰਣਨ ਕੀਤਾ ਗਿਆ ਹੈ ਕਿ ਸਾਧ ਸੰਗਤ ਦੇ ਭਾਵ ਬਿਨਾਂ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ:

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)

ਭਗਤ ਰਵਿਦਾਸ ਜੀ ਸਤਿਸੰਗਤ ਨੂੰ ਸ਼ਹਿਦ ਤੇ ਸ਼ਹਿਦ ਦੀਆਂ ਮੱਖੀਆਂ ਨਾਲ ਤੁਲਨਾ ਕਰਦਿਆਂ ਕਹਿੰਦੇ ਹਨ ਕਿ ਜਿਸ ਤਰ੍ਹਾਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਨਾਲ ਜੁੜੀਆਂ ਰਹਿੰਦੀਆਂ ਹਨ ਇਸੇ ਤਰ੍ਹਾਂ ਹੀ ਸਤਿਸੰਗੀ ਪਰਮਾਤਮਾ ਦੇ ਨਾਮ ਦੀ ਵਿਚਾਰ ਕਰਨ ਲਈ ਸਤਿਸੰਗਤ ਵਿਚ ਜੁੜਦੇ ਹਨ:

ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥
ਹਮ ਅਉਗਨ ਤੁਮ੍ ਉਪਕਾਰੀ॥੧॥ਰਹਾਉ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥
ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੬)

ਭਗਤ ਰਵਿਦਾਸ ਜੀ ਅਨੁਸਾਰ ਮਨੁੱਖ ਦੀ ਜਿਹੋ ਜਿਹੀ ਸੰਗਤ ਹੁੰਦੀ ਹੈ ਉਹੋ ਜਿਹਾ ਹੀ ਗੁਣ ਧਾਰਨ ਕਰ ਲੈਂਦਾ ਹੈ। ਆਪ ਆਪਣੀ ਵਿਅਕਤੀਗਤ ਉਦਾਹਰਣ ਦੇ ਕੇ ਸਪੱਸ਼ਟ ਕਰਦੇ ਹਨ ਕਿ ਉਹ ਸੰਤਾਂ ਦੀ ਸੰਗਤ ਨਾਲ ਇਰੰਡ ਤੋਂ ਚੰਦਨ ਹੋ ਗਏ ਹਨ ਅਤੇ ਨੀਵੀਂ ਜਾਤੀ ਤੋਂ ਉੱਚੀ ਜਾਤੀ ਦੇ ਬਣ ਗਏ ਹਨ:

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੯੬)*

ਉਪਰੋਕਤ ਸਮੁੱਚੀ ਚਰਚਾ ਤੋਂ ਬਾਅਦ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਮੁਕਤੀ ਦੇ ਤਿੰਨ ਸਾਧਨ—ਗਿਆਨ, ਕਰਮ ਤੇ

ਭਗਤੀ ਮਾਰਗ ਦਰਸਾਏ ਹਨ। ਆਪ ਨੇ ਕਰਮ ਮਾਰਗ ਤੇ ਗਿਆਨ ਮਾਰਗ ਦੀ ਮਹੱਤਤਾ ਦਾ ਵਰਣਨ ਕਰਦਿਆਂ ਭਗਤੀ ਮਾਰਗ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਭਗਤੀ ਦੇ ਪ੍ਰਮੁੱਖ ਸਾਧਨ ਪ੍ਰੇਮਾ-ਭਗਤੀ, ਪਰਮਾਤਮਾ ਦੀ ਕਿਰਪਾ, ਗੁਰੂ ਤੇ ਗੁਰੂ-ਕਿਰਪਾ, ਨਾਮ-ਸਿਮਰਨ ਅਤੇ ਸਤਿਸੰਗਤ ਆਦਿ ਹਨ। ਭਗਤ ਰਵਿਦਾਸ ਜੀ ਅਨੁਸਾਰ ਪਰਮਾਤਮਾ-ਪ੍ਰਾਪਤੀ ਦਾ ਪ੍ਰਮੁੱਖ ਸਾਧਨ ਪ੍ਰੇਮਾ-ਭਗਤੀ ਹੈ। ਜੀਵਾਤਮਾ ਗੁਰੂ ਦੀ ਬਖ਼ਸ਼ਿਸ਼ ਤੇ ਉਸ ਦੁਆਰਾ ਦਿੱਤੇ ਨਾਮ-ਸਿਮਰਨ ਰਾਹੀਂ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰ ਕੇ 'ਬੇਗਮਪੁਰੇ' ਦਾ ਵਾਸੀ ਬਣ ਜਾਂਦੀ ਹੈ:

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥੩॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)

ਹਵਾਲੇ:

੧. ਡਾ. ਜਸਬੀਰ ਸਿੰਘ ਸਾਬਰ, *ਰਵਿਦਾਸ ਬਾਣੀ: ਬਹੁਪੱਖੀ ਅਧਿਐਨ*, ਪੰਨਾ ੧੩੫.
੨. ਡਾ. ਕੁਲਵੰਤ ਕੌਰ, *ਬਾਣੀ ਭਗਤ ਰਵਿਦਾਸ-ਇਕ ਅਧਿਐਨ*, ਪੰਨਾ ੧੫੫-੧੫੬.
੩. ਉਹੀ, ਪੰਨਾ ੧੫੫

ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਗਤੀ' ਦਾ ਸੰਕਲਪ

*-ਡਾ. ਗੁਰਵਿੰਦਰ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਗਤੀ' ਦਾ ਸੰਕਲਪ ਬਹੁਤ ਹੀ ਮਹਤੱਵਪੂਰਨ ਸਥਾਨ ਰੱਖਦਾ ਹੈ। ਭਗਤੀ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਭਗਤੀ' ਅਤੇ 'ਭਗਤਿ' ਰੂਪ ਵਿਚ ਕ੍ਰਮਵਾਰ- ੧੦੫ ਅਤੇ ੬੪੬ ਵਾਰ ਆਇਆ ਹੈ। ਭਗਤੀ ਨਾਲ ਸੰਬੰਧਤ ਸ਼ਬਦਾਂ- ਭਗਤ, ਭਗਤਾ, ਭਗਤਾਂ, ਭਗਤੁ, ਭਗਤਹ, ਭਗਤਹੁ, ਭਗਤਨ, ਆਦਿ ਦੀ ਕ੍ਰਮਵਾਰ- ੨੮੧, ੧੦੧, ੧੩, ੬੪, ੧੧, ੪, ੩੭, ਵਾਰ ਵਰਤੋਂ ਹੋਈ ਹੈ।[੧] ਇਨ੍ਹਾਂ ਤੋਂ ਬਿਨਾਂ ਭਗਤਹੀਣੁ, ਭਗਤਿਹੀਨ, ਭਗਤਹੀਨੁ, ਭਗਤੇ, ਆਦਿ ਸ਼ਬਦਾਂ ਦਾ ਵੀ ਭਗਤੀ ਸ਼ਬਦ ਨਾਲ ਡੂੰਘਾ ਸੰਬੰਧ ਹੈ।

ਵਿਉਤਪਤੀ-ਮੂਲਕ ਅਰਥ: ਵਿਉਤਪਤੀ-ਮੂਲਕ ਅਰਥਾਂ ਵਿਚ 'ਭਗਤੀ' ਸ਼ਬਦ 'ਭਜੁ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ 'ਭਜਣਾ', 'ਮਹਾਨ ਕੋਸ਼' ਵਿਚ ਇਸ ਦੇ ਅਰਥ- ਸੇਵਾ, ਉਪਾਸਨਾ, ਸ਼ਰਧਾ, ਆਦਿ ਕੀਤੇ ਹਨ।[੨]

ਭਗਤੀ ਦੀ ਮਹਾਨਤਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਹੀ ਅਕਾਲ ਪੁਰਖ ਦੀ ਭਗਤੀ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮੁੱਚੀ ਮਨੁੱਖਤਾ ਦੇ ਸਾਹਮਣੇ ਭਗਤੀ ਦੀ ਮਹਾਨਤਾ ਇਹ ਕਹਿਕੇ ਪ੍ਰਗਟਾਈ ਹੈ ਕਿ ਭਗਤੀ ਤੋਂ ਬਿਨਾ ਜੀਵ ਪਰਮਾਤਮਾ ਦੀ ਬਖਸ਼ਿਸ਼ ਦਾ ਪਾਤਰ ਨਹੀਂ ਬਣ ਸਕਦਾ:

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੯)

ਭਾਈ ਮਨੀ ਸਿੰਘ ਜੀ ਨੇ 'ਗਿਆਨ ਰਤਨਾਵਲੀ' ਵਿਚ ਲਿਖਿਆ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਮੱਕੇ ਗਏ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਮਨੁੱਖੀ ਜੀਵਨ ਦਾ ਪ੍ਰਯੋਜਨ ਕੀ ਹੈ? ਗੁਰੂ ਜੀ ਨੇ ਉੱਤਰ ਦਿੱਤਾ- "ਬੰਦਾ ਜੁ ਹੋਇਆ ਹੈ ਸੋ ਬੰਦਗੀ ਵਾਸਤੇ ਹੋਇਆ ਹੈ, ਤਾਂ ਤੇ ਜੋ ਬੰਦਾ ਹੋ ਕੇ ਬੰਦਗੀ ਨਹੀਂ ਕਰਦਾ ਤੇ ਹਿਰਸ (ਤ੍ਰਿਸ਼ਨਾ) ਤੇ ਸ਼ਹਿਵਤ (ਭੋਗਇੱਛਾ) ਵਿਚ ਉਮਰ ਗੁਜਾਰਦਾ ਹੈ, ਸੋ ਹੈਵਾਨ ਦੀ ਨਿਆਂਈ ਹੈ।"[੩] ਭਾਈ ਨੰਦ ਲਾਲ ਜੀ ਨੇ ਤਾਂ ਆਪਣੀਆਂ ਗ਼ਜ਼ਲਾਂ ਦੇ ਪਹਿਲੇ ਸ਼ੇਅਰ ਵਿਚ ਹੀ ਕਹਿ ਦਿੱਤਾ ਹੈ ਕਿ ਵਜੂਦ ਵਿਚ ਆਉਣ ਦਾ ਇੱਕੋ ਇਕ ਕਾਰਨ ਬੰਦਗੀ ਭਾਵ ਭਗਤੀ ਹੀ ਹੈ ਵਰਨਾ ਸਰੀਰ ਵਿਚ ਆਉਣ ਦੀ ਲੋੜ ਨਹੀਂ ਸੀ। ਧੰਨ ਉਹ ਜੀਵਨ ਜੋ ਪਰਮਾਤਮਾ ਦੀ ਯਾਦ

**ਪਿੰਡ ਤੇ ਡਾਕਖਾਨਾ: ਸੂਲਰ, ਜ਼ਿਲ੍ਹਾ ਪਟਿਆਲਾ। ਮੋ: +੯੧੯੮੧੪੫-੩੮੨੮੮*

ਵਿਚ ਲੰਘੇ, ਨਹੀਂ ਤਾਂ ਇਸ ਗੁੰਬਦ ਰੂਪ ਆਕਾਸ਼ ਹੇਠਾਂ ਰਹਿਣ ਦਾ ਕੋਈ ਸੁਖ ਨਹੀਂ:

ਹਵਾਇ ਬੰਦਗੀ ਆਵੁਰਦ ਦਰ ਵਜੂਦ ਮਰਾ...(ਦੀਵਾਨਿ ਗੋਯਾ: ੧)

ਭਾਈ ਸਾਹਿਬ ਅਨੁਸਾਰ ਮਨੁੱਖ ਜਨਮ ਕੇਵਲ ਭਗਤੀ ਲਈ ਪ੍ਰਾਪਤ ਹੋਇਆ ਹੈ। ਗੁਰਬਾਣੀ ਵਿਚ ਭਗਤੀ-ਹੀਣ ਮਨੁੱਖ ਦੇ ਤਾਂ ਜਨਮ ਤੇ ਵੀ ਕਿੰਤੂ ਕੀਤਾ ਗਿਆ ਹੈ। ਭਗਤੀ ਬਾਝੋਂ ਉਸ ਨੂੰ ਬੇਇੱਜ਼ਤੀ ਤੇ ਅਪਮਾਨ ਵਾਲਾ ਜੀਵਨ ਗੁਜ਼ਾਰਨਾ ਪੈਦਾ ਹੈ:

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੭)

ਭਗਤੀ ਤੇ ਪ੍ਰੇਮ (ਭਾਉ-ਭਗਤੀ): ਭਗਤੀ ਪਰਮ-ਸਤਿ ਨਾਲ ਭਾਵੁਕ ਪੱਧਰ 'ਤੇ ਜੁੜਨ ਦਾ ਨਾਂ ਹੈ। ਇਹ ਪ੍ਰੇਮ-ਭਾਵਨਾ ਦਾ ਸਰਬੋਤਮ ਰੂਪ ਹੈ। ਪ੍ਰੇਮਾ-ਭਗਤੀ ਅਧੀਨ ਕੀਤਾ ਹੋਇਆ ਕਰਮ ਤੇ ਪ੍ਰਾਪਤ ਕੀਤਾ ਗਿਆਨ ਹੀ ਪਰਮਾਤਮਾ ਨਾਲ ਇਕ-ਰਸ ਸੰਜੋਗ ਕਰਵਾਉਣ ਦੇ ਸਮਰੱਥ ਹੈ ਕਿਉਂਕਿ ਗਿਆਨ ਤੇ ਕਰਮ ਭਗਤੀ ਦਾ ਹੀ ਅੰਗ ਹਨ। ਇਸ ਲਈ ਵਿਦਵਾਨਾਂ ਨੇ ਭਗਤੀ ਨੂੰ 'ਧਰਮ' ਦੀ ਆਧਾਰ-ਸ਼ਿਲ੍ਹਾ ਆਖਿਆ ਹੈ।

ਭਗਤੀ ਸੂਤਰਾਂ ਵਿਚ ਦਿੱਤੀਆਂ ਪਰਿਭਾਸ਼ਾਵਾਂ ਵਿਚ ਭਗਤੀ ਦੇ ਪ੍ਰੇਮ ਤੱਤ ਤੇ ਵਧੇਰੇ ਬਲ ਦਿੱਤਾ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ ਚੌਥੀ ਪਉੜੀ ਵਿਚ ਪਰਮਾਤਮਾ ਦਾ ਪਿਆਰ ਹਾਸਲ ਕਰਨ ਲਈ ਜਿਹੜਾ ਸਾਧਨ ਪ੍ਰਵਾਨ ਕੀਤਾ ਹੈ ਉਹੀ ਭਗਤੀ ਦਾ ਅਸਲ ਰੂਪ ਹੈ। ਭਗਤੀ ਹੈ- ਸੱਚੇ ਨਾਮ ਅਤੇ ਵਾਹਿਗੁਰੂ ਦੇ ਗੁਣਾਂ ਦੀ ਵਿਚਾਰ ਕਰਨੀ। ਇਸ ਨਾਲ ਸਾਧਕ ਅਕਾਲ ਪੁਰਖ ਦੀ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ ਅਤੇ ਉਸ ਨੂੰ ਜਨਮ ਮਰਨ ਦੇ ਗੇੜ ਤੋਂ ਮੁਕਤੀ ਮਿਲ ਜਾਂਦੀ ਹੈ:

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਸਾਧਕ ਲਈ 'ਸੁਣਿਐ', 'ਮੰਨੈ', ਤੇ 'ਏਕ ਧਿਆਨ' ਤਿੰਨ ਪੜਾਅ ਦੱਸੇ ਹਨ ਅਰਥਾਤ ਪਹਿਲਾ- ਗੁਰੂ ਤੋਂ ਸਿੱਖਿਆ ਸੁਣਨੀ, ਦੂਜਾ- ਉਸ 'ਤੇ ਵਿਚਾਰ ਕਰ ਕੇ ਵਿਸ਼ਵਾਸ ਲਿਆਉਣਾ ਤੇ ਤੀਜਾ ਅਮਲ ਵਿਚ ਲਿਆਉਣਾ ਹੈ। 'ਸੁਣਿਐ' ਦੀਆਂ ਚਾਰਾਂ ਪਉੜੀਆਂ (੮-੧੧) ਦੀਆਂ ਅੰਤਲੀਆਂ ਤੁਕਾਂ ਵਿਚ ਦੱਸਿਆ ਹੈ ਕਿ ਭਗਤ-ਜਨ ਪਰਮਾਤਮਾ ਦਾ ਨਾਮ ਸੁਣਨ ਨਾਲ 'ਸਦਾ ਵਿਗਾਸ' ਭਾਵ ਸਦਾ ਖੇੜੇ ਵਿਚ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਭਗਤ ਜਨ ਪਰਮਾਤਮਾ ਨੂੰ ਭਾਉਂਦੇ ਹਨ ਕਿਉਂਕਿ ਉਹ ਸਦਾ ਪਰਮਾਤਮਾ-ਪ੍ਰੇਮ ਵਿਚ ਰੱਤੇ ਹੋਏ ਉਸ ਦੀ ਸਿਫਤਿ-ਸਲਾਹ ਕਰਦੇ ਹਨ:

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੬)

ਭਗਤਾਂ ਦੇ ਹਿਰਦੇ ਅੰਦਰ ਪਰਮਾਤਮਾ ਵਸਦਾ ਹੈ ਇਸ ਲਈ ਉਹ ਸਦਾ ਅਨੰਦਮਈ ਅਵਸਥਾ ਵਿਚ ਵਿਚਰਦੇ ਹਨ:

ਤਿਥੈ ਭਗਤ ਵਸਹਿ ਕੇ ਲੋਅ॥
ਕਰਹਿ ਅਨੰਦੁ ਸਚਾ ਮਨਿ ਸੋਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਗੁਰਬਾਣੀ ਅਨੁਸਾਰ ਭਗਤੀ ਦੀ ਬਰਕਤ ਨਾਲ ਅਡੋਲ ਸਹਜ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ:

ਗੁਰਮੁਖਿ ਭਗਤਿ ਸਹਜ ਘਰੁ ਪਾਈਐ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੬)*

ਭਗਤ ਦਾ ਮਨ ਪ੍ਰੇਮ-ਭਗਤੀ ਵਿਚ ਲੀਨ ਹੋ ਜਾਂਦਾ ਹੈ, ਜਿਸ ਦੇ ਸਿੱਟੇ ਵਜੋਂ ਉਸ ਨੂੰ ਅੰਤਰ-ਆਤਮੇ ਇਕ ਰਸ ਸੰਗੀਤ ਦੀ ਅਨਹਦ-ਧੁਨੀ ਸੁਣਾਈ ਦੇਣ ਲਗਦੀ ਹੈ:

ਧੁਨਿ ਵਾਜੇ ਅਨਹਦ ਘੋਰਾ॥ ਮਨ ਮਾਨਿਆ ਹਰਿ ਰਸ ਮੋਰਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਨਾਮ ਮਾਰਗ ਵਿਚ ਭਗਤੀ ਦਾ ਸਰੂਪ *ਭਾਉ ਭਗਤਿ ਕਰਿ ਨੀਚ ਸਦਾਏ* ਵਾਲਾ ਹੈ। 'ਭਾਉ' ਸੰਸਕ੍ਰਿਤ ਦੇ 'ਭਾਵ' ਸ਼ਬਦ ਦਾ ਤਦਭਵ ਰੂਪ ਹੈ ਜਿਸ ਦਾ ਅਰਥ ਹੈ ਪ੍ਰੇਮ।[੪] ਨਾਮ ਮਾਰਗ 'ਤੇ ਚੱਲਣ ਵਾਲੇ ਸਾਧਕ ਲਈ ਭਾਵ-ਭਿੱਜੀ ਭਗਤੀ ਲਾਜ਼ਮੀ ਦੱਸੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਬਿਰਹਾ ਤੋਂ ਉਪਜੀ ਸਿੱਕ ਤੇ ਤੜਪ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਭਗਤ ਦਾ ਮੁੱਖ ਕਰਤਵ ਪਰਮਾਤਮਾ ਨੂੰ ਪ੍ਰੇਮ ਨਾਲ ਯਾਦ ਕਰਨਾ ਹੈ। ਜਿੰਨੀ ਦੇਰ ਉਹ ਆਪਣੇ ਪ੍ਰਭੂ ਦੇ ਗੁਣ ਗਾਉਂਦਾ ਰਹਿੰਦਾ ਹੈ, ਉਹ ਜਿਉਂਦਾ ਹੈ ਨਹੀਂ ਤਾਂ ਉਹ ਮਰਨ ਸਮਾਨ ਮਹਿਸੂਸ ਕਰਦਾ ਹੈ। ਗੁਰਵਾਕ ਹੈ:

ਆਖਾ ਜੀਵਾ ਵਿਸਰੈ ਮਰਿ ਜਾਉ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੯)*

ਗੁਰੂ ਜੀ ਅਨੁਸਾਰ ਭਗਤੀ ਭਾਵ ਜੀਵਨ ਦਾ ਸਾਰ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਅਜਿਹੇ ਸਰੀਰ ਨੂੰ 'ਮਸਾਣ' ਆਖਿਆ ਹੈ ਜਿਸ ਵਿਚ ਪਰਮਾਤਮਾ ਲਈ ਪ੍ਰੇਮ ਨਹੀਂ ਉਪਜਦਾ:

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯)

ਸ੍ਰੀ ਗੁਰੂ ਰਾਮਦਾਸ ਜੀ ਨੇ ਭਗਤੀ-ਰਹਿਤ ਦੇਹ ਨੂੰ 'ਨਿਮਾਣੀ' ਕਿਹਾ ਹੈ:

ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੯੧੭)

ਆਪ ਜੀ ਨੇ ਭਗਤ ਦੀ ਵਿਆਕੁਲਤਾ ਨੂੰ ਉਸ ਅਮਲੀ ਦੀ ਹਾਲਤ ਵਰਗਾ ਦੱਸਿਆ ਹੈ ਜਿਸਨੂੰ ਅਮਲ ਨਹੀਂ ਮਿਲਦਾ। ਗੁਰਵਾਕ ਹੈ:

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ

ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੬)

ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਬੇਸ਼ੱਕ ਕੋਈ ਵਿਅਕਤੀ ਸੁੰਦਰ, ਕੁਲੀਨ, ਚਤੁਰ, ਗਿਆਨੀ, ਬਲਵਾਨ ਹੋਵੇ, ਪਰ ਜੇ ਉਸ ਅੰਦਰ ਪ੍ਰੀਤ ਨਹੀਂ ਹੈ ਤਾਂ 'ਮਿਰਤਕ' ਸਮਝਣਾ ਚਾਹੀਦਾ ਹੈ:

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੩)

ਦੂਜੇ ਪਾਸੇ ਭਾਵੇਂ ਕੋਈ ਮਨੁੱਖ ਕਿੰਨਾ ਵੀ ਹੀਣ-ਖੀਣ ਹੋਵੇ ਉਸ ਦੇ ਕੋਲ ਨਾ ਸੰਸਾਰਿਕ ਧਨ, ਨਾ ਜਾਤਿ, ਨਾ ਪਤਿ, ਨਾ ਆਦਰ, ਨਾ ਮਿੱਤਰ, ਨਾ ਰੂਪ, ਨਾ ਅੰਗ ਸਾਕ ਹੀ ਹੋਣ, ਪਰ ਜੇ ਉਹ ਪਰਮਾਤਮਾ ਦੇ ਪ੍ਰੇਮ ਵਿਚ ਰੰਗਿਆ ਹੈ ਤਾਂ ਉਹ ਸਾਰੀ ਸ੍ਰਿਸ਼ਟੀ ਦਾ ਰਾਜਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੀ ਦ੍ਰਿੜ੍ਹ ਕਰਵਾਇਆ ਹੈ ਕਿ ਮਨੁੱਖ ਇਕ ਪਰਮਾਤਮਾ ਨਾਲ ਰੱਤੇ ਬਿਨਾਂ ਇਕ ਰੱਤੀ ਬਰਾਬਰ ਭਾਵ ਕੁਝ ਵੀ ਨਹੀਂ ਹੈ:

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥

(ਤ੍ਵ ਪ੍ਰਸਾਦਿ॥ ਸਵਯੇ)

'ਭਾਉ ਭਗਤੀ' ਦਾ ਮੂਲ ਅਧਾਰ-ਤੱਤ ਪ੍ਰੇਮ ਹੈ। ਇਸ ਤੋਂ ਬਿਨਾਂ ਭਗਤ ਦੀ ਕੋਈ ਸਾਧਨਾ ਪੂਰੀ ਨਹੀਂ ਹੋ ਸਕਦੀ ਕਿਉਂਕਿ ਪਰਮਾਤਮਾ ਪ੍ਰੇਮ ਰੂਪ ਵਿਚ ਸਭ ਥਾਂ ਵਿਆਪਕ ਹੈ:

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗੁ॥੮੦॥ (ਜਾਪੁ ਸਾਹਿਬ)

ਇਸ ਪ੍ਰੇਮ-ਸਰੂਪ ਪਰਮਾਤਮਾ ਦੀ ਪ੍ਰਾਪਤੀ ਲਈ ਹੋਰ ਧਾਰਮਿਕ ਸਾਧਨਾਂ ਦੇ ਮੁਕਾਬਲੇ ਪ੍ਰੇਮ ਹੀ ਸਰਬੋਤਮ ਸਾਧਨ ਹੈ। ਗੁਰੂ ਜੀ ਨੇ ਜੀਵਨ ਦੇ ਪਰਵਿਰਤੀ ਤੇ ਨਿਵਰਿਤੀ ਦੋਵੇਂ ਪਹਿਲੂ ਦੱਸ ਕੇ ਪ੍ਰਚਲਿਤ ਤੇ ਪ੍ਰਵਾਣਿਤ ਸਾਧਨਾਂ ਨੂੰ ਵਿਅਰਥ ਆਖਿਆ ਹੈ। ਮਨੁੱਖ ਭਾਵੇਂ ਸੰਸਾਰਿਕ ਭੋਗਾਂ ਦਾ ਸੁਖ ਤਿਆਗ ਕੇ ਤੀਰਥਾਂ ਤੇ ਭਾਉਂਦਾ ਫਿਰੇ ਜਾਂ ਸੰਸਾਰਿਕ ਖੁਸ਼ੀਆਂ ਭੋਗਦਾ ਰਹੇ ਪਰ ਸੱਚਾਈ ਇਹ ਹੈ ਕਿ ਪ੍ਰੇਮਾ-ਭਗਤੀ ਬਿਨਾਂ ਪਰਮਾਤਮਾ ਕਿਸੇ ਨੂੰ ਨਹੀਂ ਮਿਲਿਆ। *ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ* ਅਰਥਾਤ ਕੇਵਲ ਪ੍ਰੇਮਾ ਭਗਤੀ ਹੀ ਪ੍ਰਭੂ ਮਿਲਣ ਲਈ ਸਰਵ-ਸ੍ਰੇਸ਼ਟ ਸਾਧਨ ਹੁੰਦੀ ਹੈ। ਇਸੇ ਲਈ ਪ੍ਰੋ. ਪੂਰਨ ਸਿੰਘ ਨੇ ਪ੍ਰੇਮ ਨੂੰ ਜੀਵਨ ਦੀ ਸਭ ਤੋਂ ਅੰਤਰੀਵ ਅਵਸਥਾ (innermost state of life) ਆਖਿਆ ਹੈ।[੫] ਮਨੁੱਖੀ ਜੀਵਨ ਦਾ ਨਿਸ਼ਾਨਾ ਇਹੋ ਹੈ ਕਿ ਪਰਮਾਤਮਾ ਨਾਲ ਪ੍ਰੇਮ ਕਰਕੇ ਫਿਰ ਉਸ ਨਾਲ ਅਭੇਦ ਹੋਵੇ।

ਗੁਰੂ ਸਾਹਿਬਾਨ ਦੁਆਰਾ ਦਰਸਾਇਆ ਇਹ ਪ੍ਰੇਮ ਦੀਵਾਨਗੀ, ਮਦਹੋਸ਼ੀ, ਮਸਤਾਨਾਪਨ ਨਹੀਂ ਸਗੋਂ ਸਹਿਜ ਵਾਲਾ ਹੈ। ਸੂਫੀ ਫਕੀਰਾਂ ਤੇ ਵੈਸ਼ਨਵ ਭਗਤਾਂ

ਵਿਚ ਜਜ਼ਬਾਤੀ ਅੰਗ ਪ੍ਰਧਾਨ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਸਧਾਰੀਆਂ, ਰਾਸ ਲੀਲ੍ਹਾ ਵਿਚ ਨੱਚਣ ਵਾਲਿਆਂ ਦੀਆਂ ਕਿਰਿਆਵਾਂ ਨੂੰ ਮਾਨਤਾ ਨਹੀਂ ਦਿੱਤੀ:

ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)

ਸ੍ਰੀ ਗੁਰੂ ਅਮਰਦਾਸ ਜੀ ਨੇ ਸਪੱਸ਼ਟ ਕਿਹਾ ਹੈ ਕਿ *ਨਚਿਐ ਟਪਿਐ ਭਗਤਿ ਨ ਹੋਇ* ਸੱਚਾ ਭਗਤ ਉਹ ਹੈ ਜਿਸਦਾ ਸੌਣਾ, ਜਾਗਣਾ, ਉੱਠਣਾ, ਬੈਠਣਾ, ਆਦਿ ਹਰੇਕ ਵਿਉਹਾਰ ਸੁਭਾਵਿਕ ਕਰਮ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ, *ਨਾਨਕ ਜਨ ਕੈ ਬਿਰਤਿ ਬਿਬੇਕੈ॥* ਭਾਵ ਉਸ ਦੀ ਬਿਰਤੀ ਬਿਬੇਕ ਵਾਲੀ ਹੁੰਦੀ ਹੈ। ਸੰਜਮ-ਹੀਣ, ਆਪੇ ਤੋਂ ਬਾਹਰ ਹੋ ਕੇ ਉਲਾਰ ਵਾਲਾ ਜੀਵਨ ਸਿੱਖ ਧਰਮ ਦੇ ਗ੍ਰਹਿਸਥੀ ਜੀਵਨ ਨਾਲ ਮੇਲ ਨਹੀਂ ਖਾਂਦਾ। ਗੁਰੂ ਸਾਹਿਬ ਦਾ ਭਾਉ-ਭਗਤੀ ਦਾ ਆਦਰਸ਼ ਗਿਆਨ ਯੋਗ ਤੇ ਸਹਿਜ ਵਾਲਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪਰਮਾਤਮਾ ਅਤੇ ਉਸ ਦੇ ਭਗਤ ਦੀ ਡੂੰਘੀ ਪ੍ਰੇਮ-ਭਾਵਨਾ ਨੂੰ ਦਰਸਾਉਣ ਲਈ ਪਰਮਾਤਮਾ ਨੂੰ ਪੁਰਸ਼ ਅਥਵਾ ਪਤੀ ਅਤੇ ਜੀਵ ਨੂੰ ਇਸਤਰੀ ਅਥਵਾ ਪਤਨੀ ਦੇ ਰੂਪਕ ਦੁਆਰਾ ਚਿਤਰਿਆ ਹੈ ਅਤੇ ਦੋਹਾਂ ਦੇ ਸੰਬੰਧ ਨੂੰ ਅਧਿਆਤਮਿਕ ਰੰਗਣ ਵਿਚ ਪੇਸ਼ ਕੀਤਾ ਹੈ। ਭਾਈ ਕਾਨ੍ਹ ਸਿੰਘ ਦੇ ਸ਼ਬਦਾਂ ਵਿਚ- ‘‘ਕਰਤਾਰ ਦੀ ਅਨਨਯ ਭਗਤੀ ਦਾ ਉਪਦੇਸ਼ ਦੇਣ ਲਈ, ਸਤਿਗੁਰਾਂ ਨੇ ਜਗਯਾਸੂ ਨੂੰ ਇਸਤਰੀ ਅਤੇ ਵਾਹਗੁਰੂ ਨੂੰ ਪਤੀ ਰੂਪ ਵਰਣਨ ਕੀਤਾ ਹੈ।’’[੬]

ਸਮੁੱਚੀ ਗੁਰਬਾਣੀ ਵਿਚ ਇਹ ਪ੍ਰੇਮ-ਅਨੁਭਵ ਦੋ ਰੂਪਾਂ ਵਿਚ ਉਜਾਗਰ ਹੁੰਦਾ ਹੈ- ਵਿਯੋਗ ਅਤੇ ਸੰਯੋਗ। ਪ੍ਰੇਮ ਵਿਚ ਵਿਯੋਗ ਪੱਖ ਦਾ ਵਧੇਰੇ ਮਹੱਤਵ ਹੈ। ਵਿਯੋਗ ਦੀ ਅੱਗ ਵਿਚ ਹਰ ਪ੍ਰਕਾਰ ਦੇ ਦੋਸ਼ ਅਥਵਾ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਆਤਮਾ ਆਪਣੇ ਪੂਰੇ ਨਿਖਾਰ ’ਤੇ ਪਹੁੰਚ ਜਾਂਦੀ ਹੈ। ਭਗਤੀ ਭਾਵਨਾ ਵਿਚ ਵਿਯੋਗ ਅਥਵਾ ਬਿਰਹਾ ਨੂੰ ਵਿਸੇਸ਼ ਸਥਾਨ ਪ੍ਰਾਪਤ ਹੋਇਆ ਹੈ। ਵਿਯੋਗ ਦਾ ਪਹਿਲਾ ਕਾਰਨ ਜੀਵ ਆਤਮਾ ਦਾ ਸੰਸਾਰਿਕ ਪਰਪੰਚ ਵਿਚ ਐਨਾ ਖਚਿਤ ਹੋਣਾ ਦੱਸਿਆ ਹੈ ਕਿ ਆਪਣੇ ਵਿਚ ਵਸਦੇ ਪਤੀ ਪਰਮੇਸ਼ਰ ਨੂੰ ਭੁਲਾ ਚੁੱਕੀ ਹੈ:

ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ॥੧॥
ਇਉ ਕਿਉ ਕੰਤ ਪਿਆਰੀ ਹੋਵਾ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੬)*

ਦੂਸਰੇ, ਉਹ ਆਪ ਸਵੀਕਾਰਦੀ ਹੈ ਕਿ ਉਸ ਅੰਦਰ ਜਰੂਰੀ ਗੁਣਾਂ ਦਾ ਅਭਾਵ ਹੋ ਗਿਆ ਹੈ ਅਰਥਾਤ ਸਾਰੇ ਔਗੁਣ ਹੀ ਹਨ। ਅਜਿਹੀ ਸਥਿਤੀ ਵਿਚ ‘ਕੰਤ ਮਿਲਾਵਾ’ ਭਾਵ ਪਰਮਾਤਮਾ ਰੂਪੀ ਪਤੀ ਦਾ ਸੰਯੋਗ ਤਾਂ ਹੀ ਹੋ ਸਕਦਾ ਹੈ ਜੇ ਹਉਮੈ ਦੂਰ ਹੋਵੇ:

ਸਭਿ ਅਵਗਣ ਮੈ ਗੁਣੁ ਨਹੀ ਕੋਈ॥

ਕਿਉ ਕਰਿ ਕੰਤ ਮਿਲਾਵਾ ਹੋਈ॥੧॥...

ਹਉਮੈ ਜਾਈ ਤਾਂ ਕੰਤ ਸਮਾਈ॥

ਤਉ ਕਾਮਣਿ ਪਿਆਰੇ ਨਵ ਨਿਧਿ ਪਾਈ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੦)

ਗੁਰਬਾਣੀ ਸੇਧ ਦਿੰਦੀ ਹੈ ਕਿ ਉਹ ਕੰਤ ਨੂੰ ਤਾਂਹੀਂ ਚੰਗੀ ਲੱਗ ਸਕਦੀ ਹੈ ਜੇ ਆਪਣਾ ਆਪਾ-ਭਾਵ ਗਵਾ ਦੇਵੇ ਤੇ 'ਭੈ ਭਾਵ' ਦਾ ਸ਼ਿੰਗਾਰ ਕਰੇ। ਉਹ ਲੋਕਾਂ ਦਾ ਖਿਆਲ ਛੱਡ ਕੇ ਆਪਣਾ ਸਭ ਕੁਝ ਪਤੀ-ਪਰਮਾਤਮਾ ਦੇ ਹਵਾਲੇ ਕਰ ਦੇਵੇ। ਗੁਰੂ ਜੀ ਨੇ ਆਤਮ-ਸਮਰਪਣ ਦੀ ਭਾਵਨਾ ਨੂੰ ਪ੍ਰਭੂ ਪ੍ਰਾਪਤੀ ਦੀ ਲਾਜਮੀ ਸ਼ਰਤ ਪ੍ਰਵਾਨ ਕੀਤਾ ਹੈ। ਸੋਹਾਗਣਿ ਇਸਤਰੀ ਆਤਮ-ਸਮਰਪਣ ਕਰਦਿਆਂ ਨਿਮਰਤਾ ਭਾਵ ਨਾਲ ਕਹਿੰਦੀ ਹੈ ਕਿ ਜਿਵੇਂ ਉਸ ਨੂੰ ਭਾਉਂਦਾ ਹੈ ਪ੍ਰਵਾਨ ਕਰ ਲਵੇ ਕਿਉਂਕਿ ਉਸ ਦਾ ਹੋਰ ਕੋਈ ਆਸਰਾ ਨਹੀਂ ਹੈ:

– ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ॥

ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੭)

– ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)

– ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੬੧)

ਇਸ ਤਰ੍ਹਾਂ ਪਤੀ-ਪਤਨੀ ਦੇ ਰੂਪਕ ਦੁਆਰਾ ਗੁਰਬਾਣੀ ਵਿਚ ਭਗਤੀ ਦਾ ਉੱਚਾ ਤੇ ਸੁੱਚਾ ਆਸ਼ਾ ਕਾਇਮ ਕੀਤਾ ਗਿਆ ਹੈ। ਇਸ ਲਈ ਅਤਿ ਦਰਜੇ ਦੀ ਨਿਮਰਤਾ ਤੇ ਹਲੀਮੀ ਦਾ ਭਾਵ ਲੋੜੀਂਦਾ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਤੇ ਮਿਠਤ ਨੂੰ ਗੁਣਾਂ ਚੰਗਿਆਈਆਂ ਦਾ ਤੱਤ ਸਵੀਕਾਰ ਕੀਤਾ ਹੈ। ਆਪ ਨੇ ਇਹ ਵੀ ਦ੍ਰਿੜ੍ਹ ਕਰਵਾਇਆ ਹੈ ਕਿ ਬਿਨਾਂ ਗੁਣ ਧਾਰਨ ਕੀਤਿਆਂ ਭਗਤੀ ਦੇ ਮਾਰਗ ਤੇ ਚਲਣਾ ਅਸੰਭਵ ਹੈ:

ਵਿਣੁ ਗੁਣ ਕੀਤੇ ਭਗਤਿ ਨ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪)

ਉਪਰੋਕਤ ਵਿਚਾਰ ਤੋਂ ਇਹ ਸਪੱਸ਼ਟ ਹੋਇਆ ਕਿ ਭਗਤ ਨੇ ਨਿਮਰਤਾ ਤੇ ਹੋਰ ਸਦਗੁਣਾਂ ਨੂੰ ਜੀਵਨ ਵਿਚ ਅਪਣਾਉਣਾ ਹੈ। ਇਸ ਪ੍ਰਸੰਗ ਵਿਚ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਗੁਰਮਤਿ ਅਨੁਸਾਰ ਭਗਤੀ ਭਾਵ ਵਿਚ ਪ੍ਰਗਟਾਈ ਦੀਨਤਾ ਤੇ ਨਿਮਰਤਾ ਸੱਤਾ-ਹੀਣਤਾ ਨਹੀਂ ਹੈ ਜੋ ਉਸ ਨੂੰ ਨਿਤਾਣਾ ਤੇ ਸਾਹਸਹੀਣ ਬਣਾ ਦੇਵੇ ਸਗੋਂ ਪ੍ਰਚੰਡ ਸ਼ਕਤੀ ਦਾ ਸੋਮਾ ਹੈ।

ਭਗਤੀ ਅਤੇ ਸ਼ਕਤੀ: ਸ਼ਕਤੀ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ ਤੇ ਨਾ ਹੀ 'ਧਰਮ' ਕਾਇਮ ਰਹਿ ਸਕਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਸੰਤ-ਸਿਪਾਹੀ ਬਣਨ ਦਾ ਅਮਲੀ ਅਭਿਆਸ ਕਰਵਾਇਆ। ਸ੍ਰੀ ਗੁਰੂ ਹਰਿਗੋਬਿੰਦ

ਸਾਹਿਬ ਜੀ ਨੇ ਆਪ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ, ਜਿਹੜੀਆਂ ਕ੍ਰਮਵਾਰ ਸ਼ਕਤੀ ਤੇ ਭਗਤੀ ਦੀਆਂ ਪ੍ਰਤੀਕ ਸਨ। ਸਿੱਖਾਂ ਨੂੰ ਵੀ ਘੋੜ-ਸਵਾਰੀ ਕਰਨ ਤੇ ਸ਼ਸਤਰ ਵਿੱਦਿਆ ਸਿੱਖਣ ਦੀ ਪ੍ਰੇਰਨਾ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਕਤੀ ਤੇ ਸੈ੍ਵਮਾਣ ਦਾ ਚਿੰਨ੍ਹ- 'ਕਿਰਪਾਨ' ਨੂੰ ਅੰਮ੍ਰਿਤਧਾਰੀ ਸਿੰਘ ਦੀ ਰਹਿਤ ਦਾ ਲਾਜਮੀ ਅੰਗ ਬਣਾ ਦਿੱਤਾ। ਤਾਰਨ ਸਿੰਘ ਲਿਖਦੇ ਹਨ- "ਭਗਤੀ ਤੇ ਸ਼ਕਤੀ ਦੋ ਚੀਜਾਂ ਨਹੀਂ। ਭਗਤੀ ਵੀ ਇਕ ਸ਼ਕਤੀ ਹੈ ਜੋ ਪਰਮਾਤਮਾ ਹੀ ਭਗਤ ਨੂੰ ਦਿੰਦਾ ਹੈ ਤੇ ਹਰ ਭਗਤ ਕੋਈ ਆਤਮਿਕ ਮੰਤਵ ਸਾਹਮਣੇ ਰੱਖਦਾ ਹੈ, ਉਹ ਵਿਹਲਾ ਤੇ ਨਿਕੰਮਾ ਫਕੀਰ ਨਹੀਂ ਹੁੰਦਾ। ਪਰਮਾਤਮਾ ਵੱਲੋਂ ਉਸ ਦੇ ਜਿੰਮੇ ਕੋਈ ਕਾਰਜ ਸਾਧਣ ਦਾ ਉਦੇਸ਼ ਹੁੰਦਾ ਹੈ। ਇਸ ਕਰਮ ਦੀ ਸਿੱਧੀ ਲਈ ਭਗਤ ਨੂੰ ਪੂਰੀ ਸ਼ਕਤੀ ਮਿਲਦੀ ਹੈ।... ਪਰ ਸ਼ਕਤੀ ਕਿਸੇ ਪਾਸ ਰਹਿੰਦੀ ਉਦੋਂ ਤੀਕ ਹੈ ਜਿੰਨਾ ਚਿਰ ਭਗਤੀ ਰਹਿੰਦੀ ਹੈ। ਕੇਵਲ ਭਗਤੀ ਹੀ ਸਾਨੂੰ ਸ਼ਕਤੀ ਦਾਤਾ ਨਾਲ ਜੋੜੀ ਰੱਖਦੀ ਹੈ।"[੭] ਦਸਮ ਗੁਰੂ ਜੀ ਦੇ ਹੇਠ ਲਿਖੇ ਸਵੱਯੇ ਵਿਚ ਭਗਤੀ ਤੇ ਸ਼ਕਤੀ ਦਾ ਸੁੰਦਰ ਸੁਮੇਲ ਹੈ:

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥

(ਚੰਡੀ ਚਰਿਤ੍ਰ)

ਭਗਤੀ ਦਾ ਸਰੂਪ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਭਗਤੀ ਦਾ ਸਰੂਪ ਨਿਸ਼ਕ੍ਰਿਅਤਾ ਵਾਲਾ ਨਹੀਂ ਸਗੋਂ ਕਰਮਸ਼ੀਲਤਾ ਵਾਲਾ ਹੈ। ਨਾਰਦ ਭਗਤਿ-ਸੂਤ੍ਰ ਵਿਚ ਭਗਤੀ ਦੇ ਜੋ ਲੱਛਣ ਸ਼ਾਮਲ ਕੀਤੇ ਗਏ ਹਨ ਉਨ੍ਹਾਂ ਵਿਚ ਤਿਆਗ ਅਤੇ ਅਕਰਮਕਤਾ ਨੂੰ ਪ੍ਰਵਾਨ ਕੀਤਾ ਹੋਇਆ ਹੈ। ਇਹ ਵੀ ਕਿਹਾ ਹੋਇਆ ਹੈ ਕਿ ਦੁਨਿਆਵੀ ਕਾਰਜ ਓਨਾ ਚਿਰ ਹੀ ਕਰਨੇ ਹਨ ਜਿੰਨਾ ਚਿਰ ਸੰਪੂਰਨਤਾ ਪ੍ਰਾਪਤ ਨਹੀਂ ਹੁੰਦੀ। ਇਸ ਦੇ ਨਾਲ ਹੀ ਇਸਤਰੀ, ਧਨ, ਨਾਸਤਿਕ ਅਤੇ ਦੁਸ਼ਮਣ ਨਾਲ ਸੰਬੰਧਿਤ ਕੁਝ ਵੀ ਸੁਣਨ ਦੀ ਮਨਾਹੀ ਕੀਤੀ ਹੋਈ ਹੈ।[੮] ਗੁਰਮਤਿ ਵਿਚ ਘਰ, ਇਸਤਰੀ, ਸੰਤਾਨ, ਸੰਪਦਾ, ਆਦਿ ਤਿਆਗਣ ਨਾਲੋਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਦਿ) ਦਾ ਤਿਆਗ ਕਰਨਾ ਉੱਤਮ ਦੱਸਿਆ ਹੈ:

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੧੮)

ਗੁਰੂ ਜੀ ਅਨੁਸਾਰ ਭਗਤ ਛੱਤੀ ਪ੍ਰਕਾਰ ਦੇ ਅੰਮ੍ਰਿਤ ਭੋਜਨ, ਸੁਗੰਧੀਆਂ, ਘਰ ਗ੍ਰਿਹਸਥੀ ਦੇ ਸੁਖ, ਪਾਟ-ਪਟੰਬਰ, ਹਾਥੀ ਘੋੜੇ ਦੀ ਸਵਾਰੀ, ਬਾਗ, ਮਿਲਖ, ਧਨ, ਸੰਸਾਰ ਵਿਚ ਪ੍ਰਸਿੱਧਤਾ, ਆਦਿ ਸਭ ਕਾਰਜਾਂ ਦੀ ਪੂਰਤੀ ਨੂੰ ਪਰਮਾਤਮਾ ਦੀ ਦਾਤ

ਸਮਝ ਕੇ ਪ੍ਰਵਾਨ ਕਰਦਾ ਹੈ। ਪਦਾਰਥਾਂ ਦਾ ਭੋਗ ਛੱਡ ਕੇ ਵੈਰਾਗੀ ਹੋਣਾ ਪਰੰਪਰਾਵਾਦੀ ਭਗਤ ਦੇ ਲੱਛਣ ਹਨ। ਗੁਰਬਾਣੀ ਵਿਚ ਭਗਤ ਦਾ ਵਿਸ਼ੇਸ਼ ਲੱਛਣ *ਦੁਖੁ ਸੁਖੁ ਸਮਤੁ ਕਰਿ ਜਾਣੈ* ਅਤੇ *ਹਰਿ ਕਾ ਭਾਣਾ ਮੰਨੇ* ਹੈ:

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੦)

ਭਗਤ ਪਰਮਾਤਮਾ ਦਾ ਭਾਣਾ ਸਿਰ ਮੱਥੇ 'ਤੇ ਪ੍ਰਵਾਨ ਕਰਨ ਵਾਲਾ ਦੱਸਿਆ ਹੈ ਪਰ ਇਸ ਭਾਣਾ ਮੰਨਣ ਦਾ ਅਰਥ ਨਿਸ਼ਕ੍ਰਿਅਤਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਇਆ ਭਗਤੀ ਮਾਰਗ ਜੀਵਨ ਵਿਹੂਣਾ ਨਾ ਹੋ ਕੇ ਜੀਵਨਮਈ ਹੈ ਕਿਉਂਕਿ ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਕਰਮਸ਼ੀਲਤਾ ਹੈ।

ਭਗਤੀ ਅਤੇ ਬੈਰਾਗ (ਵੈਰਾਗ): ਗੁਰਬਾਣੀ ਦੇ ਫੁਰਮਾਨ *ਭਗਤੀ ਰਾਤੇ ਸਦ ਬੈਰਾਗੀ* ਅਨੁਸਾਰ ਭਗਤੀ ਅਤੇ ਬੈਰਾਗ (ਵੈਰਾਗ) ਦਾ ਅਨਿੱਖੜ੍ਹਵਾਂ ਸੰਬੰਧ ਹੈ। ਭਗਤ ਸੰਸਾਰਿਕ ਦੁੱਖਾਂ-ਸੁੱਖਾਂ ਨੂੰ ਭੋਗਦੇ ਹੋਏ ਅਧਿਆਤਮਿਕ ਉਚਾਈਆਂ ਛੂੰਹਦੇ ਹਨ। ਗੁਰਬਾਣੀ ਵਿਚ ਆਪਣੇ ਸਮਾਜਿਕ ਫ਼ਰਜ਼ਾਂ ਤੋਂ ਮੂੰਹ ਮੋੜ ਕੇ ਸੰਨਿਆਸ ਲੈਣ ਦਾ ਖੰਡਨ ਕੀਤਾ ਗਿਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਅਨੁਸਾਰ ਭਗਤੀ ਮਾਰਗ 'ਤੇ ਚੱਲਣ ਲਈ ਘਰ-ਬਾਰ ਤਿਆਗਣ ਦੀ ਲੋੜ ਨਹੀਂ। ਭਗਤ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਦਿਨ-ਰਾਤ ਪਰਮਾਤਮਾ ਦੀ ਸਦਾ ਥਿਰ ਰਹਿਣ ਵਾਲੀ ਭਗਤੀ ਕਰਦੇ ਰਹਿੰਦੇ ਹਨ। ਮਾਇਆ ਦੇ ਮੋਹ ਤੋਂ ਨਿਰਲੇਪ ਰਹਿੰਦੇ ਹੋਏ ਜੀਵਨ ਬਤੀਤ ਕਰਦੇ ਹਨ:

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੬੮)

ਅਰਥਾਤ ਭਗਤ ਨੇ ਏਕਾਂਤਵਾਸੀ ਨਹੀਂ ਬਣਨਾ; ਸਗੋਂ ਸਮਾਜਿਕ ਜੀਵਨ ਜਿਊਣਾ ਹੈ ਕਿਉਂਕਿ ਉਸ ਦੀ ਭਗਤੀ ਨਿੱਜੀ ਨਹੀਂ ਸਮੂਹਿਕ ਹੈ, ਉਸ ਦੀ ਮੁਕਤੀ ਵੀ ਵਿਅਕਤੀਗਤ ਨਹੀਂ, ਸਗੋਂ ਸੰਗਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੱਸਿਆ ਹੈ ਕਿ ਜਿੱਥੇ ਹਰਿ ਦਾ ਭਗਤ ਆਪਣਾ ਜਨਮ ਮਰਨ ਦਾ ਚੱਕਰ ਮੁਕਾਉਂਦਾ ਹੈ, ਉੱਥੇ ਅਨੇਕਾਂ ਹੋਰ ਸੰਗੀਆਂ ਨੂੰ ਵੀ ਤਾਰ ਲੈਂਦਾ ਹੈ:

ਹਰਿ ਕੀ ਭਗਤਿ ਮੁਕਤਿ ਬਹੁ ਕਰੇ॥
ਨਾਨਕ ਜਨ ਸੰਗਿ ਕੇਤੇ ਤਰੇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੫)*

ਸੰਖੇਪ ਵਿਚ, "ਗੁਰਮਤਿ ਦਾ ਵੈਰਾਗ ਸਮਾਜਿਕ ਜੀਵਨ ਨਾਲੋਂ ਟੁੱਟਿਆ ਹੋਇਆ ਖੁਸ਼ਕ ਇਕਾਂਤ ਦਾ ਧਾਰਨੀ ਨਹੀਂ ਸਗੋਂ ਜਿਊਂਦਾ ਜਾਗਦਾ ਸ਼ਬਦ-ਮੂਲਕ ਵੈਰਾਗ ਹੈ। ਉਚਾਟ ਬਿਰਤੀ ਵਾਲੇ ਵੈਰਾਗ ਨੂੰ ਰੱਦ ਕੀਤਾ ਗਿਆ ਹੈ।"[੬] ਗੁਰੂ ਸਾਹਿਬਾਨ ਦੇ ਸਮੇਂ ਵੈਸ਼ਨਵ ਮੱਤ ਨੂੰ ਮੰਨਣ ਵਾਲੇ ਭਗਤਾਂ ਨਾਲ ਗੁਰੂ ਜੀ ਦਾ ਸੰਪਰਕ

ਹੋਇਆ ਤਾਂ ਆਪ ਨੇ ਇਕ ਆਦਰਸ਼ ਵੈਸ਼ਨੋ (ਵਿਸ਼ਨੂੰ ਭਗਤ) ਦੀ ਜੀਵਨ ਜੁਗਤੀ ਇਸ ਤਰ੍ਹਾਂ ਦੱਸੀ: ਸੱਚਾ ਵੈਸ਼ਨਵ ਉਹ ਹੈ ਜੋ ਪਰਮਾਤਮਾ ਦੀ ਰਚੀ ਮਾਇਆ ਦੇ ਅਸਰ ਤੋਂ ਬੇਦਾਗ ਰਹਿੰਦਾ, 'ਧਰਮ' ਦੇ ਕੰਮ ਕਰਦਾ ਹੋਇਆ ਇਨ੍ਹਾਂ ਦੇ ਫ਼ਲ ਦੀ ਇੱਛਾ ਨਹੀ ਕਰਦਾ, ਨਿਸ਼ਕਾਮ ਹੋ ਕੇ ਹਰਿ ਭਗਤੀ ਤੇ ਕੀਰਤਨ ਵਿਚ ਮਸਤ ਰਹਿੰਦਾ ਹੈ। ਉਸ ਦੇ ਮਨ ਤਨ ਵਿਚ ਸਿਮਰਨ ਵੱਸਦਾ ਹੈ ਅਤੇ ਸਾਰਿਆਂ ਉੱਤੇ ਉਸ ਦੀ ਦਇਆ ਦ੍ਰਿਸ਼ਟੀ ਹੁੰਦੀ ਹੈ। ਅਜਿਹਾ ਵੈਸ਼ਨੋ ਪਹਿਲਾਂ ਆਪ ਨਾਮ ਨੂੰ ਦ੍ਰਿੜ੍ਹ ਕਰਦਾ ਹੈ ਤੇ ਫਿਰ ਦੂਜਿਆਂ ਨੂੰ ਵੀ ਨਾਮ ਜਪਾਉਂਦਾ ਹੈ। ਇਸ ਤਰ੍ਹਾਂ ਸੱਚਾ ਬੈਸ਼ਨੋ (ਵੈਸ਼ਨੋ) ਗੁਰੂ ਦੇ ਉਪਦੇਸ਼ ਰਾਹੀਂ ਗ੍ਰਹਿਸਥ ਵਿਚ ਰਹਿੰਦਿਆਂ ਹੀ ਪਰਮ ਗਤਿ ਪ੍ਰਾਪਤ ਕਰ ਲੈਂਦਾ ਹੈ:

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ॥ ਬਿਸਨ ਕੀ ਮਾਇਆ ਤੇ ਹੋਇ ਭਿੰਨ॥
ਕਰਮ ਕਰਤ ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ ਨਿਰਮਲ ਧਰਮ॥
ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥
ਮਨ ਤਨ ਅੰਤਰਿ ਸਿਮਰਨ ਗੋਪਾਲ॥ ਸਭ ਊਪਰਿ ਹੋਵਤ ਕਿਰਪਾਲ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਭਗਤੀ' ਦੇ ਸੰਕਲਪ ਦੀ ਵੈਸ਼ਨਵ ਭਗਤੀ ਲਹਿਰ ਤੋਂ ਭਿੰਨਤਾ: ਬੇਸ਼ਕ ਬ੍ਰਹਮ ਪ੍ਰਤੀ ਭਗਤੀ-ਭਾਵਨਾ ਤੇ ਉਪਾਸ਼ਨਾ ਦਾ ਭਾਵ ਪਹਿਲਾਂ ਵੇਦਾਂ, ਉਪਨਿਸ਼ਦਾਂ ਤੇ ਗੀਤਾ ਵਿਚ ਵੀ ਨਿਰੂਪਣ ਹੋ ਚੁੱਕਾ ਸੀ, ਪਰ ਭਗਤੀ ਪਿੱਛੇ ਜਿਹੜੀ ਪ੍ਰੇਮ-ਭਾਵਨਾ ਲੋੜੀਂਦੀ ਹੈ ਉਹ ਗੁਰੂ ਸਾਹਿਬ ਦੇ ਸਮੇਂ ਵਿਚ ਉਕਤ ਭਗਤੀ-ਪਰੰਪਰਾ ਵਿੱਚੋਂ ਅਲੋਪ ਹੋ ਚੁੱਕੀ ਸੀ। ਕਈ ਇਤਿਹਾਸਕਾਰਾਂ ਨੇ ਸਿੱਖ ਧਰਮ ਨੂੰ ਭਗਤੀ ਲਹਿਰ ਦਾ ਹੀ ਇਕ ਅੰਗ ਮੰਨ ਲਿਆ ਹੈ, ਪਰ ਕਪੂਰ ਸਿੰਘ ਦੇ ਵਿਚਾਰ ਅਨੁਸਾਰ, "ਇਸ ਗੱਲ ਵਿਚ ਰਤੀ ਵੀ ਸਚਾਈ ਨਹੀਂ ਕਿ ਸਿੱਖ ਧਰਮ ਉੱਤਰੀ ਹਿੰਦੁਸਤਾਨ ਦੀ ਭਗਤੀ ਲਹਿਰ ਦੀ ਇਕ ਸ਼ਾਖ ਹੈ।"[੭੦] ਸ਼ੇਰ ਸਿੰਘ ਹੋਰਾਂ ਨੇ ਹਵਾਲਾ ਦਿੱਤਾ ਹੈ ਕਿ "ਵੈਸ਼ਨਵ ਮੱਤ ਨੂੰ ਮੱਧ ਕਾਲ ਵਿਚ ਚੱਲੀ ਭਗਤੀ ਲਹਿਰ ਦਾ ਅਧਾਰ ਮੰਨਿਆ ਜਾਂਦਾ ਹੈ।"[੭੧]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਭਗਤੀ' ਦੇ ਸੰਕਲਪ ਨੂੰ ਉਜਾਗਰ ਕਰਨ ਲਈ ਵੈਸ਼ਨਵ ਭਗਤੀ ਲਹਿਰ ਨਾਲ ਤੁਲਨਾ ਕਰਨੀ ਉੱਚਿਤ ਜਾਪਦੀ ਹੈ:

ਪਹਿਲੇ, ਵੈਸ਼ਨਵ ਭਗਤੀ ਲਹਿਰ ਵੇਦਾਂ ਦੀ ਪ੍ਰਮਾਣਿਕਤਾ ਨੂੰ ਪ੍ਰਵਾਨ ਕਰਦੀ ਹੈ ਅਤੇ ਦੇਵੀ-ਦੇਵਤਿਆਂ ਵਿਚ ਵਿਸ਼ਵਾਸ ਪੱਕਾ ਕਰਦੀ ਹੈ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੇਦਾਂ ਨੂੰ ਪ੍ਰਮਾਣਿਕ ਇਲਹਾਮੀ ਤੇ ਅਨਾਦੀ ਪੁਸਤਕਾਂ ਨਹੀਂ ਮੰਨਿਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਵੀ-ਦੇਵਤਿਆਂ ਦੀ ਪੂਜਾ ਦਾ ਵੀ

ਖੰਡਨ ਕੀਤਾ ਹੈ। ਬ੍ਰਹਮਾ, ਵਿਸ਼ਨੂੰ, ਮਹੇਸ਼, ਆਦਿ ਦੇਵਤੇ ਅਕਾਲ ਪੁਰਖ ਦੀਆਂ ਸ਼ਕਤੀਆਂ ਦੇ ਪ੍ਰਤੀਕ ਹਨ, ਜਿਹੜੇ ਪਰਮਾਤਮਾ ਦੁਆਰਾ ਉਤਪੰਨ ਹੋਏ ਦੱਸੇ ਹਨ:

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ ਦੇਵੀ ਦੇਵ ਉਪਾਏ ਵੇਸਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੩੯)

ਦੂਸਰੇ, ਵੈਸ਼ਨਵ ਭਗਤੀ ਭਾਵਨਾ ਦਾ ਆਧਾਰ ਪੌਰਾਣਿਕ ਸਾਖੀਆਂ ਨੂੰ ਮੰਨਿਆ ਗਿਆ ਹੈ ਪਰ ਗੁਰਬਾਣੀ ਵਿਚ ਕਿਸੇ ਖਾਸ ਸਿਧਾਂਤ ਦੀ ਪੁਸ਼ਟੀ ਲਈ ਹੀ ਪੌਰਾਣਿਕ ਸਾਖੀਆਂ ਦੇ ਸੰਕੇਤ ਆਏ ਹਨ। ਇਹ ਸਿੱਟਾ ਕੱਢਣਾ ਕਿ ਗੁਰੂ ਸਾਹਿਬਾਨ ਮਿਥਿਹਾਸਿਕ ਪਾਤਰਾਂ ਨੂੰ ਸੱਚ ਮੰਨਦੇ ਹਨ, ਨਿਰਮੂਲ ਹੈ।

ਤੀਸਰੇ, ਵੈਸ਼ਨਵ ਭਗਤੀ ਲਹਿਰ ਦੇ ਪਰਿਵਰਤਕਾਂ ਦੁਆਰਾ ਦੇਹਧਾਰੀ ਈਸ਼ਵਰ ਤੇ ਅਵਤਾਰਾਂ[੧੨] ਦੀ ਹੋਂਦ ਨੂੰ 'ਧਰਮ' ਦਾ ਜ਼ਰੂਰੀ ਅੰਗ ਬਣਾਇਆ ਗਿਆ ਹੈ ਜਦੋਂ ਕਿ ਗੁਰਮਤਿ ਵਿਚਾਰਧਾਰਾ ਵਿਚ ਸਿਧਾਂਤਕ ਤੌਰ 'ਤੇ ਅਵਤਾਰਵਾਦ ਦਾ ਖੰਡਨ ਕੀਤਾ ਗਿਆ ਹੈ। ਭਾਈ ਜੋਧ ਸਿੰਘ ਨੇ ਅਵਤਾਰ ਦੀ ਪਰਿਭਾਸ਼ਾ ਇਹ ਦੱਸੀ ਹੈ: ''ਕਿਸੇ ਵਿਸੇਸ਼ ਮਨੋਰਥ ਲਈ ਜਦੋਂ' ਰੱਬ ਮਨੁੱਖੀ ਜਾਮੇ ਵਿਚ ਆਉਂਦਾ ਹੈ ਅਸੀਂ ਉਸ ਨੂੰ ਅਵਤਾਰ ਕਹਿੰਦੇ ਹਾਂ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ ਦੇ ਮਨੁੱਖੀ ਜਾਮੇ ਵਿਚ ਅਵਤਾਰ ਧਾਰਨ ਦੇ ਵਿਚਾਰ ਨੂੰ ਅਪ੍ਰਵਾਨ ਕੀਤਾ ਹੈ। ਆਪ ਨੇ ਮੂਲ ਮੰਤਰ ਵਿਚ ਅਕਾਲ ਪੁਰਖ ਦਾ ਸਰੂਪ ਚਿਤਰਣ ਕਰਦਿਆਂ ਪਰਮਾਤਮਾ ਨੂੰ 'ਅਜੂਨੀ' ਕਿਹਾ ਹੈ, ਜਿਸ ਦਾ ਭਾਵ ਹੈ ਕਿ ਉਹ ਗਰਭ ਜੂਨ ਵਿਚ ਨਹੀਂ ਆਉਂਦਾ। ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤਾਂ ਅਜਿਹੇ ਸਮੇਂ ਪਰਮੇਸ਼ਵਰ ਅਵਤਾਰ ਨਹੀਂ ਧਾਰਦਾ, ਗੁਰੂ ਪ੍ਰਗਟ ਹੁੰਦਾ ਹੈ।''[੧੩]

ਚੌਥੇ, ਦੇਵੀ-ਦੇਵਤਿਆਂ ਅਤੇ ਅਵਤਾਰਾਂ ਦੀ ਪੂਜਾ ਕਰਨੀ ਵੈਸ਼ਨਵ ਭਗਤੀ ਮਾਰਗ ਦਾ ਅਟੁੱਟ ਅੰਗ ਹੈ ਪਰ ਗੁਰਮਤਿ ਕਿਸੇ ਮਿਥਿਹਾਸਿਕ ਜਾਂ ਇਤਿਹਾਸਿਕ ਹਸਤੀ (ਜੋ ਕਿਸੇ ਦੇਵੀ ਦੇਵਤੇ, ਅਵਤਾਰ ਜਾਂ ਪੀਰ ਪੈਗੰਬਰ ਰੂਪ ਵਿਚ ਹੋਵੇ) ਦੀ ਵਿਸੇਸ਼ ਪੂਜਾ ਕਰਨ ਦਾ ਮਾਰਗ ਨਹੀਂ ਹੈ। ਗੁਰਬਾਣੀ ਵਿਚ ਕੇਵਲ ਸਰਬ-ਸ਼ਕਤੀਮਾਨ ਅਕਾਲ ਪੁਰਖ ਦੀ ਪੂਜਾ ਦਾ ਵਿਧਾਨ ਹੈ ਕਿਉਂਕਿ ਇਹ ਦੇਵਤੇ ਤੇ ਅਵਤਾਰ ਤਾਂ ਮਨੁੱਖਾਂ ਵਰਗੇ ਔਗੁਣਾਂ ਤੇ ਵਿਕਾਰਾਂ ਦੇ ਸ਼ਿਕਾਰ ਹੁੰਦੇ ਦੱਸੇ ਗਏ ਹਨ। ਸ੍ਰੀ ਰਾਮ ਵਰਗੇ ਤਥਾ-ਕਥਿਤ ਬ੍ਰਹਮ ਰੂਪ ਅਵਤਾਰ ਨੂੰ ਸੀਤਾ ਤੇ ਲਛਮਣ ਦੇ ਵਿਛੜਨ ਤੇ ਰੋਂਦੇ ਕੁਰਲਾਂਦੇ ਦੱਸਿਆ ਗਿਆ ਹੈ:

ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੫੩)*

ਪੰਜਵੇਂ, ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਨੂੰ ਪੂਜਣਾ ਵੈਸ਼ਨਵ ਭਗਤੀ ਦਾ ਲਾਜ਼ਮੀ ਹਿੱਸਾ ਹੈ ਪਰ ਗੁਰਮਤਿ ਮੂਰਤੀ-ਪੂਜਾ ਦੀ ਸਖਤ ਵਿਰੋਧੀ ਹੈ।

ਇਕ ਪੱਥਰ ਦੀ ਮੂਰਤੀ ਨੂੰ ਸਰਬ-ਵਿਆਪੀ ਪਰਮੇਸ਼ਰ ਦੀ ਥਾਂ ਅਸਥਾਪਨ ਨਹੀਂ ਕੀਤਾ ਜਾ ਸਕਦਾ। ਅਕਾਲ ਪੁਰਖ ਦੀ ਅਜਿਹੀ ਹਸਤੀ ਨਹੀਂ ਕਿ ਉਸਨੂੰ ਇਕ ਮੂਰਤੀ ਦੀ ਸ਼ਕਲ ਵਿਚ ਘੜ ਲਈਏ ਤੇ ਮੰਦਰ ਵਿਚ ਅਸਥਾਪਨ ਕਰਕੇ ਉਸਦੀ ਪੂਜਾ ਕਰੀਏ:

ਥਾਪਿਆ ਨ ਜਾਇ ਕੀਤਾ ਨ ਹੋਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨)*

ਗੁਰੂ ਜੀ ਨੇ ਪੱਥਰ ਪੂਜਣ ਵਾਲੇ ਲੋਕ ਕੁਰਾਹੀਏ ਤੇ ਮੁੱਢੋਂ ਖੁੰਝੇ ਹੋਏ ਮੁਗਧ ਗਵਾਰ ਕਹੇ ਹਨ ਕਿਉਂਕਿ ਉਹ ਨਹੀਂ ਜਾਣਦੇ ਕਿ ਇਹ ਪੱਥਰ ਤਾਂ ਆਪ ਮੰਝਧਾਰ ਵਿਚ ਡੁੱਬ ਜਾਂਦੇ ਹਨ ਉਨ੍ਹਾਂ ਨੂੰ ਭਵਸਾਗਰ ਤੋਂ ਕਿਵੇਂ ਤਾਰਨਗੇ। ਇਸ ਤਰ੍ਹਾਂ ਮੂਰਤੀ-ਪੂਜਾ ਦਾ ਕੀਤਾ ਖੰਡਨ ਤਰਕ ਪੂਰਨ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਐਲਾਨ ਕਰਦੇ ਹਨ ਕਿ ਉਹ ਪੱਥਰ ਪੂਜਣ ਵਾਲੇ ਨਹੀਂ ਹਨ। ਮੁਹਸਨ ਫਾਨੀ ਨੇ 'ਦਾਬਿਸਤਾਨ-ਏ-ਮਜ਼ਾਹਿਬ' ਵਿਚ ਲਿਖਿਆ ਹੈ ਕਿ ਸਿੱਖਾਂ ਵਿਚ ਨਾ ਮੂਰਤੀਆਂ ਹਨ ਤੇ ਨਾ ਹੀ ਮੂਰਤੀਆਂ ਲਈ ਮੰਦਰ।[੧੪]

ਛੇਵੇ, ਵੈਸ਼ਨਵ ਮੱਤ ਵੈਧੀ ਭਗਤੀ, ਜੋ ਅਨੇਕਾਂ ਵਿਧੀ ਵਿਧਾਨਾਂ ਨਾਲ ਭਰਪੂਰ ਹੁੰਦੀ ਹੈ, ਦਾ ਸਮਰਥਕ ਹੈ। ਇਹ ਲੌਕਿਕ, ਬਹਿਰੰਗ ਜਾਂ ਕਰਮ-ਕਾਂਡੀ ਹੈ ਜਿਸ ਦੇ ਅੰਤਰਗਤ ੬੪ ਅੰਗ ਆਉਂਦੇ ਹਨ।[੧੫] ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਭਗਤੀ ਦੇ ਬਾਹਰੀ ਰੂਪ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਗੁਰਮਤਿ ਇਸ ਦੇ ਸਮਾਨੰਤਰ ਅੰਦਰੂਨੀ ਭਾਵ ਹਿਰਦੇ ਦੀ ਭਗਤੀ ਨੂੰ ਮਾਨਤਾ ਦਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸਤਿ ਬ੍ਰਤ (ਵਰਤ) ਹੈ, ਸੰਤੋਖ ਤੀਰਥ ਹੈ, ਗਿਆਨ-ਧਿਆਨ ਇਸ਼ਨਾਨ ਹੈ, ਦਇਆ ਦੇਵਤਾ ਹੈ, ਖਿਮਾ ਜਪਮਾਲੀ ਹੈ, ਯੁਕਤੀ ਧੋਤੀ ਹੈ, ਸੁਰਤਿ ਚੌਂਕਾ ਹੈ, ਸ਼ੁਭ ਕਰਨੀ ਤਿਲਕ ਹੈ ਅਤੇ ਭਾਉ ਭੋਜਨ ਹੈ। ਇਸ ਪ੍ਰਕਾਰ ਦੀ ਭਗਤੀ ਕਰਨ ਵਾਲਾ ਕੋਈ ਵਿਰਲਾ ਸ੍ਰੇਸ਼ਟ ਪੁਰਸ਼ ਹੋ ਸਕਦਾ ਹੈ। ਇਹ ਗੁਣ (ਸਤਿ, ਸੰਤੋਖ, ਗਿਆਨ, ਦਇਆ, ਖਿਮਾ, ਭਾਉ, ਆਦਿ) ਧਾਰਨੇ ਅਸਲ ਵਿਚ, ਆਂਤਰਿਕ ਭਗਤੀ ਦੇ ਸਾਧਨ ਹਨ। ਅਜਿਹੀ ਦਿਲ੍ਹੀ ਭਗਤੀ ਕੀਤੇ ਬਗੈਰ ਮਨੁੱਖ ਦਾ ਜੀਵਨ ਵਿਅਰਥ ਜਾਂਦਾ ਹੈ:

ਬਿਨੁ ਅਭ ਭਗਤੀ ਬਾਦਿ ਮਰੀਜੈ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੨੭)*

ਉਪਰੋਕਤ ਵਿਸ਼ਲੇਸ਼ਣ ਤੋਂ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਉਲੀਕਿਆ ਭਗਤੀ ਦਾ ਸਰੂਪ ਮੌਲਿਕ ਤੇ ਸੁਤੰਤਰ ਹੈ। ਬੇਸ਼ਕ ਬ੍ਰਹਮ ਪ੍ਰਤੀ ਭਗਤੀ-ਭਾਵਨਾ ਤੇ ਉਪਾਸ਼ਨਾ ਦਾ ਭਾਵ ਪਹਿਲਾਂ ਵੇਦਾਂ, ਉਪਨਿਸ਼ਦਾਂ ਤੇ ਗੀਤਾ ਵਿਚ ਵੀ ਨਿਰੂਪਣ ਹੋ ਚੁੱਕਾ ਸੀ, ਪਰ ਭਗਤੀ ਪਿੱਛੇ ਜਿਹੜੀ ਪ੍ਰੇਮ-ਭਾਵਨਾ ਲੋੜੀਂਦੀ ਹੈ ਉਹ ਗੁਰੂ ਸਾਹਿਬ ਦੇ ਸਮੇਂ ਵਿਚ ਭਗਤੀ-ਪਰੰਪਰਾ ਵਿੱਚੋਂ ਅਲੋਪ ਹੋ ਚੁੱਕੀ ਸੀ। ਇਕ ਵਿਦਵਾਨ ਦੇ ਕਥਨ ਅਨੁਸਾਰ, "ਗੁਰੂ ਸਾਹਿਬਾਨ ਨੇ ਭਗਤੀ ਦਾ ਉਹ ਸਰੂਪ ਦਿੱਤਾ

ਜਿਹੜਾ ਭਾਰਤੀਆਂ ਦੀ ਅਨੇਕਤਾ ਨੂੰ ਏਕਤਾ ਵਿਚ ਪਰੋਂਦਾ ਹੈ, ਸਤਿਹੀਣ ਹੋਈ ਜ਼ਿੰਦਗੀ ਨੂੰ ਸਤਿ-ਸ਼ਕਤੀ ਪ੍ਰਦਾਨ ਕਰਦਾ ਹੈ, ਪ੍ਰੇਮਹੀਣ ਹੋਈ ਖੁਸ਼ਕ ਜ਼ਿੰਦਗੀ ਨੂੰ ਸਾਂਝੀ ਪੱਧਰ ਤੇ ਆਦਰਸ਼ਕ ਜਿੰਦਗੀ ਜੀਊਣ ਦਾ ਬਲ ਬਖਸ਼ਦਾ ਹੈ, ਅਣਖਹੀਣ ਹੋਈ ਮਨੁੱਖਤਾ ਨੂੰ ਇੱਜ਼ਤ ਤੇ ਗ਼ੈਰਤ ਦੀ ਜਿੰਦਗੀ ਜਿਊਣ ਦਾ ਵਿਧੀ ਵਿਧਾਨ ਸਿਖਾਉਂਦਾ ਹੈ, ਪਰ ਅਧੀਨਤਾ ਵਿੱਚੋਂ ਨਿਕਲ ਕੇ ਸੁਤੰਤਰ ਰਹਿਣ ਦਾ ਅਹਿਸਾਸ ਜਗਾਉਂਦਾ ਹੈ।'[੧੬]

ਹਵਾਲੇ :

੧. ਵੇਖੋ ਹਵਾਲੇ: ਕੁਲਬੀਰ ਸਿੰਘ ਥਿੰਦ, *"Index all Words in Siri Guru Granth Sahib"*

੨. *ਮਹਾਨ ਕੋਸ਼*, ਪੰਨਾ ੯੦੨.

੩. ਵੇਖੋ ਹਵਾਲਾ: ਸਰਦੂਲ ਸਿਘ ਕਵੀਸ਼ਰ, *ਸਿੱਖ ਧਰਮ ਦਰਸ਼ਨ*, ਪੰਨਾ ੨੪੭.

੪. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰਨਾ ੪੧੯.

੫. *Spirit of the Sikhs,* part 2, p. 170.

੬. *ਗੁਰੁਮਤ ਮਾਰਤੰਡ*, ਭਾਗ ਪਹਿਲਾ, ਪੰਨਾ ੨੭੫.

੭. ਤਾਰਨ ਸਿੰਘ, *ਭਗਤੀ ਦੇ ਸ਼ਕਤੀ*, ਪੰਨੇ ੧੩੯-੪੦.

੮. ਵੇਖੋ ਹਵਾਲਾ: *ਸਿੱਖ ਰਹੱਸਵਾਦ*, ਪੰਨਾ ੧੭੪.

੯. *ਗੁਰਮਤਿ ਵਿਵੇਚਨ*, ਪੰਨਾ ੭.

੧੦. ਪ੍ਰੀਤਮ ਸਿੰਘ, *ਗੁਰੂ ਨਾਨਕ ਵਿਚਾਰ ਅਧਿਐਨ*, ਪੰਨਾ ੪੧.

੧੧. ਇਸ ਭਗਤੀ ਲਹਿਰ ਦਾ ਮੋਢੀ ਸ੍ਰੀ ਰਾਮਾਨੁਜ ਸੀ ਜਿਸ ਤੋਂ ਪਿਛੋਂ ਹੋਰ ਅਨੇਕਾਂ ਭਗਤਾਂ ਨੇ ਭਾਰਤੀਆਂ ਨੂੰ ਬ੍ਰਾਹਮਣਾਂ ਦੇ ਕਰਮ-ਕਾਂਡੀ ਸ਼ਿਕੰਜੇ ਤੋਂ ਮੁਕਤ ਕਰਵਾ ਕੇ ਭਗਤੀ ਭਾਵਨਾ ਨਾਲ ਜੋੜਿਆ। ਸਰ ਜਾਰਜ ਗਰੀਅਰਸਨ ਨੇ ਭਗਤੀ ਲਹਿਰ ਨੂੰ ਹਿੰਦੁਸਤਾਨ ਦੇ ਸਾਰੇ ਇਤਿਹਾਸ ਦੇ ਧਾਰਮਿਕ ਮੰਡਲ ਵਿਚ ਸਭ ਤੋਂ ਵੱਡੀ ਇਨਕਲਾਬੀ ਲਹਿਰ ਮੰਨਿਆ ਹੈ ਜਿਸ ਦੇ ਅਸਰਾਤ ਅਜੇ ਤਕ ਹਿੰਦੁਸਤਾਨੀਆਂ ਦੇ ਜੀਵਨ ਵਿਚ ਮੌਜੂਦ ਹਨ। ਵੇਖੋ ਹਵਾਲਾ, *ਗੁਰਮਤਿ ਦਰਸ਼ਨ*, ਪੰਨਾ ੩੪੫.

੧੨. ਅਵਤਾਰ ਦਾ ਵਿਉਂਤਪਤੀ ਮੂਲਕ ਅਰਥ ਉਤਰਨਾ ਹੈ। *ਗੁਰੂ ਨਾਨਕ ਵਿਅਕਤਿਤਵ, ਕ੍ਰਿਤਿਤਵ ਔਰ ਚਿੰਤਨ*, ਪੰਨਾ ੩੨੫.

੧੩. *ਗੁਰਮਤ ਨਿਰਣਯ*, ਪੰਨਾ ੧੦੭.

੧੪. ਵੇਖੋ ਹਵਾਲਾ: *ਗੁਰਮਤਿ ਦਰਸ਼ਨ*, ਪੰਨਾ ੧੩੬.

੧੫. *ਗੁਰੂ ਨਾਨਕ ਦੀ ਵਿਚਾਰਧਾਰਾ*, ਪੰਨਾ ੪੨੧.

੧੬. ਜੋਗਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਦਰਪਣ*, ਪੰਨਾ ੫੯.

ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

ਵੱਡਾ ਘੱਲੂਘਾਰਾ

*-ਡਾ. ਜਸਬੀਰ ਸਿੰਘ**

'ਘੱਲੂਘਾਰਾ' ਸ਼ਬਦ ਅੰਗਰੇਜ਼ੀ ਦੇ Holocaust ਦਾ ਸਮਾਨਾਂਤਰ ਹੈ। ਇਹ ਸ਼ਬਦ ਅਸਲੋਂ ਯੂਨਾਨੀ ਭਾਸ਼ਾ ਦੇ ਸ਼ਬਦ Holocaustrun ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ burnt whole. ਇੰਝ ਘੱਲੂਘਾਰਾ ਦੇ ਲਫ਼ਜ਼ੀ ਮਾਅਨੇ ਹਨ 'ਸਾਰਾ ਕੁਝ ਤਬਾਹ ਜਾਂ ਸਵਾਹ ਕਰ ਦੇਣਾ'।

ਸਭ ਤੋਂ ਪਹਿਲਾਂ ਇਹ ਸ਼ਬਦ ਦੂਜੇ ਸੰਸਾਰ ਯੁੱਧ ਸਮੇਂ ਹੋਂਦ ਵਿਚ ਆਇਆ ਜਦੋਂ ਨੌਂ ਲੱਖ ਯਹੂਦੀਆਂ ਵਿੱਚੋਂ ਛੇ ਲੱਖ ਯੂਰਪੀਨ ਯਹੂਦੀਆਂ ਨੂੰ ਨਾਜ਼ੀ ਜਰਮਨੀਆਂ ਨੇ ਖਤਮ ਕਰ ਦਿੱਤਾ ਸੀ। ਸੰਸਾਰ ਦੇ ਇਤਿਹਾਸ ਵਿਚ ਅਜਿਹੇ ਬਹੁਤ ਸਾਰੇ ਸਮੇਂ ਆਏ ਜਦੋਂ ਅਜਿਹੇ ਕਈ ਖ਼ਤਰਨਾਕ ਘੱਲੂਘਾਰੇ ਹੋਂਦ ਵਿਚ ਆਏ ਸਨ।

ਸਿੱਖ ਇਤਿਹਾਸ ਵਿਚ ਪ੍ਰਮੁੱਖ ਤੌਰ 'ਤੇ ਤਿੰਨ ਘੱਲੂਘਾਰੇ ਹੋਏ ਹਨ ਜਦੋਂ ਹਜ਼ਾਰਾਂ ਸਿੰਘਾਂ ਨੂੰ ਸ਼ਹੀਦੀ ਜਾਮ ਪੀਣੇ ਪਏ। ਪਹਿਲਾ ਸਿੱਖ ਘੱਲੂਘਾਰਾ ੧੭੪੬ ਈ. ਵਿਚ ਹੋਇਆ ਜਿਸ ਵਿਚ ਤਕਰੀਬਨ ੧੦,੦੦੦ ਸਿੰਘ ਸ਼ਹੀਦ ਕੀਤੇ ਗਏ। ਇਸ ਨੂੰ ਸਿੱਖ ਤਵਾਰੀਖ਼ ਵਿਚ 'ਛੋਟਾ ਘੱਲੂਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਦੂਜਾ ਸਿੱਖ ਘੱਲੂਘਾਰਾ ੧੭੬੨ ਈ. ਨੂੰ ਹੋਇਆ ਜਿਸ ਵਿਚ ਤਕਰੀਬਨ ੨੫,੦੦੦ ਤੋਂ ੩੦,੦੦੦ ਸਿੰਘ ਸ਼ਹੀਦ ਹੋਏ ਜਿਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਤੀਜਾ ਸਿੱਖ ਘੱਲੂਘਾਰਾ ਜੂਨ ੧੯੮੪ ਵਿਚ ਹੋਇਆ।

ਅਹਿਮਦ ਸ਼ਾਹ ਦੁਰਾਨੀ ਨੇ ਜਦੋਂ ੧੭੬੧ ਵਿਚ ਖਵਾਜ਼ਾ ਮਿਰਜ਼ਾ ਜਾਨ ਨੂੰ ਪੰਜਾਬ ਵਾਸਤੇ ਨਿਯੁਕਤ ਕੀਤਾ ਤਾਂ ਸਿੱਖਾਂ ਨੇ ਉਸ ਨੂੰ ਜੰਗ ਵਿਚ ਹਾਰ ਹੀ ਨਹੀਂ ਦਿੱਤੀ ਸਗੋਂ ਮੈਦਾਨੇ-ਜੰਗ ਵਿਚ ਹੀ ਮਾਰ ਦਿੱਤਾ। ਜਦੋਂ ਅਹਿਮਦ ਸ਼ਾਹ ਨੂੰ ਇਹ ਖ਼ਬਰ ਪੁੱਜੀ ਤਾਂ ਉਸ ਨੇ ਪੰਜਾਬ ਵਾਸਤੇ ਨੂਰਦੀਨ ਬਾਮਜ਼ੀ ਨੂੰ ਰਵਾਨਾ ਕੀਤਾ। ਬਾਮਜ਼ੀ ਨੇ ਅਜੇ ਦਰਿਆ ਚਿਨਾਬ ਪਾਰ ਹੀ ਕੀਤਾ ਸੀ ਕਿ ਉਸ ਦਾ ਮੁਕਾਬਲਾ ਸ. ਚੜ੍ਹਤ ਸਿੰਘ ਸ਼ੁਕਰਚੱਕੀਏ ਨਾਲ ਹੋ ਗਿਆ। ਬਾਮਜ਼ੀ ਨੇ ਮੁਸ਼ਕਲ ਨਾਲ ਜਾਨ ਬਚਾ ਕੇ ਸਿਆਲਕੋਟ ਕਿਲ੍ਹੇ ਵਿਚ ਪਨਾਹ ਲਈ। ਜਦੋਂ ਸਿੰਘਾਂ ਕਿਲ੍ਹੇ ਦਾ ਘੇਰਾ ਕਈ ਦਿਨ ਨਾ ਚੁੱਕਿਆ ਤਾਂ ਬਾਮਜ਼ੀ ਰਾਤ ਸਮੇਂ ਜੰਮੂ ਦੀਆਂ ਪਹਾੜੀਆਂ ਵੱਲ ਭੱਜ ਗਿਆ। ਅਫ਼ਗਾਨ ਫੌਜੀਆਂ ਨੇ ਸਿੱਖ ਸਰਦਾਰ ਸਾਹਮਣੇ ਆਪਣੇ ਹਥਿਆਰ ਸੁੱਟ ਦਿੱਤੇ।

* *Sant Niwas, R-11, Swarn Colony, Gole Gujral, Jammu Tavi-180002; Mob. 9906566604*

ਲਾਹੌਰ ਦੇ ਗਵਰਨਰ ਖਵਾਜਾ ਉਬੈਦ ਖਾਨ ਨੇ ਜਦੋਂ ਦੁਰਾਨੀ ਜਰਨੈਲ ਬਾਮਜ਼ੀ ਬਾਰੇ ਸੁਣਿਆ ਤਾਂ ਉਹ ਅੱਗ-ਬਗੋਲਾ ਹੋ ਗਿਆ। ਉਸ ਨੇ ਭਾਰੀ ਫੌਜ ਇਕੱਠੀ ਕਰ ਕੇ ਸਿੱਖਾਂ 'ਤੇ ਹਮਲਾ ਬੋਲਿਆ ਪਰ ਖਵਾਜਾ ਦੀ ਫੌਜ ਵਿਚ ਭਰਤੀ ਸਿੱਖ ਫੌਜੀ ਆਪਣੇ ਗੁਰਭਾਈਆਂ ਨਾਲ ਮਿਲ ਗਏ। ਇਹ ਵੇਖ ਕੇ ਉਬੇਦ ਖਾਨ ਭਾਰੀ ਤੋਪਖਾਨਾ ਅਤੇ ਹਥਿਆਰ ਸੱਟ ਕੇ ਲਾਹੌਰ ਵੱਲ ਭੱਜ ਗਿਆ। ਸਿੰਘਾਂ ਦੇ ਹੌਸਲੇ ਬੁਲੰਦ ਹੋ ਗਏ ਅਤੇ ਫ਼ਤਹਿਯਾਬੀਆਂ ਉਨ੍ਹਾਂ ਦੇ ਪੈਰ ਚੰਮਣ ਲੱਗੀਆਂ। ਸਿੰਘਾਂ ਦੀ ਇਸ ਚੜ੍ਹਤ ਨੇ ਉਨ੍ਹਾਂ ਨੂੰ ਲਾਹੌਰ ਵੀ ਲਿਆ ਦਿੱਤਾ। ਲਾਹੌਰ ਦੇ ਤਖ਼ਤ 'ਤੇ ਸ. ਜੱਸਾ ਸਿੰਘ ਨੂੰ ਲਾਹੌਰ ਦਾ ਬਾਦਸ਼ਾਹ ਬਣਾ ਕੇ 'ਸੁਲਤਾਨ-ਉਲ-ਕੌਮ' ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। ਇੰਝ ਸਾਰਾ ਪੰਜਾਬ ਇੰਡਸ ਤੋਂ ਸਤਲੁਜ ਤਕ ਖਾਲਸਈ ਝੰਡੇ ਹੇਠ ਆ ਗਿਆ।

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ੨੭ ਅਕਤੂਬਰ, ੧੭੬੧ ਨੂੰ ਖਾਲਸਾ ਪੰਥ ਨੇ ਦੀਵਾਲੀ ਵਾਲੇ ਦਿਨ ਗੁਰਮਤਾ ਕੀਤਾ ਕਿ ਸਿੱਖ ਕੌਮ ਦੇ ਦੁਸ਼ਮਣਾਂ ਖਾਸ ਕਰ ਅਫ਼ਗਾਨੀਆਂ ਦੇ ਪ੍ਰਤੀਨਿਧਾਂ, ਮੁਖ਼ਬਰਾਂ ਅਤੇ ਸਹਿਯੋਗੀਆਂ ਨੂੰ ਸਜ਼ਾਵਾਂ ਦੇਣਗੇ ਜਿਨ੍ਹਾਂ ਦੇ ਪ੍ਰਮੁੱਖ ਜੰਡਿਆਲੇ ਦੇ ਨਿਰੰਜਨੀਏਂ ਹਨ।

ਜੰਡਿਆਲੇ ਦੇ ਆਕਲ ਦਾਸ ਦੀ ਇਤਲਾਹ 'ਤੇ ਅਹਿਮਦ ਸ਼ਾਹ ਦੁਰਾਨੀ ਪੰਜਾਬ 'ਤੇ ਚੜ੍ਹਾਈ ਕਰਨ ਆ ਗਿਆ। ਅਸਲ ਵਿਚ ਅਹਿਮਦ ਸ਼ਾਹ ਦਾ ਇਹ ਹਮਲਾ ਕੇਵਲ ਸਿੱਖਾਂ ਨੂੰ ਨੇਸਤੋ-ਨਾਬੂਦ ਕਰਨ ਲਈ ਕੀਤਾ ਗਿਆ ਸੀ। ਇਹ ਉਸੇ ਫੁਰਮਾਨ ਦਾ ਦੂਜਾ ਰੰਗ ਸੀ ਜੋ ੧੦ ਦਸੰਬਰ, ੧੭੧੦ ਈ. ਨੂੰ ਬਹਾਦਰ ਸ਼ਾਹ ਬਾਦਸ਼ਾਹ ਨੇ ਜਾਰੀ ਕੀਤਾ ਸੀ ਕਿ 'ਜਿੱਥੇ ਵੀ (ਗੁਰੂ) ਨਾਨਕ (ਸਾਹਿਬ) ਦੇ ਪੁਜਾਰੀ (ਸਿੱਖ) ਮਿਲਣ, ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ।'

ਜਨਵਰੀ ੧੭੬੨ ਨੂੰ ਸਿੰਘਾਂ ਨੇ ਆਕਲ ਦਾਸ ਦੇ ਸ਼ਹਿਰ ਨੂੰ ਘੇਰ ਲਿਆ ਸੀ। ਉਹ ਸਾਰੇ ਦਰਵਾਜ਼ੇ ਬੰਦ ਕਰ ਕੇ ਕੁਝ ਸਮੇਂ ਲੁਕਿਆ ਰਿਹਾ। ਉਸ ਨੇ ਤੁਰੰਤ ਅਹਿਮਦ ਸ਼ਾਹ ਨੂੰ ਜ਼ਰੂਰੀ ਇਤਲਾਹ (ਅਪੀਲ) ਭੇਜੀ ਜਿਸ ਰਾਹੀਂ ਅਬਦਾਲੀ ਭਾਰੀ ਫੌਜ ਲੈ ਕੇ ੩ ਫਰਵਰੀ, ੧੭੬੨ ਨੂੰ ਲਾਹੌਰ ਪੁੱਜ ਗਿਆ। ਸਿੰਘਾਂ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਘੇਰਾ ਚੁੱਕ ਲਿਆ ਅਤੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਏ ਮਾਲਵੇ ਵੱਲ ਹੋ ਗਏ। ਉਸ ਸਮੇਂ ਸਿੰਘਾਂ ਦੀ ਗਿਣਤੀ ਚਾਲ੍ਹੀ ਹਜ਼ਾਰ ਸੀ ਜਿਸ ਵਿਚ ਦਸ ਹਜ਼ਾਰ ਬੀਬੀਆਂ, ਬੱਚੇ ਅਤੇ ਬਿਰਧ ਵਹੀਰ ਦੀ ਸ਼ਕਲ ਵਿਚ ਸਨ, ਜਿਨ੍ਹਾਂ ਨੂੰ ਸਿੰਘ ਬੀਕਾਨੇਰ ਵੱਲ ਸੁਰੱਖਿਅਤ ਲੈ ਜਾਣਾ ਚਾਹੁੰਦੇ ਸਨ।

ਸਰਹਿੰਦ ਦੇ ਹਾਕਮ ਜ਼ੈਨ ਖਾਨ ਨੇ ਅਹਿਮਦ ਸ਼ਾਹ ਨੂੰ ਪੂਰੀ ਸਥਿਤੀ ਦੀ ਇਤਲਾਹ ਭੇਜੀ। ਅਹਿਮਦ ਸ਼ਾਹ ਨੇ ਜ਼ੈਨ ਖਾਨ ਨੂੰ ਹਦਾਇਤ ਕੀਤੀ ਕਿ ਮੇਰੇ (ਸ਼ਾਹ ਦੇ) ਆਉਣ ਤੋਂ ਪਹਿਲਾਂ ਸਿੱਖਾਂ ਨੂੰ ਕੱਸ ਕੇ ਫੜੀ ਰੱਖਣਾ ਅਤੇ ਸਵੇਰੇ ਆਣ ਕੇ

ਸਾਰਿਆਂ ਨੂੰ ਮਾਰ ਦੇਵਾਂਗੇ। ਭਾਈ ਰਤਨ ਸਿੰਘ ਹੋਰੀਂ 'ਸ੍ਰੀ ਗੁਰ ਪੰਥ ਪ੍ਰਕਾਸ਼' ਅੰਦਰ ਬਿਆਨ ਕਰਦੇ ਹਨ:

ਔਰ ਸ਼ਾਹ ਪੈ ਗਏ ਹਲਕਾਰੇ, ਸਿੰਘ ਆਏ ਹੈਂ ਦਾਇ ਹਮਾਰੇ।
ਹਮ ਇਤ ਵਲ ਤਿਹਂ ਰਾਖੈਂ ਘੇਰ, ਤੁਮ ਇਨ ਮਾਰੋ ਹੋਤ ਸਵੇਰ॥੨੦॥

(ਸ੍ਰੀ ਗੁਰ ਪੰਥ ਪ੍ਰਕਾਸ਼)

ਜੈਨ ਖਾਨ ਨਾਲ ਮਲੇਰਕੋਟਲੇ ਦਾ ਭੀਖਨ ਖਾਨ ਵੀ ਸ਼ਾਮਲ ਹੋ ਗਿਆ। ਉਸ ਸਮੇਂ ਸਿੰਘਾਂ ਦਾ ਵਹੀਰ ਆਪਣੀ ਚਾਲੇ ਤੁਰ ਰਿਹਾ ਸੀ:

ਬਹੀਰ ਕੋਸ ਦੁਇ ਤਿੰਨ ਗਯੋ, ਤੌ ਆਗੇ ਪਰੇ ਰਿਪੁ ਔਰ।
ਜੈਨਾ ਅਤੇ ਮਲੇਰੀਏ ਮਾਰੇ ਉਨ੍ਹੇਂ ਬਹੁ ਦੌਰ॥੩੬॥ (ਉਹੀ, ਸਫਾ ੪੫੩)

੫ ਫਰਵਰੀ, ੧੭੬੨ ਈ. ਦੀ ਸਵੇਰ ਨੂੰ ਜੰਗ ਦਾ ਮੈਦਾਨ ਗਰਮ ਹੋਇਆ। ਜ਼ੈਨ ਖਾਨ ਦੇ ਫੌਜੀਆਂ ਦੀ ਗਿਣਤੀ (ਤੋਪਖਾਨੇ) ੨੦,੦੦੦ ਸੀ ਜਿਸਨੇ ਪਹਿਲਾ ਹੱਲਾ ਕੀਤਾ। ਸਿੱਖਾਂ ਨੇ ਸੋਚਿਆ ਵੀ ਨਹੀਂ ਸੀ ਕਿ ਅਬਦਾਲੀ ਉਸਦੀ ਤੁਰੰਤ ਮੱਦਦ ਲਈ ਆ ਜਾਵੇਗਾ। ਜਦੋਂ ਅਬਦਾਲੀ ਵੀ ੩੦,੦੦੦ ਘੋੜ ਸਵਾਰਾਂ ਨੂੰ ਨਾਲ ਲੈ ਕੇ ਮੈਦਾਨ ਵਿਚ ਆ ਗਿਆ ਤਾਂ ਜ਼ੈਨ ਖਾਨ ਦੇ ਫੌਜੀਆਂ ਦੇ ਹੌਸਲੇ ਬੁਲੰਦ ਹੋਣੇ ਕੁਦਰਤੀ ਸਨ। ਇਸ ਸਮੇਂ ਅਬਦਾਲੀ ਸਿੱਖਾਂ ਤੋਂ ਪੁਰਾਣੇ ਬਦਲੇ ਵੀ ਲੈਣਾ ਚਾਹੁੰਦਾ ਸੀ ਜਦੋਂ ਸਿੱਖਾਂ ਨੇ ਕਈ ਪੁਰਾਣੇ ਮੌਕਿਆਂ 'ਤੇ ਉਸ 'ਤੇ ਹਮਲੇ ਕੀਤੇ ਸਨ। ਇਸ ਵਾਰ ਅਬਦਾਲੀ ਚੰਗਾ ਤੋਪਖਾਨਾ ਲੈ ਕੇ ਅਤੇ ਹਥਿਆਰਾਂ ਨਾਲ ਲੈਸ ਹੋ ਕੇ ਆਇਆ ਸੀ।

ਸ. ਜੱਸਾ ਸਿੰਘ ਅਤੇ ਸ. ਚੜ੍ਹਤ ਸਿੰਘ ਨੇ ਸਮੇਂ ਨੂੰ ਭਾਂਪਦੇ ਹੋਏ ਆਪਣੇ ਸਿੰਘਾਂ ਨੂੰ ਹੁਕਮ ਕੀਤਾ ਕਿ ਤੁਰੰਤ ਬੀਬੀਆਂ, ਬੱਚਿਆਂ ਅਤੇ ਬਿਰਧਾਂ ਚੁਗਿਰਦੇ ਗੋਲ ਘੇਰਾ ਉਸਾਰ ਦਿਓ ਅਤੇ ਬਰਨਾਲੇ ਵੱਲ ਕੂਚ ਕਰੋ। ਸਿੰਘਾਂ ਦਾ ਇੱਕੋ ਮਕਸਦ ਸੀ ਕਿ ਵਹੀਰ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨਾਲ ਲੜਾਈ ਕਰ ਕੇ ਭਾਰੀ ਨੁਕਸਾਨ ਪਹੁੰਚਾਇਆ ਜਾਵੇ। ਪਰ ਦੁਸ਼ਮਣ ਦੀ ਗਿਣਤੀ ਲੱਖਾਂ ਵਿਚ ਸੀ ਅਤੇ ਸਿੰਘ ਆਟੇ ਵਿਚ ਲੂਣ ਬਰਾਬਰ ਸਨ:

ਤੁਰਕ ਆਟਾ ਹਮ ਲੂਣ ਸਿਵਾਪੈਂ, ਵਹਿ ਅੰਧੇਰੀ ਹਮ ਬਰੋਲੋ ਸਿਵਾਪੈਂ।
ਤੁਰ ਤੁਰ ਲਰੋ ਔ ਲਰ ਲਰ ਤੁਰੋ, ਬਹੀਰ ਬਚਾਵਨ ਖਾਤਰ ਅੜੋ॥੫੩॥...
ਲੜੈਂ ਨਠੈ ਖੜ ਖੜ ਮੁੜ ਲੜੈਂ, ਬਹੁਤੇ ਗਿਲਜੇ ਕਯਾ ਸਿੰਘ ਕਰੈਂ॥੫੭॥...
ਜਿਮ ਕਰ ਕੁਕੜੀ ਬਚਿਅਨ ਛੁਪਾਵੈ, ਫਿਲਾਇ ਪੰਖ ਦੁਇ ਤਰਫ਼ ਰਖਾਵੈ।
ਇਮ ਖਾਲਸੇ ਨੈ ਬਹੀਰ ਛਪਾਯੋ, ਜੋ ਬਚ ਰਹਯੋ ਸੁ ਆਗੈ ਲਗਾਯੋ॥੧੨੪॥

ਜਦੋਂ ਵੱਡਾ ਘੱਲੂਘਾਰਾ ਹੋਇਆ ਉਸ ਸਮੇਂ ਸਾਰੇ ਸਿੰਘ ਮਲੇਰਕੋਟਲੇ ਤੋਂ ੧੨ ਕਿਲੋਮੀਟਰ ਦੂਰ ਉੱਤਰ ਵੱਲ ਕੁੱਪ-ਰੁਹੀੜੇ ਵਿਚ ਇਕੱਠੇ ਸਨ। ਸਿੰਘ ਭਾਵੇਂ ਇਸ ਯੁੱਧ-ਅਭਿਆਸ ਵਿਚ ਸਫਲ ਹੋਏ ਪਰ ਉਨ੍ਹਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ।

ਸ. ਚੜ੍ਹਤ ਸਿੰਘ ਸ਼ੁਕਰਚੱਕੀਏ ਦੀ ਬਹਾਦਰੀ ਅਤੇ ਯੁੱਧਨੀਤੀ ਕਾਰਨ ਵਹੀਰ ਵਿਚ ਬਹੁਤ ਸਾਰਿਆਂ ਨੂੰ ਬਚਾ ਲਿਆ ਗਿਆ। 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਇਸ ਲੜਾਈ ਦਾ ਚਿਤਰਨ ਬਾ-ਖੂਬੀ ਕੀਤਾ ਗਿਆ ਹੈ। ਇਹ ਲਿਖਤ ਹੋਰ ਵੀ ਭਰੋਸੇਯੋਗ ਹੈ ਕਿਉਂਕਿ ਭਾਈ ਰਤਨ ਸਿੰਘ ਦੇ ਪਿਤਾ ਜੀ ਅਤੇ ਚਾਚਾ ਜੀ ਵੀ ਇਸ ਲੜਾਈ ਵਿਚ ਸ਼ਾਮਲ ਸਨ। ਦੋਵਾਂ ਪਾਸਿਆਂ ਤੋਂ ਪਸ਼ੂ ਅਤੇ ਮਨੁੱਖ ਪਾਣੀ ਪੀਣ ਲਈ ਉਤਾਵਲੇ ਸਨ ਅਤੇ ਥਕਾਵਟ ਨਾਲ ਚੂਰ ਹੋ ਗਏ ਸਨ। ਬਕੌਲ 'ਸ੍ਰੀ ਗੁਰ ਪੰਥ ਪ੍ਰਕਾਸ਼':

ਘੋੜੇ ਮਰਦ ਪਿਆਸੇ ਭਏ, ਸਬਹਨ ਕੇ ਮੁਖ ਸੂਕ ਸੁ ਗਏ।
ਰਸਤੇ ਮੈਂ ਜਲ ਹੱਥ ਨ ਆਯੋ, ਜੋ ਆਯੋ ਤੌ ਪੀਅਨ ਕਬ ਪਾਯੋ॥੧੩੩॥
ਕੌਸ ਬਾਰਾਂ ਮੇਂ ਨਹਿ ਜਲ ਲੱਭਾ, ਪੀਤੋ ਦੁਤਰਫੀ ਚਾਹੈ ਸਭਾ।
ਸਭ ਕੋ ਜਲ ਤਹਿਂ ਨਦਰੀ ਆਯਾ, ਜਨ ਮਰਤੇ ਕਿਨ ਜੀਵਨ ਪਾਯਾ॥੧੩੪॥
ਭਰੀ ਢਾਬ ਬਡ ਦੌਵੈ ਨੱਠ, ਪਯਾਸੇ ਪਰੇ ਦੁਤਰਫ਼ੋਂ ਨੱਠ।
ਬਹੀਰੀਏ ਭੀ ਚਹੈਂ ਪੀਓ ਪਾਨੀ, ਪਰਤ ਤਲਵਾਰ ਨ ਤਿਨ ਨੇ ਮਾਨੀ॥੧੩੫॥
ਗਿਲਜੇ ਭੀ ਲੜਨੋ ਭੁੱਲ ਗਏ, ਪੀਵਨ ਪਾਨੀ ਢਾਬ ਸੁ ਪਏ।
ਪਯਾਸੇ ਵਿਚਦੋਂ ਨਠ ਜਲ ਪੀਵੈਂ, ਭਾਵੈਂ ਮਰ ਡੁਬ ਭਾਵੈਂ ਜੀਵੈਂ॥੧੩੬॥

ਸ਼ਾਮ ਸਮੇਂ ਸਿੰਘ ਬਹੁਤੇ ਸਹੀ-ਸਲਾਮਤ ਬਰਨਾਲੇ ਪੁੱਜ ਗਏ। ਅਬਦਾਲੀ ਦੇ ਫੌਜੀ ਵੀ ਜਿਨ੍ਹਾਂ ਲੰਮਾ ਪੈਂਡਾ ਮਾਰ ਕੇ ਇਸ ਜੰਗ ਵਿਚ ਹਿੱਸਾ ਲਿਆ ਸੀ, ਥੱਕ-ਟੁੱਟ ਕੇ ਵਾਪਸ ਮੁੜ ਗਏ। ਸਿੰਘਾਂ ਦੇ ਜਜ਼ਬੇ ਨੂੰ ਇਹ ਘੱਲੂਘਾਰਾ ਚੜ੍ਹਦੀ ਕਲਾ ਦੇ ਕਲਸ ਵਾਂਗ ਪ੍ਰਦੀਪਤ ਕਰਦਾ ਹੈ।

ਇਸ ਜੰਗ ਵਿਚ ਸਿੱਖਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਇਸ ਬਾਰੇ ਸਾਡੇ ਕੋਲ ਦੋ ਹੀ ਪ੍ਰਮੁੱਖ ਮੁੱਢਲੇ ਸੋਮੇ ਹਨ। ਸਿੱਖ ਇਤਿਹਾਸ ਵਿਚ ਇਹ ਗਿਣਤੀ ੨੦,੦੦੦ ਤੋਂ ਲੈ ਕੇ ੫੦,੦੦੦ ਤਕ ਕੀਤੀ ਗਈ ਹੈ। ਪਹਿਲਾ ਸੋਮਾ ਇਕ ਫ਼ਾਰਸੀ ਲਿਖਤ 'ਕਿਸਾ-ਏ-ਥਮਸ-ਏ-ਮਸਕੀਨ' (ਥਮਸ-ਨਾਮਾ) ਹੈ ਜੋ ਅਪ੍ਰੈਲ ੧੭੮੨ ਨੂੰ ਥਮਸ ਖਾਨ ਨੇ ਮੁਕੰਮਲ ਕੀਤਾ। ਇਹ ਲਿਖਤ ਬੜੀ ਮਹੱਤਵਪੂਰਨ ਅਤੇ ਮੁੱਢਲਾ ਸੋਮਾ ਹੈ ਕਿਉਂਕਿ ਥਮਸ ਖ਼ਾਨ ਨੇ ਇਸ ਜੰਗ ਵਿਚ ਆਪ ਹਿੱਸਾ ਲਿਆ ਸੀ। ਉਸ ਨੇ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਯੁੱਧ ਨੀਤੀ ਪੈਂਤੜੇਬਾਜ਼ੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਇਹ ਭਵਿੱਖਬਾਣੀ ਕੀਤੀ ਸੀ ਕਿ ਜਲਦੀ ਹੀ ਸਿੱਖ ਰਾਜ ਕਾਇਮ ਹੋ ਜਾਵੇਗਾ, ਜੋ ਬਾਅਦ ਵਿਚ ਸੱਚ ਨਿਕਲਿਆ।

ਥਮਸ ਖ਼ਾਨ ਨੇ ਲਿਖਿਆ ਹੈ, "ਇਹ ਭਰੋਸੇਯੋਗ ਹੈ ਕਿ ਤਕਰੀਬਨ ੨੫,੦੦੦ ਸਿੱਖ ਮਾਰੇ ਗਏ ਸਨ।" ਇਹ ਇਕ ਗ਼ੈਰ-ਸਿੱਖ ਦੀ ਲਿਖਤ ਸੀ।

ਦੂਸਰਾ ਸੋਮਾ ਸਿੱਖ ਇਤਿਹਾਸਕਾਰ ਸ. ਰਤਨ ਸਿੰਘ ਜੀ ਦਾ 'ਸ੍ਰੀ ਗੁਰ ਪੰਥ

ਪ੍ਰਕਾਸ਼' ਹੈ ਜੋ ੧੮੪੧ ਈ. ਦੀ ਕ੍ਰਿਤ ਹੈ। ਸ. ਰਤਨ ਸਿੰਘ ਦੇ ਪਿਤਾ ਜੀ ਅਤੇ ਚਾਚਾ ਜੀ ਨੇ ਇਸ ਲੜਾਈ ਵਿਚ ਆਪ ਹਿੱਸਾ ਲਿਆ ਸੀ, ਇਸ ਲਈ ਇਹ ਲਿਖਤ ਵੀ ਮੁੱਢਲੇ ਸੋਮੇ ਵਜੋਂ ਅਹਿਮ ਕਹੀ ਜਾ ਸਕਦੀ ਹੈ। ਇਸ ਲਿਖਤ ਵਿਚ ਸ਼ਹੀਦਾਂ ਦੀ ਗਿਣਤੀ ਤੀਹ ਹਜ਼ਾਰ ਦੱਸੀ ਗਈ ਹੈ। ਪਰ ਆਮ ਲੋਕਾਂ ਵਿਚ ਇਹ ਵਿਚਾਰ ਸੀ ਕਿ ਸਿੰਘ ਪੂਰਾ ਇਕ ਲੱਖ ਸੀ ਜਿਸ ਵਿੱਚੋਂ ਪੰਜਾਹ ਹਜ਼ਾਰ ਮਾਰਿਆ ਗਿਆ ਅਤੇ ਪੰਜਾਹ ਹਜ਼ਾਰ ਬਚ ਗਿਆ:

ਲੋਕ ਕਹੈਂ ਸਿੰਘ ਇਕ ਲਖ ਸਾਰਾ, ਪਚਾਸ ਬਚਯੋ ਔਰ ਸਭ ਗਯੋ ਮਾਰਾ॥੧੪੩॥
ਪਿਤਾ ਹਮਾਰੇ ਤੀਸ ਬਤਾਏ, ਰਹੇ ਸੁ ਮਰ ਔਰ ਬਚ ਕਰ ਆਏ।
ਪਿਤਾ ਚਾਚੇ ਦੁਇ ਹਮ ਥੇ ਸਾਥ, ਉਨ ਤੇ ਸੁਨ ਹਮ ਆਖੀ ਬਾਤ॥੧੪੪॥

ਇਸ ਜੰਗ ਵਿਚ ਸ. ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ੨੨ ਜ਼ਖ਼ਮ ਆਏ ਜਦ ਕਿ ਸ. ਚੜ੍ਹਤ ਸਿੰਘ ਸ਼ੁਕਰਚੱਕੀਏ ਨੂੰ ੧੯ ਜ਼ਖ਼ਮ ਆਏ। ਇਨ੍ਹਾਂ ਜਖ਼ਮਾਂ ਤੋਂ ਪ੍ਰਤੱਖ ਹੈ ਕਿ ਸਾਰੇ ਸਿੱਖ ਜਰਨੈਲਾਂ ਨੇ ਲੜਾਈ ਆਪਣੇ ਮੋਢਿਆਂ 'ਤੇ ਹੰਢਾਈ ਸੀ। ਇਹ ਅਜਿਹੀ ਲੜਾਈ ਸੀ ਜਿਸ ਵਿਚ ਹਰ ਸਿੱਖ ਜੰਗਜੂ ਨੂੰ ਕੋਈ ਨਾ ਕੋਈ ਜ਼ਖਮ ਆਇਆ ਸੀ। ਭਾਵੇਂ ਇਸ ਲੜਾਈ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁਕੇ ਸਨ ਪਰ ਫਿਰ ਵੀ ਸਿੰਘਾਂ 'ਚ ਚੜ੍ਹਦੀ ਕਲਾ ਵਾਲਾ ਜਜ਼ਬਾ ਠਾਠਾਂ ਮਾਰਦਾ ਸੀ। ਲੜਾਈ ਦੀ ਸ਼ਾਮ ਨੂੰ ਇਕ ਨਿਹੰਗ ਸਿੰਘ ਨੇ ਸਾਰਿਆਂ ਨੂੰ ਆਵਾਜ਼ਾ ਦਿੱਤਾ:

ਤੱਤ ਖਾਲਸਾ ਸੋ ਰਹਯੋ ਗਯੋ ਸੁ ਖੋਟ ਗਵਾਇ॥੧੪੬॥ (ਸ੍ਰੀ ਗੁਰ ਪੰਥ ਪ੍ਰਕਾਸ਼)

ਇਸ ਘੱਲੂਘਾਰੇ ਵਿਚ ਸਿੰਘਾਂ ਨੇ ਉਹ ਹੀ ਯੁੱਧਨੀਤੀ ਅਪਣਾਈ ਜੋ ਉਨ੍ਹਾਂ ਨੇ ਛੋਟੇ ਘੱਲੂਘਾਰੇ ਸਮੇਂ ਅਪਣਾਈ ਸੀ। ਸਿੰਘ ਦੁਸ਼ਮਣਾਂ ਦੀ ਚਾਲ ਤੋਂ ਪੂਰੀ ਤਰ੍ਹਾਂ ਵਾਕਫ਼ ਸਨ। ਉਹ ਸਿੰਘਾਂ ਨੂੰ ਨੇਸਤੋ-ਨਾਬੂਦ ਕਰਨਾ ਚਾਹੁੰਦੇ ਸਨ। ਇਸ ਘੱਲੂਘਾਰੇ ਵਿਚ ਦੁਸ਼ਮਣ ਜਾਨਾਂ ਬਚਾ ਕੇ ਲੜਦੇ ਸਨ ਜਦਕਿ ਸਿੰਘ ਜਾਨਾਂ ਵਾਰ ਕੇ 'ਅਤਿ ਹੀ ਰਣ ਮੈਂ ਤਬ ਜੂਝ ਮਰੋਂ' ਅਨੁਕੂਲ ਮੈਦਾਨੇ ਜੰਗ ਵਿਚ ਜੂਝ ਰਹੇ ਸਨ। ਸਿੰਘ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਰਸਾਏ ਮਾਰਗ 'ਤੇ ਚਟਾਨ ਵਾਂਗ ਅਡੋਲ ਰਹੇ। ਸਿੰਘਾਂ ਦੇ ਜੋਸ਼ ਅਤੇ ਸਿਦਕ ਵਿਚ ਕੋਈ ਫਰਕ ਨਾ ਆਇਆ। ਅਣਖ ਅਤੇ ਗ਼ੈਰਤ ਦੀ ਆਭਾ ਚਮਕਦੀ ਰਹੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਘੱਲੂਘਾਰੇ ਵਿਚ ਦਮਦਮਾ ਸਾਹਿਬ ਵਾਲੀ ਬੀੜ ਜਾਂਦੀ ਰਹੀ। ਭਾਈ ਕਾਨ੍ਹ ਸਿੰਘ ਲਿਖਦੇ ਹਨ, "ਇਹ ਦਮਦਮੇ ਵਾਲੀ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਸੰਮਤ ੧੮੧੮ ਵਿਚ ਕੁੱਪ-ਰਹੀੜੇ ਦੇ ਜੰਗ 'ਵੱਡੇ ਘੱਲੂਘਾਰੇ' ਵਿਚ ਖਾਲਸਾ ਦਲ ਦੇ ਹੱਥੋਂ ਜਾਂਦੀ ਰਹੀ, ਪਰ ਇਸ ਤੋਂ ਪਹਿਲਾਂ ਇਸ ਦੇ ਉਤਾਰੇ ਹੋ ਚੁਕੇ ਸਨ।"

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

*-ਸ. ਹਰਵਿੰਦਰ ਸਿੰਘ ਖਾਲਸਾ**

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਸਿੱਖ ਪੰਥ ਵਿਚ ਬਹੁਤ ਹੀ ਮਹੱਤਵ ਹੈ ਕਿਉਂਕਿ ਨਨਕਾਣਾ ਸਾਹਿਬ ਸਿੱਖਾਂ ਦੀ ਜਨਮ-ਭੂਮੀ ਹੈ। ਇਸ ਅਸਥਾਨ 'ਤੇ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ੧੪੬੯ ਈ. ਨੂੰ ਹੋਇਆ। ਜਿਸ ਸਮੇਂ ਮੁਗ਼ਲਾਂ ਨੇ ਸਿੱਖਾਂ ਉੱਪਰ ਘਿਣਾਉਣੇ ਅੱਤਿਆਚਾਰ ਸ਼ੁਰੂ ਕੀਤੇ ਅਤੇ ਸਿੱਖ ਆਪਣੇ ਬਚਾਅ ਲਈ ਪਹਾੜਾਂ, ਜੰਗਲਾਂ, ਬੇਲਿਆਂ ਅਤੇ ਮਾਰੂਥਲਾਂ ਦੇ ਇਲਾਕਿਆਂ ਵੱਲ ਚਲੇ ਗਏ ਸਨ, ਉਸੇ ਸਮੇਂ ਤੋਂ ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਅਤੇ ਨੇੜੇ ਦੇ ਛੇ ਹੋਰ ਗੁਰਦੁਆਰਾ ਸਾਹਿਬਾਨ ਉਦਾਸੀ ਮਹੰਤਾਂ ਨੇ ਸੰਭਾਲ ਲਏ ਸਨ। ਸਿੱਖ ਰਾਜ ਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰਾਂ ਏਕੜ ਜ਼ਮੀਨ ਗੁਰਦੁਆਰਾ ਸਾਹਿਬਾਨ ਦੇ ਨਾਮ ਲਗਵਾਈ। ਮਹੰਤਾਂ ਨੇ ਗੁਰਧਾਮਾਂ ਦੀਆਂ ਜਾਗੀਰਾਂ ਨੂੰ ਨਾ ਕੇਵਲ ਨਿੱਜੀ ਜਾਇਦਾਦ ਹੀ ਸਮਝਣਾ ਸ਼ੁਰੂ ਕਰ ਦਿੱਤਾ ਸੀ ਸਗੋਂ ਐਸ਼ਪ੍ਰਸਤੀ ਵਿਚ ਪੈ ਕੇ ਆਪਣੇ ਇਖ਼ਲਾਕ ਤੋਂ ਵੀ ਡਿੱਗਣ ਲੱਗੇ। ਇਨ੍ਹਾਂ ਮਹੰਤਾਂ ਨੇ ਗੁਰੂ-ਘਰਾਂ ਵਿਚ ਇਹੋ ਜਿਹੀਆਂ ਬ੍ਰਾਹਮਣੀ ਰਹੁ-ਰੀਤਾਂ ਸ਼ੁਰੂ ਕਰ ਦਿੱਤੀਆਂ ਜਿਨ੍ਹਾਂ ਦਾ ਸਿੱਖ ਧਰਮ ਵਿਚ ਕੋਈ ਸਥਾਨ ਨਹੀਂ ਸੀ। ਮਹੰਤਾਂ ਵੱਲੋਂ ਕਈ ਗੁਰਦੁਆਰਾ ਸਾਹਿਬਾਨ ਵਿਚ ਮੂਰਤੀਆਂ ਦੀ ਸਥਾਪਨਾ ਵੀ ਕਰ ਦਿੱਤੀ ਗਈ।

ਮਹੰਤ ਸਿੱਖ ਰਾਜ ਜਾਣ ਤੋਂ ਬਾਅਦ ਮਨਮਾਨੀਆਂ ਕਰਨ ਲੱਗ ਪਏ ਕਿਉਂਕਿ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਦਾ ਥਾਪੜਾ ਹਾਸਲ ਸੀ। ਇਸ ਸਮੇਂ ਗੁਰਦੁਆਰਾ ਸਾਹਿਬਾਨ ਦੇ ਮਹੰਤਾਂ ਦੀ ਨਿਯੁਕਤੀ ਅੰਗਰੇਜ਼ ਸਰਕਾਰ ਵੱਲੋਂ ਕੀਤੀ ਜਾਂਦੀ ਸੀ। ਉਨ੍ਹੀਵੀਂ ਸਦੀ ਦੇ ਅਖੀਰ ਵਿਚ 'ਸਿੰਘ ਸਭਾ ਲਹਿਰ' ਦੇ ਪ੍ਰਚਾਰ ਕਾਰਨ ਸਿੱਖਾਂ ਵਿਚ ਜਾਗ੍ਰਤੀ ਪੈਦਾ ਹੋਈ ਅਤੇ ਸਿੱਖਾਂ ਦੇ ਅੰਦਰ ਗੁਰੂ-ਘਰਾਂ ਵਿਚ ਮਹੰਤਾਂ ਵੱਲੋਂ ਕੀਤੀਆਂ ਜਾ ਰਹੀਆਂ ਕੁਰੀਤੀਆਂ ਨੂੰ ਦੇਖ ਕੇ ਵਿਦਰੋਹ ਪੈਦਾ ਹੋਣਾ ਸ਼ੁਰੂ ਹੋ ਗਿਆ। ਵੀਹਵੀਂ ਸਦੀ ਦੇ ਅਰੰਭ ਵਿਚ ਸਿੱਖਾਂ ਦੇ ਅੰਦਰ ਵਿਦਰੋਹ ਦੀ ਜੁਆਲਾ ਭਾਂਬੜ ਬਣ ਜਲ ਉਠੀ ਅਤੇ ੧੯੨੦ ਤੋਂ ੧੯੨੬ ਈ. ਤਕ ਇਹ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਜਾਂ 'ਅਕਾਲੀ ਲਹਿਰ' ਦੇ ਰੂਪ ਵਿਚ ਸਿਖਰ 'ਤੇ ਪੁੱਜ ਗਿਆ ਸੀ।

ਮਹੰਤ ਤਾਂ ਭ੍ਰਿਸ਼ਟ ਹੋ ਹੀ ਗਏ ਸਨ ਅਤੇ ਅੰਗਰੇਜ਼ ਸਰਕਾਰ ਵੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸਿੱਖਾਂ ਦੇ ਹੱਥ ਨਹੀਂ ਦੇਣਾ ਚਾਹੁੰਦੀ ਸੀ। ਜਿਸ ਬਾਰੇ ਸਰਕਾਰ ਦੀ ਨੀਤੀ ਦਾ ਸਬੂਤ ਉਸ ਸਮੇਂ ਦੇ ਪੰਜਾਬ ਦੇ ਲੈ: ਗਵਰਨਰ ਆਰ. ਈ. ਐਜਰਟਨ ਦੀ ਹਿੰਦ

**ਕੋਠੀ ਨੰ: ਏ-੨੪, ਕਰਤਾਰ ਕਲੋਨੀ, ਗੋਨਿਆਣਾ ਰੋਡ, ਬਠਿੰਡਾ-੧੫੧੦੦੧; ਮੋ: +੯੧੯੮੧੫੫੩੭੨੫*

ਦੇ ਵਾਇਸਰਾਏ ਨੂੰ ਸ਼ਿਮਲੇ ਤੋਂ ੮ ਅਗਸਤ ਸੰਨ ੧੯੯੧ ਈ. ਨੂੰ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਸੰਬੰਧੀ ਲਿਖੀ ਚਿੱਠੀ ਤੋਂ ਲੱਗਦਾ ਹੈ। ਐਜਰਟਨ ਲਿਖਦਾ ਹੈ ਕਿ:

"ਮੇਰੇ ਪਿਆਰੇ ਲਾਰਡ ਰਿਪਨ ! ਮੇਰੇ ਖਿਆਲ ਵਿਚ ਇਹ ਗੱਲ ਰਾਜਨੀਤਿਕ ਤੌਰ 'ਤੇ ਖ਼ਤਰਨਾਕ ਹੋਵੇਗੀ ਕਿ ਸਿੱਖ ਧਰਮ ਦਾ ਪ੍ਰਬੰਧ ਕਿਸੇ ਐਸੀ ਕਮੇਟੀ ਦੇ ਹੱਥ ਵਿਚ ਚਲਾ ਜਾਵੇ ਜਿਸ ਉੱਪਰ ਸਰਕਾਰ ਦਾ ਕੰਟਰੋਲ ਨਾ ਹੋਵੇ। ਮੈਨੂੰ ਭਰੋਸਾ ਹੈ ਕਿ ਹਜ਼ੂਰ ਵਾਇਸਰਾਏ ਸਾਹਿਬ ਇਸ ਸੰਬੰਧੀ ਅਜਿਹਾ ਹੁਕਮ ਜਾਰੀ ਕਰ ਦੇਣਗੇ ਜਿਸ ਦੁਆਰਾ ਪਿਛਲੇ ਤੀਹ ਸਾਲ ਤੋਂ ਵੱਧ ਸਮੇਂ ਦਾ ਸਫ਼ਲਤਾ-ਪੂਰਵਕ ਚੱਲ ਰਿਹਾ ਪ੍ਰਬੰਧ ਹੀ ਜਾਰੀ ਰਹਿ ਸਕੇ।"

(*ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ* ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ, ਪੰਨਾ ੭ ਅਤੇ ੮)।

ਗੁਰਦੁਆਰਾ ਜਨਮ-ਅਸਥਾਨ ਨਨਕਾਣਾ ਸਾਹਿਬ ਦਾ ਮੁੱਖ ਪੁਜਾਰੀ, ਮਹੰਤ ਨਰੈਣ ਦਾਸ ਸੀ ਜਿਹੜਾ ਸਾਰੇ ਉਦਾਸੀ ਮਹੰਤਾਂ ਵਿੱਚੋਂ ਅਮੀਰ ਅਤੇ ਕੁਕਰਮੀ ਸੀ। ਜਿਸ ਨੇ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਗੁੰਡਿਆਂ, ਬਦਮਾਸ਼ਾਂ ਅਤੇ ਨਸ਼ੱਈਆਂ ਦਾ ਅੱਡਾ ਬਣਾ ਰੱਖਿਆ ਸੀ। ਮਹੰਤ ਨਰੈਣ ਦਾਸ ਨੇ ਇਕ ਮੁਸਲਮਾਨ ਮਿਰਾਸਣ ਘਰ ਰੱਖੀ ਹੋਈ ਸੀ। ਮਹੰਤ ਨਰੈਣ ਦਾਸ ਦੇ ਭੈੜੇ ਆਚਰਣ ਤੇ ਉਸ ਦੀਆਂ ਕਈ ਹੋਰ ਕਰਤੂਤਾਂ ਦੀ ਚਰਚਾ ਸਾਰੇ ਪੰਥ ਵਿਚ ਫੈਲੀ ਹੋਈ ਸੀ ਅਤੇ ਇੱਥੋਂ ਦੇ ਪ੍ਰਬੰਧ ਨੂੰ ਪੰਥਕ ਹੱਥਾਂ ਵਿਚ ਲਿਆਉਣ ਲਈ ਸਭ ਦੀ ਇੱਛਾ ਬੜੀ ਤੀਬਰ ਸੀ। ਮਹੰਤ ਨਾਲ ਸਮਝੌਤੇ ਦੀ ਗੱਲਬਾਤ ਵੀ ਚੱਲਦੀ ਰਹੀ, ਇਸ ਗੱਲਬਾਤ ਵਿਚ ਜਥੇਦਾਰ ਕਰਤਾਰ ਸਿੰਘ 'ਝੱਬਰ' ਤੇ ਸ. ਬੂਟਾ ਸਿੰਘ ਵਕੀਲ ਸ਼ੇਖੂਪੁਰਾ ਸ਼ਾਮਲ ਹੁੰਦੇ ਰਹੇ ਪਰ ਗੱਲਬਾਤ ਕਿਸੇ ਨਤੀਜੇ 'ਤੇ ਨਾ ਪਹੁੰਚੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੱਲਬਾਤ ਨੂੰ ਸਿਰੇ ਚੜ੍ਹਾਉਣ ਲਈ ਨਨਕਾਣਾ ਸਾਹਿਬ ਵਿਖੇ ੫, ੬ ਮਾਰਚ, ੧੯੨੧ ਈ. ਨੂੰ ਪੰਥਕ ਮੁਖੀਆਂ ਤੇ ਕੁਝ ਕੌਮੀ ਨੇਤਾਵਾਂ ਦੀ ਇਕੱਤਰਤਾ ਬੁਲਾਈ। ਭਾਵੇਂ ਇਹ ਇਕੱਤਰਤਾ ਮਹੰਤ ਨਰੈਣ ਦਾਸ ਦੀ ਸਲਾਹ ਨਾਲ ਹੀ ਰੱਖੀ ਗਈ ਸੀ ਪਰ ਮਹੰਤ ਦਿਲੋਂ ਸਾਫ਼ ਨਹੀਂ ਸੀ ਅਤੇ ਹੋਰ ਹੀ ਯੋਜਨਾਵਾਂ ਬਣਾ ਰਿਹਾ ਸੀ, ਜਿਸ ਪਿੱਛੇ ਲਾਹੌਰ ਦੇ ਕਮਿਸ਼ਨਰ ਮਿ. ਕਿੰਗ ਦੀ ਵੱਡੀ ਸ਼ਹਿ ਸੀ।

ਮਹੰਤ ਨਰੈਣ ਦਾਸ ਭ੍ਰਿਸ਼ਟ ਬੰਦਾ ਸੀ। ਗੁਰਦੁਆਰਾ ਸਾਹਿਬ ਆਏ ਯਾਤਰੂਆਂ ਨਾਲ ਉਹ ਬਹੁਤ ਹੀ ਕੋਝਾ ਵਰਤਾਉ ਕਰਦਾ ਸੀ। ਕਿਰਪਾਨਧਾਰੀ ਸਿੰਘਾਂ ਦੀਆਂ ਕਿਰਪਾਨਾਂ ਉਤਾਰ ਲਈਆਂ ਜਾਂਦੀਆਂ ਸਨ। ਇਸ ਗੁਰਦੁਆਰਾ ਸਾਹਿਬ ਅੰਦਰ ਇੱਕ ਸਿੰਧੀ ਯਾਤਰੂ ਦੀ ਨਾਬਾਲਗ ਲੜਕੀ ਦੀ ਪੱਤ ਲੁੱਟੀ ਗਈ। ਜ਼ਿਲ੍ਹਾ ਲਾਇਲਪੁਰ ਤੋਂ ਯਾਤਰਾ ਲਈ ਆਈਆਂ ਛੇ ਬੀਬੀਆਂ ਨਾਲ ਵੀ ਇਸ ਪ੍ਰਕਾਰ ਦਾ ਸਲੂਕ ਕੀਤਾ ਗਿਆ। ਮਹੰਤ ਨਰੈਣ ਦਾਸ ਇਕ ਪਾਸੇ ਪੰਥਕ ਮੁਖੀਆਂ ਨਾਲ ਗੱਲਬਾਤ ਕਰ ਰਿਹਾ ਸੀ ਪਰ ਦੂਜੇ ਪਾਸੇ ਪੰਥਕ-ਮੁਖੀਆਂ ਨੂੰ ਖਤਮ ਕਰਨ ਦੀਆਂ ਘਾੜਤਾਂ ਘੜ ਰਿਹਾ ਸੀ। ਮਹੰਤ ਨਰੈਣ ਦਾਸ ਨੇ ੧੪ ਅਤੇ ੧੫ ਫਰਵਰੀ ਦੀ ਰਾਤ ਨੂੰ ਕੁਝ ਮਹੰਤਾਂ ਨਾਲ

ਰਾਮ ਗਲੀ ਸਥਿਤ ਆਪਣੀ ਰਿਹਾਇਸ਼ ਉੱਤੇ ਇਕ ਗੁਪਤ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਕੁਝ ਬਦਮਾਸ਼ਾਂ ਨੇ ਮਹੰਤ ਨਾਲ ਇਹ ਸੌਦਾ ਤੈਅ ਕੀਤਾ ਕਿ ਉਹ ੬ ਮਾਰਚ ਨੂੰ ੧੨ ਕਾਤਲ ਭਗੌੜੇ ਨਨਕਾਣਾ ਸਾਹਿਬ ਭੇਜਣਗੇ ਜੋ ਉੱਥੇ ਮੌਜੂਦ ਸਿੱਖਾਂ ਉੱਪਰ ਅਚਾਨਕ ਹਮਲਾ ਕਰ ਕੇ ਉਨ੍ਹਾਂ ਸਾਰਿਆਂ ਨੂੰ ਕਤਲ ਕਰ ਕੇ ਉੱਥੋਂ ਭੱਜ ਜਾਣਗੇ। ਇਸ ਕੰਮ ਬਦਲੇ ਮਹੰਤ ਉਨ੍ਹਾਂ ਨੂੰ ਡੇਢ ਲੱਖ ਰੁਪਿਆ ਦੇਵੇਗਾ।

ਮਹੰਤ ਨਰੈਣ ਦਾਸ ਦੀ ਯੋਜਨਾ ਬਾਰੇ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਰਿਪੋਰਟ ਮਿਲੀ ਤਾਂ ਉਨ੍ਹਾਂ ਦੀਆਂ ਅੱਖਾਂ ਖੁਲ੍ਹ ਗਈਆਂ ਅਤੇ ਇਸ ਉਪਰੰਤ ਜਥੇਦਾਰ ਝੱਬਰ ਗੱਡੀ ਚੜ੍ਹ ਕੇ ਸਿੱਧੇ ਚੂਹੜਕਾਣੇ ਗੁਰਦੁਆਰਾ ਖਰਾ ਸੌਦਾ ਪਹੁੰਚੇ। ਆਪ ਜੀ ਨੇ ਜਥੇ ਦੇ ਮੁਖੀ ਸਿੰਘਾਂ ਨੂੰ ਸਾਰੀ ਗੱਲ ਦੱਸੀ ਅਤੇ ਪ੍ਰੋਗਰਾਮ ਬਣਾਇਆ ਕਿ ੧੯ ਤੇ ੨੦ ਫਰਵਰੀ ਨੂੰ ਜਦੋਂ ਲਾਹੌਰ ਵਿਚ ਸਨਾਤਨ ਸਿੱਖ ਕਾਨਫਰੰਸ ਹੋਣੀ ਹੈ, ਜਿਸ ਵਿਚ ਮਹੰਤ ਨਰੈਣ ਦਾਸ ਨੇ ਜਾਣਾ ਹੈ, ਗੁਰਦੁਆਰਾ ਜਨਮ-ਅਸਥਾਨ 'ਤੇ ਕਬਜ਼ਾ ਕਰਨ ਦਾ ਚੰਗਾ ਮੌਕਾ ਹੋਵੇਗਾ। ਇਸ ਬਾਰੇ ਖਾਲਸਾ ਦੀਵਾਨ ਦੇ ਮੁਖੀਆਂ ਭਾਈ ਲਛਮਣ ਸਿੰਘ, ਟਹਿਲ ਸਿੰਘ ਆਦਿ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚੱਕ ਨੰਬਰ ੨੦੪ ਅਤੇ ਸੰਤ ਤੇਜਾ ਸਿੰਘ, ਜੋ ਦੋਵੇਂ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਸਾਥ ਦੇਣ ਲਈ ਕਿਹਾ ਕਰਦੇ ਸਨ, ਨਾਲ ਫੈਸਲਾ ਹੋਇਆ ਕਿ ੧੦ ਫੱਗਣ ਮੁਤਾਬਿਕ ੨੦ ਫਰਵਰੀ, ੧੯੨੧ ਈ. ਨੂੰ ਪੰਜ ਕੁ ਹਜ਼ਾਰ ਸਿੰਘਾਂ ਦਾ ਜਥਾ ਸੂਰਜ ਨਿਕਲਣ ਤੋਂ ਪਹਿਲਾਂ-ਪਹਿਲਾਂ ਗੁਰਦੁਆਰਾ ਸਾਹਿਬ ਜਨਮ-ਅਸਥਾਨ ਨਨਕਾਣਾ ਸਾਹਿਬ ਪਹੁੰਚ ਜਾਵੇ। ਭਾਈ ਲਛਮਣ ਸਿੰਘ ਜੀ ਦੇ ਜਥੇ ਨੇ ਧਾਰੋਵਾਲ ਤੋਂ ਚੱਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੀ ਵਿਥ 'ਤੇ ਚੰਦਰ ਕੋਟ ਦੀ ਝਾਲ 'ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਨੇ ਇਨ੍ਹਾਂ ਨੂੰ ੨੦ ਫ਼ਰਵਰੀ ਸਵੇਰੇ ੪:੦੦ ਵਜੇ ਨਨਕਾਣਾ ਸਾਹਿਬ ਦੇ ਨੇੜੇ ਭੱਠਿਆਂ 'ਤੇ ਮਿਲਣਾ ਸੀ ਅਤੇ ਇਨ੍ਹਾਂ ਸਾਰਿਆਂ ਨੇ ਗੁਰਦੁਆਰਾ ਜਨਮ-ਅਸਥਾਨ ਸਵੇਰੇ ਪੰਜ ਵਜੇ ਪਹੁੰਚਣਾ ਸੀ।

ਭਾਵੇਂ ਇਹ ਫੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗੁਪਤ ਰੱਖਿਆ ਗਿਆ, ਪਰ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਤੇਜਾ ਸਿੰਘ ਸਮੁੰਦਰੀ ਜੋ ੧੮ ਫਰਵਰੀ ਨੂੰ ਲਾਇਲਪੁਰ ਆਏ ਹੋਏ ਸਨ, ਨੂੰ ਇਸ ਤਿਆਰੀ ਦਾ ਪਤਾ ਲੱਗ ਗਿਆ। ਉਨ੍ਹਾਂ ਦੀ ਗੱਡੀ ਲਾਇਲਪੁਰ ਤੋਂ ਲਾਹੌਰ ਜਾਂਦਿਆਂ ੧੯ ਫਰਵਰੀ ਨੂੰ ਸਵੇਰੇ ੫:੦੦ ਵਜੇ ਚੂਹੜਕਾਣੇ ਤੋਂ ਲੰਘੀ। ਉੱਥੋਂ ਸਟੇਸ਼ਨ ਤੋਂ ਉਨ੍ਹਾਂ ਦੇ ਜਥੇਦਾਰ ਝੱਬਰ ਨੂੰ ਸੁਨੇਹਾ ਭੇਜ ਕੇ ਜਥਾ ਨਨਕਾਣਾ ਸਾਹਿਬ ਲੈ ਜਾਣ ਤੋਂ ਰੋਕਿਆ।

ਮਾਸਟਰ ਤਾਰਾ ਸਿੰਘ ਅਤੇ ਸ. ਤੇਜਾ ਸਿੰਘ ਸਮੁੰਦਰੀ ਨੇ ਲਾਹੌਰ ਪਹੁੰਚ ਕੇ ਉੱਥੋਂ ਭਾਈ ਦਲੀਪ ਸਿੰਘ ਸਾਨ੍ਹੇਵਾਲ ਅਤੇ ਸ. ਜਸਵੰਤ ਸਿੰਘ 'ਝਬਾਲ' ਨੂੰ ਚੂਹੜਕਾਣੇ ਭੇਜਿਆ ਅਤੇ ਹਦਾਇਤ ਕੀਤੀ ਕਿ ਝੱਬਰ ੨੦ ਫਰਵਰੀ ਨੂੰ ਜਥੇ ਲੈ ਕੇ ਨਨਕਾਣਾ ਸਾਹਿਬ ਨਹੀਂ ਜਵੇਗਾ। ਜਦ ਇਹ ਸਿੰਘ ਚੂਹਣਕਾਣੇ ਪੁੱਜੇ, ਉਸ ਸਮੇਂ ਤਕ ਸੰਤ ਤੇਜਾ

ਸਿੰਘ ਦੇ ੬੦ ਸਿੰਘਾਂ ਦਾ ਜਥਾ ਵੀ ਇੱਥੇ ਪੁੱਜ ਚੁੱਕਾ ਸੀ। ਇਨ੍ਹਾਂ ਨੇ ਰਾਤ ਪੈਣ 'ਤੇ ਇੱਥੋਂ ਨਨਕਾਣਾ ਸਾਹਿਬ ਵੱਲ ਮਾਰਚ ਕਰਨਾ ਸੀ। ਕਾਫੀ ਸੋਚ ਵਿਚਾਰ ਕਰਨ ਉਪਰੰਤ ਜਥੇ ਨੂੰ ਰੋਕ ਲੈਣ ਦਾ ਫੈਸਲਾ ਹੋਇਆ।

ਦੂਜੇ ਜਥਿਆਂ ਨੂੰ ਰੋਕਣ ਲਈ ੬ ਸਿੰਘਾਂ ਦੇ ਦਸਤਖਤਾਂ ਹੇਠ ਇੱਕ ਚਿੱਠੀ ਲਿਖੀ ਗਈ। ਭਾਈ ਦਲੀਪ ਸਿੰਘ ਨੇ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਟਹਿਲ ਸਿੰਘ ਦੇ ਜਥਿਆਂ ਨੂੰ ਲੱਭ ਕੇ ਰੋਕਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ। ਭਾਈ ਦਲੀਪ ਸਿੰਘ ਇਨ੍ਹਾਂ ਜਥਿਆਂ ਨੂੰ ਲੱਭਣ ਲਈ ਸਾਰੀ ਰਾਤ ਫਿਰਦਾ ਰਿਹਾ ਪਰ ਕਿਸੇ ਵੀ ਜਥੇ ਨਾਲ ਮਿਲਾਪ ਨਾ ਹੋ ਸਕਿਆ। ਉੱਥੋਂ ਉਸ ਨੇ ਭਾਈ ਵਰਿਆਮ ਸਿੰਘ ਨੂੰ ਚਿੱਠੀ ਦੇ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਭੇਜਿਆ। ਇਹ ਸਿੰਘ ਚੰਦਰ ਕੋਟ ਅਤੇ ਉਸ ਤੋਂ ਅੱਗੇ ਕਈ ਥਾਵਾਂ 'ਤੇ ਸਾਰੀ ਰਾਤ ਜਥੇ ਨੂੰ ਭਾਲਣ ਵਿਚ ਲੱਗੇ ਰਹੇ। ਜੋ ਜਥੇ ਜਾਂ ਇਕੱਲੇ ਦੁਕੱਲੇ ਸਿੰਘ ਮਿਲੇ ਉਨ੍ਹਾਂ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕਿਆ ਪਰੰਤੂ ਭਾਈ ਲਛਮਣ ਸਿੰਘ ਦਾ ਜਥਾ ਇਨ੍ਹਾਂ ਨੂੰ ਨਾ ਮਿਲਿਆ। ਇਹ ਸਿੰਘ ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਨਨਕਾਣਾ ਸਾਹਿਬ ਪਹੁੰਚ ਗਏ। ਇੱਥੇ ਵੀ ਜਥੇ ਦੇ ਆਉਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਅਖੀਰ ਭਾਈ ਦਲੀਪ ਸਿੰਘ ਜੀ ਸਾਰੀ ਰਾਤ ਦੇ ਸਫ਼ਰ ਤੇ ਉਨੀਂਦਰੇ ਅਤੇ ਥੱਕੇ ਹੋਏ ਸਰਦਾਰ ਉੱਤਮ ਸਿੰਘ ਦੇ ਕਾਰਖਾਨੇ ਗਏ ਅਤੇ ਉੱਥੋਂ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੂੰ ਚਿੱਠੀ ਦੇ ਕੇ ਜਥੇ ਨੂੰ ਜਨਮ-ਅਸਥਾਨ ਜਾਣ ਤੋਂ ਰੋਕਣ ਲਈ ਭੇਜਿਆ ਤਾਂ ਜੋ ਜਥੇ ਦੀ ਭਾਲ ਕਰ ਕੇ ਜਥੇ ਨੂੰ ਚਿੱਠੀ ਦੇ ਦਿੱਤੀ ਜਾਵੇ।

ਭਾਈ ਲਛਮਣ ਸਿੰਘ ਅਤੇ ਭਾਈ ਟਹਿਲ ਸਿੰਘ ਦਾ ਜਥਾ ਨਨਕਾਣਾ ਸਾਹਿਬ ਤਹਿਸੀਲ ਕੋਲ ਪਹੁੰਚ ਚੁੱਕਿਆ ਸੀ। ਭਾਈ ਟਹਿਲ ਸਿੰਘ ਅਤੇ ਭਾਈ ਲਛਮਣ ਸਿੰਘ ਨੇ ਇੱਥੋਂ ਜਥਾ ਵਾਪਸ ਮੋੜਨ ਤੋਂ ਇਨਕਾਰ ਕਰ ਦਿੱਤਾ। ਭਾਈ ਲਛਮਣ ਸਿੰਘ ਜੀ ਨੇ ਸਾਰੇ ਸਿੰਘਾਂ ਕੋਲੋਂ ਹੱਥ ਨਾ ਚੁੱਕਣ ਅਤੇ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ। ਗੁਰਦੁਆਰਾ ਸਾਹਿਬ ਦੇ ਨੇੜੇ ਇਹ ਪ੍ਰਣ ਫਿਰ ਦੁਹਰਾਇਆ ਗਿਆ ਅਤੇ ਭਾਈ ਲਛਮਣ ਸਿੰਘ ਜੀ ਦੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਹੋਰ ਬੀਬੀਆਂ ਜੋ ਸ਼ੁਰੂ ਤੋਂ ਹੀ ਜਥੇ ਦੇ ਨਾਲ ਆਈਆਂ ਸਨ ਨੂੰ ਭਾਈ ਹਾਕਮ ਸਿੰਘ ਨਾਲ ਗੁਰਦੁਆਰਾ ਤੰਬੂ ਸਾਹਿਬ ਵੱਲ ਭੇਜ ਦਿੱਤਾ। ਇਸ ਸਮੇਂ ਭਾਈ ਟਹਿਲ ਸਿੰਘ ਜੀ ਨੇ ਆਪਣੀ ਜੇਬ ਵਿੱਚੋਂ ੧੮ ਰੁਪਏ ਕੱਢ ਕੇ ਬੀਬੀ ਇੰਦਰ ਕੌਰ ਨੂੰ ਦਿੰਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿੱਛੋਂ ਸਾਡੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾ ਦੇਣਗੀਆਂ।

ਜਥੇ ਵਿਚ ਸ਼ਾਮਿਲ ਸਿੰਘਾਂ ਨੇ ਆਪਣੀਆਂ ਜਾਨਾਂ ਵਾਰਨ ਲਈ ਕੀਤੀ ਅਰਦਾਸ ਨੂੰ ਪੂਰਾ ਕਰਨ ਲਈ ਗੁਰਦੁਆਰਾ ਸਾਹਿਬ ਵੱਲ ਮਾਰਚ ਕੀਤਾ। ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋ ਕੇ ਭਾਈ ਲਛਮਣ ਸਿੰਘ ਮਹਾਰਾਜ ਦੀ ਤਾਬਿਆ ਬੈਠ ਗਏ। ਸਿੰਘਾਂ ਨੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ।

ਮਹੰਤ ਨਰੈਣ ਦਾਸ ਉਸ ਸਮੇਂ ਗੁਰਦੁਆਰੇ ਦੇ ਲਹਿੰਦੇ ਤੇ ਦੱਖਣ ਦੀ ਗੁੱਠ ਵਾਲੇ ਮਕਾਨ (ਮਹਿਮਾਨ ਖਾਨੇ) ਦੇ ਚੁਬਾਰੇ ਵਿੱਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ। ਉਸ ਨੇ ਰਾਂਝਾ, ਰਿਹਾਣਾ, ਮਾਛੀ ਅਤੇ ਕਈ ਕਾਤਲ ਪਠਾਣ ਗੁੰਡੇ ਉੱਥੇ ਪਹਿਲਾਂ ਹੀ ਇਕੱਠੇ ਕੀਤੇ ਹੋਏ ਸਨ। ਮਹੰਤ ਨੇ ਉਨ੍ਹਾਂ ਬਦਮਾਸ਼ਾਂ ਨੂੰ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ। ਥੋੜੇ ਜਿਹੇ ਸਮੇਂ ਵਿਚ ਹੀ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਅੰਦਰ ਦਾਖ਼ਲ ਹੋਏ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ।

ਭਾਈ ਲਛਮਣ ਸਿੰਘ ਜੀ ਨੂੰ ਮਹਾਰਾਜ ਦੀ ਤਾਬਿਆ ਬੈਠਿਆਂ ਗੋਲ਼ੀਆਂ ਲੱਗੀਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਵੀ ਗੋਲ਼ੀਆਂ ਨਾਲ ਛਨਣੀ-ਛਨਣੀ ਕਰ ਦਿੱਤਾ। ਗੋਲ਼ੀਆਂ ਦੀ ਅਵਾਜ਼ ਸੁਣ ਕੇ ਭਾਈ ਦਲੀਪ ਸਿੰਘ ਅਤੇ ਭਾਈ ਵਰਿਆਮ ਸਿੰਘ ਜੋ ਭਾਈ ਉੱਤਮ ਸਿੰਘ ਦੇ ਕਾਰਖਾਨੇ ਵਿਚ ਸਨ, ਕਾਰਖਾਨੇ ਤੋਂ ਗੁਰਦੁਆਰਾ ਸਾਹਿਬ ਵੱਲ ਦੌੜੇ। ਮਹੰਤ ਨੇ ਇਨ੍ਹਾਂ ਦੋਹਾਂ ਨੂੰ ਆਪਣੀ ਪਸਤੌਲ ਨਾਲ ਗੇਟ ਦੇ ਬਾਹਰ ਹੀ ਸ਼ਹੀਦ ਕਰ ਦਿੱਤਾ ਅਤੇ ਇਨ੍ਹਾਂ ਦੋਹਾਂ ਦੀਆਂ ਲਾਸ਼ਾਂ ਨੇੜੇ ਹੀ ਭਾਂਡਿਆਂ ਦੀ ਜਲ ਰਹੀ ਆਵੀ ਵਿਚ ਸੁਟਵਾ ਦਿੱਤੀਆਂ। ਮਹੰਤ ਦੇ ਗੁੰਡਿਆਂ ਨੇ ਛੱਤ ਤੋਂ ਹੇਠਾਂ ਉਤਰ ਕੇ ਗੋਲ਼ੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਇਨ੍ਹਾਂ ਸ਼ਹੀਦ ਅਤੇ ਜ਼ਖ਼ਮੀ ਸਿੰਘਾਂ ਦੀਆਂ ਲਾਸ਼ਾਂ ਦੇ ਢੇਰ ਲਗਾ ਕੇ ਉੱਪਰ ਲੱਕੜ ਬਾਲਣ ਅਤੇ ਮਿੱਟੀ ਦਾ ਤੇਲ ਪਾ ਕੇ ਮਾਮਲਾ ਗਾਇਬ ਕਰਨ ਦੇ ਖਿਆਲ ਨਾਲ ਇਨ੍ਹਾਂ ਨੂੰ ਅੱਗ ਲਗਾ ਦਿੱਤੀ।

ਇਸ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਦੂਰ ਨੇੜੇ ਫੈਲ ਗਈ। ਇਸ ਭਿਆਨਕ ਸਾਕੇ ਦੀਆਂ ਖ਼ਬਰਾਂ ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖਾਲਸਾ ਦੀਵਾਨ, ਅਕਾਲੀ ਜਥਾ ਖਰਾ ਸੌਦਾ ਬਾਰ ਅਤੇ ਕਈ ਪੰਥਕ ਮੁਖੀਆਂ ਨੂੰ ਤਾਰ ਰਾਹੀਂ ਭੇਜੀਆਂ ਗਈਆਂ। ਤਾਰਾਂ ਦੇਣ ਦਾ ਕੰਮ ਸ. ਉੱਤਮ ਸਿੰਘ ਕਾਰਖਾਨੇ ਵਾਲੇ ਅਤੇ ਸਟੇਸ਼ਨ ਮਾਸਟਰ ਸ. ਕਰਮ ਸਿੰਘ ਨੇ ਕੀਤਾ। ਇਸ ਸਾਕੇ ਤੋਂ ਬਾਅਦ ਗੁਰਦੁਆਰਾ ਸਾਹਿਬ ਉੱਪਰ ਗੋਰਾ ਫੌਜ ਨੇ ਕਬਜ਼ਾ ਕਰ ਲਿਆ। ਭਾਈ ਕਰਤਾਰ ਸਿੰਘ 'ਝੱਬਰ' ੨੧ ਫਰਵਰੀ, ੧੯੨੧ ਈ. ਨੂੰ ੨੨੦੦ ਮਰਜੀਵੜੇ ਸਿੰਘਾਂ ਦੇ ਜਥੇ ਨਾਲ ਨਨਕਾਣਾ ਸਾਹਿਬ ਪਹੁੰਚੇ। ਭਾਈ ਕਰਤਾਰ ਸਿੰਘ 'ਝੱਬਰ ਸਿੰਘਾਂ ਦੇ ਜਥੇ ਸਮੇਤ ਗੋਰਾ ਫੌਜ ਨਾਲ ਟੱਕਰ ਲੈਣ ਲਈ ਅੱਗੇ ਵਧੇ ਪਰ ਉੱਥੇ ਮੌਜੂਦ ਪੁਲਿਸ ਜਰਨੈਲ, ਅੰਗਰੇਜ਼ ਕਮਿਸ਼ਨਰ ਅਤੇ ਡੀ. ਸੀ. ਆਦਿ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਜਥੇਦਾਰ ਕਰਤਾਰ ਸਿੰਘ 'ਝੱਬਰ' ਹਵਾਲੇ ਕਰ ਦਿੱਤੀਆਂ ਅਤੇ ਗੋਰਾ ਫੌਜ ਨੂੰ ਉੱਥੋਂ ਹਟਾ ਲਿਆ ਗਿਆ। ਅਗਲੇ ਦਿਨ ਪੰਥਕ ਨੇਤਾ ਅਤੇ ਸਰਕਾਰ ਦੇ ਵੱਡੇ ਅਫ਼ਸਰ ਨਨਕਾਣਾ ਸਾਹਿਬ ਪਹੁੰਚ ਗਏ। ਇਸ ਸਾਕੇ ਦੌਰਾਨ ੧੩੦ ਦੇ ਕਰੀਬ ਸਿੰਘਾਂ ਨੇ ਭਾਈ ਲਛਮਣ ਸਿੰਘ ਅਤੇ ਭਾਈ ਟਹਿਲ ਸਿੰਘ ਦੀ ਜਥੇਦਾਰੀ ਹੇਠ ਆਪਣੇ ਪ੍ਰਾਣਾਂ ਦੀ ਅਹੂਤੀ ਦੇ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਪਵਿੱਤਰ ਜਨਮ-ਅਸਥਾਨ ਨੂੰ ਸਿੱਖ ਪੰਥ ਦੇ ਹਵਾਲੇ ਕਰਵਾਇਆ। ■

ਸੇਵਾ ਦਾ ਮੂਲ ਆਧਾਰ : ਨਿਸ਼ਕਾਮ ਭਾਵਨਾ

*-ਬੀਬੀ ਮਨਮੋਹਨ ਕੌਰ**

ਦੂਜਿਆਂ ਨੂੰ ਸੁੱਖ ਪਹੁੰਚਾਉਣ ਵਾਲੇ ਕੀਤੇ ਕਰਮ ਨੂੰ ਸੇਵਾ ਆਖਿਆ ਜਾਂਦਾ ਹੈ। ਸੇਵਾ ਵੀ ਗੁਰੂ ਬਖਸ਼ਿਸ਼ ਹੈ ਜਿਸ ਦੇ ਪਾਤਰ ਬਣਨਾ ਪੈਂਦਾ ਹੈ। ਨਾ ਤਾਂ ਸੇਵਾ ਗੁਰੂ-ਬਖਸ਼ਿਸ਼ ਤੋਂ ਬਿਨਾਂ ਮਿਲਦੀ ਹੈ ਤੇ ਨਾ ਹੀ ਕੀਤੀ ਜਾ ਸਕਦੀ ਹੈ:

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੭)*

ਗੁਰਬਾਣੀ ਵਿਚ ਨਿਸ਼ਕਾਮ ਸੇਵਾ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਸਪੱਸ਼ਟ ਫੁਰਮਾਨ ਮਿਲਦੇ ਹਨ ਕਿ ਨਿਸ਼ਕਾਮ ਭਾਵ ਨਾਲ ਕੀਤੀ ਸੇਵਾ ਨੂੰ ਹੀ ਅਕਾਲ ਪੁਰਖ ਦੀ ਨਦਰਿ ਪ੍ਰਾਪਤ ਹੁੰਦੀ ਹੈ ਅਤੇ 'ਦਰਗਾਹ' ਵਿਚ ਉੱਤਮ ਸਥਾਨ ਦੀ ਪ੍ਰਾਪਤੀ ਹੁੰਦੀ ਹੈ:

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)

ਜੋ ਸੇਵਾ ਪਰਮਾਤਮਾ ਦੇ ਡਰ ਅਧੀਨ ਕੀਤੀ ਜਾਵੇ, ਉਹ ਸੇਵਾ ਨਹੀਂ। ਅਸਲ ਸੇਵਾ ਤਾਂ ਉਹ ਹੈ ਜਿਸ ਵਿਚ ਸੇਵਕ ਸੇਵਾ ਕਰਦਾ-ਕਰਦਾ ਪਰਮਾਤਮਾ ਵਿਚ ਸਮਾ ਜਾਵੇ।

ਗੁਰਮਤਿ ਅਨੁਸਾਰ ਸੇਵਾ ਦੇ ਇਸ ਸੰਕਲਪ ਨੂੰ ਸਮੂਰਤ ਰੂਪ ਪ੍ਰਦਾਨ ਕਰਦਿਆਂ ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਨੂੰ ਗਏ, ਉਨ੍ਹਾਂ ਦੀ ਸੇਵਾ ਕਰਦੇ-ਕਰਦੇ ਉਨ੍ਹਾਂ ਦਾ ਹੀ ਰੂਪ ਹੋ ਲਹਿਣੇ (ਭਾਈ ਲਹਿਣਾ ਜੀ) ਤੋਂ ਗੁਰੂ ਅੰਗਦ (ਸ੍ਰੀ ਗੁਰੂ ਅੰਗਦ ਦੇਵ ਜੀ) ਹੋ ਗਏ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਐਸੀ ਨਿਸ਼ਕਾਮ ਸੇਵਾ ਕੀਤੀ ਕਿ ਜਿਸ ਦੀ ਮਿਸਾਲ ਮਿਲਣੀ ਵੀ ਅਸੰਭਵ ਹੈ। ਆਪ ਜੀ ਨੇ ਇਹ ਸਾਬਤ ਕੀਤਾ ਕਿ ਸੇਵਕ ਨੂੰ ਗੁਰੂ-ਹੁਕਮ ਦੀ ਪਾਲਣਾ ਕਰਨ ਲੱਗਿਆਂ ਕੋਈ ਵੀ ਝਿਜਕ ਮਨ ਵਿਚ ਨਾ ਲਿਆ ਕੇ ਪੂਰਨ ਸਮਰਪਣ ਭਾਵ ਨਾਲ ਸੇਵਾ ਕਰਨੀ ਚਾਹੀਦੀ ਹੈ:

ਸਗਲ ਸਿਆਣਪ ਛਾਡਿ॥ ਕਰਿ ਸੇਵਾ ਸੇਵਕ ਸਾਜਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯੫)

ਨਿਸ਼ਕਾਮ ਸੇਵਾ ਦੇ ਧਾਰਨੀ ਸੇਵਕਾਂ ਨੇ ਤਾਂ ਗੁਰੂ-ਪੁੱਤਰ ਦੀ ਪਦਵੀ ਵੀ ਊਣੀ ਕਰ ਦਿੱਤੀ। ਬੇਸ਼ੱਕ ਗੁਰੂ-ਪੁੱਤਰ ਵੀ ਸੰਗਤ ਵਿਚ ਹਰਮਨ-ਪਿਆਰੇ ਅਤੇ ਸਤਿਕਾਰਯੋਗ ਹਨ, ਪਰ ਸੇਵਾ ਦੇ ਖੇਤਰ ਵਿਚ ਉਹ ਗਗਨ ਦੇ ਤਾਰਾ-ਮੰਡਲ ਵਿਚ ਚਮਕਦੇ ਗੁਰੂ-

* ਇੰਚਾਰਜ, (ਗੁਰਮਤਿ ਪ੍ਰਕਾਸ਼/ਗੁਰਮਤਿ ਗਿਆਨ) ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੬੯੬੯੨੪

ਸੇਵਕਾਂ ਤੋਂ ਊਣੇ ਹੀ ਹਨ।

ਇਕ ਸਾਧਾਰਣ ਮਨੁੱਖ ਵਜੋਂ ਗੁਰੂ ਨਾਨਕ ਸਾਹਿਬ ਦੀ ਕੀਤੀ ਨਿਸ਼ਕਾਮ ਸੇਵਾ, ਸਮਰਪਣ ਅਤੇ ਨਿਮਰਤਾ ਨੇ ਭਾਈ ਲਹਿਣਾ ਜੀ ਨੂੰ ਗੁਰੂ ਜੋਤਿ ਦੇ ਪਾਤਰ ਬਣਾ ਦਿੱਤਾ। ਗੁਰੂ ਨਾਨਕ ਸਾਹਿਬ ਵੱਲੋਂ ਆਪਣੇ ਪੁੱਤਰਾਂ ਨੂੰ ਛੱਡ ਭਾਈ ਲਹਿਣਾ ਜੀ ਨੂੰ ਗੁਰੂ-ਪਦਵੀ ਨਾਲ ਸਨਮਾਨਿਤ ਕੀਤਾ ਗਿਆ ਤਾਂ ਜੋ ਭਵਿੱਖ ਵਿਚ ਵੀ ਨਿਸ਼ਕਾਮ ਸੇਵਾ-ਭਾਵ ਦੀ ਆਦਰਸ਼ਕ ਜੋਤ ਜਗਦੀ ਰਹੇ ਅਤੇ ਸਮੁੱਚੀ ਮਨੁੱਖਤਾ ਨੂੰ ਨਿਸ਼ਕਾਮ ਸੇਵਾ-ਭਾਵ ਲਈ ਪ੍ਰੇਰਿਤ ਕਰਦੀ ਰਹੇ। ਭਾਈ ਅਮਰੂ ਨੂੰ ਬਜ਼ੁਰਗ ਅਵਸਥਾ ਵਿਚ ਵੀ ਲਗਾਤਾਰ ੧੨ ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੀਤੀ ਨਿਸ਼ਕਾਮ ਸੇਵਾ ਨੇ ਹੀ ਭਾਈ ਅਮਰੂ ਤੋਂ ਸ੍ਰੀ ਗੁਰੂ ਅਮਰਦਾਸ ਜੀ ਬਣਾ ਦਿੱਤਾ।

ਭਾਈ ਜੇਠਾ ਜੀ ਵੱਲੋਂ ਲੋਕ-ਲਾਜ ਦੀ ਪਰਵਾਹ ਕੀਤੇ ਬਿਨਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਕੀਤੀ ਨਿਸ਼ਕਾਮ ਸੇਵਾ ਨੇ ਉਨ੍ਹਾਂ ਨੂੰ ਨਾ ਕੇਵਲ ਸ੍ਰੀ ਗੁਰੂ ਅਮਰਦਾਸ ਜੀ ਦਾ ਜਵਾਈ ਹੋਣ ਦਾ ਦਰਜਾ ਦਿੱਤਾ ਸਗੋਂ ਉਹ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਬਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਾਨੀ ਬਣੇ।

ਇਸੇ ਨਿਸ਼ਕਾਮ ਸੇਵਾ-ਭਾਵਨਾ ਨੇ ਹੀ ਜਿੱਥੇ ਭਰਾਵਾਂ ਵਿੱਚੋਂ ਛੋਟੇ ਹੋਣ ਦੇ ਬਾਵਜੂਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪੰਜਵੇਂ ਗੁਰੂ ਜੋਤਿ ਦੇ ਪਾਤਰ ਬਣਾਇਆ, ਉੱਥੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਿੱਖਾਂ ਦੇ ਨੌਵੇਂ ਗੁਰੂ ਹੋਣ ਦੇ ਨਾਲ-ਨਾਲ 'ਸ੍ਰਿਸ਼ਟੀ ਦੀ ਚਾਦਰ' ਹੋਣ ਦਾ ਮਾਣ ਵੀ ਦਿਵਾਇਆ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਜਗਤ ਦੀ ਭਲਾਈ ਲਈ ਆਪਣਾ ਸਰਬੰਸ ਤਕ ਵਾਰ ਦਿੱਤਾ, ਉੱਥੇ ਆਪ ਜੀ ਦੇ ਪਰਮ-ਸੇਵਕ ਭਾਈ ਘਨ੍ਹੱਈਆ ਜੀ ਵੀ ਨਿਸ਼ਕਾਮ ਭਾਵਨਾ ਦੀ ਸਿਖਰ ਤਕ ਪਹੁੰਚੇ ਹੋਏ ਸਨ। ਭਾਈ ਸਾਹਿਬ ਜੀ ਦੀ ਇਸੇ ਨਿਸ਼ਕਾਮ ਸੇਵਾ-ਭਾਵਨਾ ਕਾਰਨ ਉਹ ਅੱਜ ਵੀ ਸੰਸਾਰ ਭਰ ਵਿਚ ਬਹੁਤ ਸਾਰੇ ਨਿਸ਼ਕਾਮ ਸੇਵਾ-ਟਰੱਸਟਾਂ ਰਾਹੀਂ ਜੀਵੰਤ ਹਨ।

ਨਿਸ਼ਕਾਮ ਸੇਵਾ-ਭਾਵ ਨਾਲ ਰਾਜ ਕਰਨ ਕਾਰਨ ਹੀ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲੋਕ-ਚੇਤਿਆਂ ਵਿਚ ਜੀਵਿਤ ਹੈ, ਹਰ ਧਰਮ ਦੇ ਲੋਕ ਅੱਜ ਵੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਉਡੀਕ ਕਰ ਰਹੇ ਹਨ। ਨਿੱਜ ਪ੍ਰਸਤ ਹੋ ਕੇ ਕੀਤੀ ਸੇਵਾ ਮਨੁੱਖ ਨੂੰ ਸਮਾਜ ਨਾਲੋਂ ਤੋੜਦੀ ਹੈ ਜਦਕਿ ਨਿਸ਼ਕਾਮ ਹੋ ਕੇ ਕੀਤੀ ਸੇਵਾ ਮਨੁੱਖੀ ਮਨ ਵਿੱਚੋਂ ਹਉਮੈਂ ਨੂੰ ਦੂਰ ਕਰ ਨਾ ਕੇਵਲ ਸਮਾਜ ਨਾਲ ਬਲਕਿ ਅਕਾਲ-ਪੁਰਖ ਨਾਲ ਵੀ ਜੋੜਦੀ ਹੈ। ਹੰਕਾਰ ਨਾਲ ਕੀਤੀ ਸੇਵਾ ਅਕਾਲ-ਪੁਰਖ ਦੇ ਦਰ 'ਤੇ ਪ੍ਰਵਾਨ ਨਹੀਂ ਹੁੰਦੀ:

ਵਿਚਿ ਹਉਮੈ ਸੇਵਾ ਥਾਇ ਨ ਪਾਏ॥ ਜਨਮਿ ਮਰੈ ਫਿਰਿ ਆਵੈ ਜਾਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੦)

ਗੁਰਬਾਣੀ ਅਨੁਸਾਰ ਸੇਵਾ ਕਰਨਾ ਹਰ ਮਨੁੱਖ ਲਈ ਸਤਿਕਾਰਯੋਗ ਕਰਮ ਹੈ। ਸੇਵਾ ਸੇਵਕ ਦੇ ਹੰਕਾਰ ਨੂੰ ਮਿਟਾ ਕੇ ਉਸ ਨੂੰ ਨਿਮਰ ਬਣਾਉਂਦੀ ਹੈ। ਸਿੱਖ-ਸਿਧਾਂਤ ਅਨੁਸਾਰ ਹਰ ਤੰਦਰੁਸਤ ਵਿਅਕਤੀ ਨੂੰ ਆਪਣੇ ਤਨ ਨਾਲ ਲੋੜਵੰਦ ਦੀ ਕੀਤੀ ਸੇਵਾ ਸਫਲ ਮੰਨੀ ਜਾਂਦੀ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਸੇਵਾ ਦੇ ਮਨੋਰਥ ਤੋਂ ਬਿਨਾਂ ਕੀਤੇ ਸਾਰੇ ਕਰਮ ਨਿਹਫਲ ਦੱਸਦਿਆਂ ਧ੍ਰਿਕਾਰ ਪਾਈ ਗਈ ਹੈ:

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਨੀ। *(ਵਾਰ ੨੭:੧੦)*

ਵਿਤਕਰੇ ਤੋਂ ਬਿਨਾਂ ਪ੍ਰੇਮ ਨਾਲ ਕੀਤਾ ਗਿਆ ਕੋਈ ਕਾਰਜ ਹੀ ਮਨੁੱਖੀ ਮਨ ਵਿਚ ਸੰਤੋਖ, ਮਿੱਠਤ ਅਤੇ ਸਭਨਾਂ ਨਾਲ ਪ੍ਰੇਮ-ਪਿਆਰ ਵਾਲੇ ਗੁਣ ਪੈਦਾ ਕਰਦਾ ਹੈ। ਇਸ ਤੋਂ ਉਲਟ ਮਜ਼ਬੂਰੀ ਵਿਚ ਕੀਤੇ ਜਾਣ ਵਾਲੇ ਕੰਮ ਨੂੰ ਸੇਵਾ ਨਹੀਂ ਮੰਨਿਆ ਜਾ ਸਕਦਾ:

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੬)*

ਗੁਰਬਾਣੀ ਦਾ ਸਹਿਜ ਰੂਪ ਵਿਚ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਨੂੰ ਅਧਿਆਤਮਿਕ ਤੌਰ 'ਤੇ ਕੀਤੀ ਜਾਣ ਵਾਲੀ ਸੇਵਾ ਲਈ ਘਰ-ਬਾਰ ਤਿਆਗ ਕੇ ਜੰਗਲਾਂ ਵਿਚ ਭਟਕਣ ਦੀ ਕੋਈ ਲੋੜ ਨਹੀਂ ਹੈ। ਸੰਸਾਰ ਦੇ ਇਕ-ਇਕ ਕਣ ਵਿਚ ਅਕਾਲ-ਪੁਰਖ ਦੀ ਹੋਂਦ ਸਮਾਈ ਹੋਈ ਹੈ:

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੪)*

ਸੱਚੇ ਦਿਲੋਂ ਕੀਤੀ ਨਿਸ਼ਕਾਮ ਸੇਵਾ ਵੀ ਪ੍ਰਭੂ-ਭਗਤੀ ਹੀ ਹੈ, ਨਹੀਂ ਤਾਂ ਇਹ ਇਕ ਧੋਖਾ/ਠੱਗੀ ਹੈ। ਨਿਸ਼ਕਾਮ ਸੇਵਾ ਕਰਨ ਵਾਲਾ ਬੜੇ ਉਤਸ਼ਾਹ ਨਾਲ ਆਪਣਾ ਫਰਜ਼ ਨਿਭਾਉਂਦਾ ਹੈ।

ਅੱਜਕਲ੍ਹ ਸੇਵਾ ਦਾ ਅਸਲ ਮੰਤਵ ਸਮਝਣਾ ਮਨੁੱਖ ਲਈ ਬਹੁਤ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਸੇਵਾ ਦੀ ਕੀ ਲੋੜ ਹੈ? ਸੇਵਾ ਕਿਸ ਦੀ ਕੀਤੀ ਜਾਵੇ ਜਾਂ ਕਿਸ ਰੂਪ ਵਿਚ ਕੀਤੀ ਜਾਵੇ? ਇਸ ਸਭ ਨੂੰ ਸਮਝਣਾ ਦਿਨੋ-ਦਿਨ ਕਠਿਨ ਹੁੰਦਾ ਜਾ ਰਿਹਾ ਹੈ।

ਸਿੱਖ ਸਿਧਾਂਤ ਵਿਚ ਤਨ ਅਤੇ ਮਨ ਤੋਂ ਬਾਅਦ ਧਨ ਦੀ ਸੇਵਾ ਦਾ ਵੀ ਇਕ ਰੂਪ ਪ੍ਰਚਲਿਤ ਹੈ, ਜੋ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ-ਕਮਾਈ ਵਿੱਚੋਂ ਦਸਵੰਧ ਕੱਢ ਵੰਡ-ਛਕਣ ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ। ਦਸਵੰਧ ਨਾਲ ਗ਼ਰੀਬਾਂ, ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਸਿੱਖ ਜੀਵਨ-ਜਾਚ ਦਾ ਅਟੁੱਟ ਹਿੱਸਾ ਹੈ। ਸਿੱਖ ਧਰਮ ਵਿਚ ਭੀਖ ਮੰਗਣ ਦੀ ਕੋਈ ਥਾਂ ਨਹੀਂ, ਸਗੋਂ ਲੋੜਵੰਦ ਭਾਈਚਾਰੇ ਦੀ ਦਸਵੰਧ ਨਾਲ ਮਦਦ ਕਰਨ ਦੀ ਜੁਗਤ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਦਸਵੰਧ ਕੱਢਣ ਦਾ ਸਿਧਾਂਤ ਜਿੱਥੇ ਸਿੱਖਾਂ ਦੀ ਆਰਥਿਕ ਖੁਸ਼ਹਾਲੀ ਦਾ ਮੂਲ-ਆਧਾਰ ਹੈ, ਉੱਥੇ

ਗਰੀਬ ਸਿੱਖ ਨੂੰ ਭਿਖਾਰੀ ਬਣਨ ਤੋਂ ਵੀ ਰੋਕਦਾ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫

ਪਰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਇਸ ਧਨ ਦਾ ਪਾਤਰ ਨਹੀਂ ਉਸ ਨੂੰ ਇਹ ਦੇਣਾ ਵੀ ਨਹੀਂ ਚਾਹੀਦਾ, ਕਿਉਂਕਿ ਅਜਿਹਾ ਕਰਨ ਨਾਲ ਸਮਾਜ ਉੱਪਰ ਵਿਹਲੜ ਤੇ ਨਿਕੰਮਿਆਂ ਦਾ ਬੋਝ ਵਧਦਾ ਹੈ। ਬੇਰੁਜ਼ਗਾਰ/ ਲਾਚਾਰ ਲੋਕਾਂ ਦੀ ਰੁਜ਼ਗਾਰ ਆਦਿ ਵਿਚ ਮਦਦ ਕਰ ਉਨ੍ਹਾਂ ਨੂੰ ਨਿਸ਼ਕਾਮ ਸੇਵਕ ਬਣਾਉਣਾ ਇਸ ਸੇਵਾ ਦਾ ਆਦਰਸ਼ ਰੂਪ ਹੋ ਸਕਦਾ ਹੈ।

ਉਪਰੋਕਤ ਤੋਂ ਇਲਾਵਾ ਮਾਇਆ ਤੋਂ ਨਿਰਲੇਪ ਰਹਿ ਕੇ ਸੁਰਤਿ (ਸਿਮਰਨ) ਨਾਲ ਕੀਤੀ ਨਿਸ਼ਕਾਮ ਸੇਵਾ ਵੀ ਸਿੱਖ-ਸਿਧਾਂਤ ਦਾ ਅਨਿੱਖੜ੍ਹਵਾਂ ਅੰਗ ਹੈ। ਇਹ ਜੁਗਤਿ ਜਿੱਥੇ ਮਾਨਸਿਕ ਰੋਗੀ ਨੂੰ ਅਰੋਗਤਾ ਪ੍ਰਦਾਨ ਕਰਨ ਵਿਚ ਸਹਾਈ ਹੁੰਦੀ ਹੈ ਉੱਥੇ ਭਾਣਾ ਮੰਨਣ ਅਤੇ ਰਜ਼ਾ ਵਿਚ ਰਹਿਣ ਲਈ ਵੀ ਮਨੁੱਖੀ ਮਨ ਨੂੰ ਬਲ ਪ੍ਰਦਾਨ ਕਰਦੀ ਹੈ। ਨਿਸ਼ਕਾਮ ਭਾਵ ਨਾਲ ਕੀਤੇ ਸਿਮਰਨ ਵਿਚ ਅਜਿਹੀ ਤਾਕਤ ਹੈ ਜਿਸ ਦੇ ਲਗਾਤਾਰ ਅਭਿਆਸ ਨਾਲ ਜੂਨੀਆਂ ਦੇ ਦੁੱਖ ਕੱਟੇ ਜਾਂਦੇ ਹਨ। ਸਰਬੱਤ ਦਾ ਭਲਾ ਮੰਗਣਾ ਹੀ ਇਸ ਦਾ ਮੁੱਖ ਮੰਤਵ ਬਣ ਜਾਂਦਾ ਹੈ।

ਮਾਤਾ ਖੀਵੀ ਜੀ ਦੀ ਗੁਰੂ ਕੇ ਲੰਗਰ ਵਿਚ ਕੀਤੀ ਅਣਥੱਕ ਤੇ ਨਿਸ਼ਕਾਮ ਸੇਵਾ ਨੇ ਲੰਗਰ ਪ੍ਰਥਾ ਨੂੰ ਨਾ ਕੇਵਲ ਬੇਹੱਦ ਮਜ਼ਬੂਤ ਕੀਤਾ ਸਗੋਂ ਇਸੇ ਸੇਵਾ ਦੇ ਸਦਕਾ ਆਪ ਅਜਿਹੇ ਇਕੱਲੇ ਵਡਭਾਗੇ ਗੁਰੂ-ਮਹਿਲ ਹੋਏ, ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋ ਗਿਆ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)

ਆਪਣੀ ਨਿਰਸਵਾਰਥ ਅਤੇ ਨਿਸ਼ਕਾਮ ਸੇਵਾ ਦੇ ਫਲਸਰੂਪ ਆਪ ਜੀ ਨੂੰ ਆਪਣੇ ਜੀਵਨ-ਕਾਲ ਵਿਚ ਪੰਜ ਗੁਰੂ ਸਾਹਿਬਾਨ ਜੀ ਦੇ ਦਰਸ਼ਨ-ਦੀਦਾਰੇ ਕਰਨ ਦਾ ਮਾਣ ਪ੍ਰਾਪਤ ਹੋਇਆ। 'ਬੰਸਾਵਲੀਨਾਮਾ' ਅਨੁਸਾਰ ਆਪ ਜੀ ਦੇ ਅੰਤਿਮ ਸਸਕਾਰ ਸਮੇਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਚੱਲ ਕੇ ਪਹੁੰਚੇ।

ਗੁਰੂ-ਕਾਲ ਸਮੇਂ ਦੀਆਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ ਜਿਸ ਵਿਚ ਗੁਰੂ-ਪਾਤਸ਼ਾਹ ਦੇ ਨਿਸ਼ਕਾਮ ਸੇਵਕ ਜਿਨ੍ਹਾਂ ਨੇ ਨਿਮਰਤਾ ਨਾਲ ਸੇਵਾ-ਸਿਮਰਨ ਕਰਦਿਆਂ ਜੀਵਨ ਬਤੀਤ ਕੀਤਾ ਨੂੰ ਗੁਰੂ-ਘਰੋਂ ਅਨਮੋਲ ਬਖਸ਼ਿਸ਼ਾਂ ਨਾਲ ਨਿਵਾਜਿਆ ਗਿਆ। ਜਿਵੇਂ ਭਾਈ ਘਨ੍ਹੱਈਆ ਜੀ ਨੂੰ ਜੰਗ ਦੇ ਮੈਦਾਨ ਵਿਚ ਪਾਣੀ ਦੀ ਨਿਸ਼ਕਾਮ ਸੇਵਾ ਬਦਲੇ ਗੁਰੂ-ਸਾਹਿਬ ਵੱਲੋਂ 'ਮਲ੍ਹਮ-ਪੱਟੀ' ਦੀ ਸੇਵਾ,

ਘੋੜਿਆਂ ਦੇ ਤਬੇਲੇ ਦੇ ਸੇਵਾਦਾਰ ਕਪੂਰ ਸਿੰਘ ਨੂੰ 'ਨਵਾਬੀ', ਭਾਈ ਬਹਿਲੋ ਜੀ ਨੂੰ 'ਭਾਈ ਬਹਿਲੋ ਤੂੰ ਸਭ ਤੋਂ ਪਹਿਲੋਂ', ਭਾਈ ਮੰਝ ਜੀ ਨੂੰ 'ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ, ਜੱਗ ਲੰਘਣਹਾਰਾ' ਅਤੇ ਭਾਈ ਜੀਵਨ ਸਿੰਘ ਜੀ ਨੂੰ 'ਰੰਘਰੇਟਾ ਗੁਰੂ ਕਾ ਬੇਟਾ' ਆਦਿ।

ਸਮੇਂ ਦੇ ਨਾਲ ਨਿਸ਼ਕਾਮ ਸੇਵਾ ਦਾ ਆਦਰਸ਼ਕ ਰੂਪ ਭਾਵੇਂ ਵਿਗੜਦਾ ਜਾ ਰਿਹਾ ਹੈ, ਇਹ ਇਕ ਰਸਮ ਜਾਂ ਰੀਤ ਬਣ ਕੇ ਹੀ ਖਤਮ ਹੁੰਦਾ ਜਾ ਰਿਹਾ ਹੈ। ਕੁਦਰਤ ਦਾ ਨਿਯਮ ਹੈ ਕਿ ਕੁਝ ਵੀ ਹਮੇਸ਼ਾਂ ਲਈ ਕਦੇ ਵੀ ਖਤਮ ਨਹੀਂ ਹੁੰਦਾ, ਕਿਣਕਾ ਮਾਤਰ ਹੀ ਸਹੀ ਕਿਤੇ ਨਾ ਕਿਤੇ ਕੁਦਰਤ ਦੀ ਗੋਦ ਵਿਚ ਹਮੇਸ਼ਾਂ ਲਈ ਸੁਰੱਖਿਅਤ ਰਹਿੰਦਾ ਹੈ ਜੋ ਸਮਾਂ ਪਾ ਕੇ ਦੁਬਾਰਾ ਪ੍ਰਫੁਲਿਤ ਹੋ ਜਾਂਦਾ ਹੈ।

ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਦੇ ਨਾਲ-ਨਾਲ ਬਹੁਤ ਸਾਰੇ ਕਾਰਜ ਸਮਾਜ ਦੀ ਭਲਾਈ ਲਈ ਨਿਸ਼ਕਾਮ ਸੇਵਾ ਤਹਿਤ ਕੀਤੇ ਜਾਂਦੇ ਹਨ। ਦੇਸ਼-ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਦੋਂ ਕਦੇ ਵੀ ਕੋਈ ਕੁਦਰਤੀ ਆਫ਼ਤ ਦਸਤਕ ਦਿੰਦੀ ਹੈ ਤਾਂ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਿਨਾਂ ਕਿਸੇ ਦੇਰੀ ਦੇ ਮਦਦ ਕਰਨ ਲਈ ਉੱਥੇ ਪਹੁੰਚਦੀ ਹੈ। ਇਸ ਤੋਂ ਇਲਾਵਾ ਸੰਸਥਾ ਇਸ ਸਮੇਂ ਅੱਧੀ ਦਰਜਨ ਦੇ ਕਰੀਬ ਹਸਪਤਾਲ ਚਲਾ ਰਹੀ ਹੈ। ਸ੍ਰੀ ਗੁਰੂ ਰਾਮਦਾਸ ਹਸਪਤਾਲ, ਵੱਲ੍ਹਾ ਵਿਖੇ 'ਜਨਨੀ ਭਲਾਈ ਸਕੀਮ' ਅਧੀਨ ਮਾਂ ਦਾ ਜਣੇਪਾ ਫ੍ਰੀ ਕੀਤੀ ਜਾਂਦਾ ਹੈ। ਲੜਕੀ ਪੈਦਾ ਹੋਣ 'ਤੇ ੧੦੦੦/- ਰੁਪਏ ਵੀ ਦਿੱਤੇ ਜਾਂਦੇ ਹਨ। ਜਨਮ ਤੋਂ ਹੀ ਗੂੰਗੇ-ਬਹਿਰੇ ਬੱਚਿਆਂ ਦੇ ਇਲਾਜ ਵਿਚ ਵੀ ਲੋੜਵੰਦਾਂ ਨੂੰ ਖਾਸ ਸਹਿਯੋਗ ਦਿੱਤਾ ਜਾਂਦਾ ਹੈ। ਇਸ ਦੇ ਨਾਲ-ਨਾਲ ਚਾਰ ਸਾਹਿਬਜ਼ਾਦਿਆ ਦੇ ਸ਼ਹੀਦੀ ਪੁਰਬ ਸਮੇਂ ਅਤੇ ਗੁਰੂ ਸਾਹਿਬਾਨ ਦੇ ਗੁਰਪੁਰਬ ਸਮੇਂ ਸਾਲ ਵਿਚ ਚਾਰ ਵਾਰ ੨੦-੨੦ ਦਿਨਾਂ ਦੇ ਕੈਂਪ ਲਗਾ ਕੇ ਹਸਪਤਾਲ ਵਿਚ ਦਾਖ਼ਲ ਹੋਣ ਵਾਲੇ ਮਰੀਜ਼ਾਂ ਦਾ ਇਲਾਜ ਸਮੇਤ ਸਰਜਰੀ ਮੁਫਤ ਕੀਤੀ ਜਾਂਦੀ ਹੈ। ਪਿੰਗਲਵਾੜਾ ਅਤੇ ਸੈਂਟ੍ਰਲ ਖ਼ਾਲਸਾ ਯਤੀਮਖ਼ਾਨਾ ਦੇ ਮਰੀਜ਼ਾਂ ਨੂੰ ਮੁਫਤ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਜੰਮੂ-ਕਸ਼ਮੀਰ ਦੇ ਵਸਨੀਕਾਂ ਨੂੰ ਵੀ ਇਲਾਜ ਵਿਚ ੪੦% ਦੀ ਰਿਆਇਤ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਰ ਮੈਂਬਰ ਨੂੰ ਸਾਲਾਨਾ ਤਿੰਨ ਲੱਖ ਰੁਪਏ ਆਪਣੇ ਇਲਾਕੇ ਦੇ ਗਰੀਬ ਲੋਕਾਂ ਦੀ ਬਿਮਾਰੀ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਵਿਚ ਮਦਦ ਕਰਨ ਲਈ ਦਿੱਤੇ ਜਾਂਦੇ ਹਨ।

ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ/ਕਾਲਜਾਂ ਵਿਚ ਗ਼ਰੀਬ ਲੋੜਵੰਦ ਬੱਚਿਆਂ ਦੀਆਂ ਫੀਸਾਂ ਆਦਿ ਵਿਚ ਵੀ ਮਦਦ ਕੀਤੀ ਜਾਂਦੀ ਹੈ। ਲੜਕੀਆਂ ਦੀ ਉੱਚ ਵਿੱਦਿਆ ਨੂੰ ਧਿਆਨ ਵਿਚ ਰੱਖਦਿਆਂ ਮਾਤਾ ਸਾਹਿਬ ਕੌਰ

ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ) ਵਿਖੇ ਲੜਕੀਆਂ ਨੂੰ ਫ੍ਰੀ ਵਿਦਿਆ ਦਿੱਤੀ ਜਾ ਰਹੀ ਹੈ। ਦੇਸ਼ ਭਰ ਵਿਚ ਡੇਢ ਦਰਜਨ ਦੇ ਕਰੀਬ ਗੁਰਮਤਿ ਵਿੱਦਿਆਲੇ/ ਮਿਸ਼ਨਰੀ ਕਾਲਜ ਅਤੇ ਲਗਪਗ ਦਰਜਨ ਦੇ ਕਰੀਬ ਸਿੱਖ-ਮਿਸ਼ਨ ਖੋਲ੍ਹੇ ਗਏ ਹਨ। ਇਨ੍ਹਾਂ ਅਦਾਰਿਆਂ ਵਿਚ ਦੂਰ-ਦੁਰਾਡੇ ਵੱਸਦੇ ਵਿਦਿਆਰਥੀਆਂ ਲਈ ਮੁਫਤ ਵਿੱਦਿਆ ਦੇ ਨਾਲ-ਨਾਲ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਹੀ ਕੁਝ ਚੋਣਵੀਆਂ ਸ਼ਖ਼ਸੀਅਤਾਂ ਅੱਜ ਵੀ ਗੁਰੂ ਸਾਹਿਬਾਨ ਦੀ ਇਸ ਪਵਿੱਤਰ ਧਰਤੀ 'ਤੇ ਮੌਜੂਦ ਹਨ ਜਿਨ੍ਹਾਂ ਨੇ ਸਿੱਖ ਧਰਮ ਦੀ ਨਿਸ਼ਕਾਮ-ਸੇਵਾ ਦੀ ਇਹ ਸੱਚੀ-ਸੁੱਚੀ ਤੇ ਉੱਚੀ ਪਰੰਪਰਾ ਜਾਰੀ ਰੱਖੀ ਹੋਈ ਹੈ। ਇਨ੍ਹਾਂ ਸਿੱਖ ਸਿਧਾਂਤਾਂ ਦੇ ਪਹਿਰੇਦਾਰ ਸੇਵਕਾਂ ਨੂੰ ਅਕਾਲ ਪੁਰਖ ਦੀ ਸੰਗਤ ਵੱਲੋਂ ਉਚੇਚੇ ਸਤਿਕਾਰ ਨਾਲ ਨਿਵਾਜਿਆ ਵੀ ਜਾ ਰਿਹਾ ਹੈ, ਉਨ੍ਹਾਂ ਵਿੱਚੋਂ ਹੀ ਕੁਝ ਚੋਣਵੇਂ ਸਿੱਖਾਂ ਵਿੱਚੋਂ ਭਗਤ ਪੂਰਨ ਸਿੰਘ ਜੀ ਉਪਰੰਤ ਉਨ੍ਹਾਂ ਦੇ ਉੱਤਰਾਧਿਕਾਰੀ ਬੀਬੀ ਇੰਦਰਜੀਤ ਕੌਰ ਜੀ ਜੋ ਬੀਮਾਰ ਬੱਚਿਆਂ ਅਤੇ ਬੀਬੀਆਂ ਦੀ ਨਿਸ਼ਕਾਮ ਸੇਵਾ ਕਰਦੇ ਹਨ, ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਜੋ ਆਪਣੀ ਨਿਸ਼ਕਾਮ ਸੇਵਾ ਦੇ ਨਾਲ ਗੁਰੂ ਸਾਹਿਬਾਨ ਦੀ ਇਸ ਪਵਿੱਤਰ ਧਰਤੀ ਦੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਨ, ਸ. ਰਵੀ ਸਿੰਘ ਜੀ ਖਾਲਸਾ ਜੋ ਅੰਤਰ-ਰਾਸ਼ਟਰੀ ਪੱਧਰ 'ਤੇ ਆਈ ਕਿਸੇ ਵੀ ਤ੍ਰਾਸਦੀ ਵਿਚ ਧਰਮ ਅਤੇ ਜਾਤ-ਪਾਤ ਤੋਂ ਉੱਪਰ ਉਠ ਕੇ ਮਾਨਵਤਾ ਦੀ ਸੇਵਾ ਕਰਦੇ ਹਨ, ਐਸ. ਪੀ. ਸਿੰਘ ਜੀ ਓਬਰਾਏ ਜੋ ਜਿੱਥੇ ਗਰੀਬ ਨਿਮਾਣੇ ਲੋਕਾਂ ਦੇ ਸਿਰ ਦੀਆਂ ਛੱਤਾਂ ਦਾ ਪ੍ਰਬੰਧ ਕਰਦੇ ਹਨ, ਉਥੇ ਵਿਦੇਸ਼ਾਂ ਵਿਚ 'ਬਲੱਡ ਮਨੀ' ਦਾ ਪ੍ਰਬੰਧ ਕਰ ਵਿਛੜ ਚੁੱਕਿਆਂ ਨੂੰ ਆਪਣਿਆਂ ਨਾਲ ਮਿਲਵਾਉਣ ਵਿਚ ਸਹਾਇਤਾ ਕਰਦੇ ਹਨ ਅਤੇ ਇਸੇ ਤਰ੍ਹਾਂ ਹੀ ਲੁਧਿਆਣਾ ਵਿਖੇ ਇਕ ਸੰਸਥਾ ਦੇ ਸੰਚਾਲਕ ਸ. ਗੁਰਪ੍ਰੀਤ ਸਿੰਘ ਮਿੰਟੂ ਬੀਮਾਰ ਤੇ ਯਤੀਮ ਰੁਲ਼ ਰਹੇ ਲੋਕਾਂ ਨੂੰ 'ਮਨੁੱਖਤਾ ਦੀ ਸੇਵਾ ਸੁਸਾਇਟੀ' (ਸੁਪਨਿਆਂ ਦਾ ਘਰ) ਵਿਚ ਲਿਜਾ ਕੇ ਉਨ੍ਹਾਂ ਦਾ ਇਲਾਜ ਕਰ ਕੇ ਉਨ੍ਹਾਂ ਨੂੰ ਦੁਬਾਰਾ ਨਿਰੋਗੀ ਜੀਵਨ ਜਿਊਣ ਵਿਚ ਮਦਦ ਕਰਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਅਜਿਹੀਆਂ ਬਹੁਤ ਸਾਰੀਆਂ ਲੁੱਕਵੀਆਂ ਸ਼ਖ਼ਸੀਅਤਾਂ ਅੱਜ ਵੀ ਸਮਾਜ ਵਿਚ ਅਲੱਗ-ਅਲੱਗ ਖੇਤਰਾਂ ਵਿਚ ਨਿਸ਼ਕਾਮ ਸੇਵਾ ਕਰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਗੁਰੂ ਦੇ ਸਿੱਖਾਂ ਦਾ ਮਾਣ ਵਧਾ ਰਹੀਆਂ ਹਨ।

ਫਿਰ ਵੀ ਸਮੇਂ ਦੀ ਬਹੁਤ ਜ਼ਿਆਦਾ ਲੋੜ ਹੈ ਕਿ ਵੱਧ ਤੋਂ ਵੱਧ ਲੋਕ ਮਾਇਆਵਾਦੀ ਹੋਣ ਦੀ ਥਾਂ ਗੁਰਬਾਣੀ ਅਨੁਸਾਰ ਸੇਵਾ ਦੇ ਸਹੀ ਅਰਥ ਸਮਝ ਹੱਕ-ਹਲਾਲ ਦੀ ਕਿਰਤ ਕਰ ਸੱਚੇ-ਸੁੱਚੇ ਸੇਵਕ ਬਣ ਤਪਦੀ ਹੋਈ ਲੋਕਾਈ ਦੇ ਹਿਰਦਿਆਂ ਨੂੰ ਰਾਹਤ ਪਹੁੰਚਾ ਸਕਣ।

ਗੱਡਿਆਂ ਦਾ ਧਨੀ

-ਗਿ. ਗੁਰਦਿੱਤ ਸਿੰਘ

ਸਥਾਨਕ ਪਰੰਪਰਾ ਅਨੁਸਾਰ ਇਹ ਗੱਲ ਪ੍ਰਚਲਿਤ ਹੈ ਕਿ ਭਾਈ ਰੂਪ ਚੰਦ ਜੀ ਸਾਲ ਵਿਚ ਦੋ ਵਾਰ ਗੁਰੂ ਦਰਬਾਰ ਵਿਖੇ ਮਾਲਵੇ ਵਿੱਚੋਂ ਦਸਵੰਧ ਦੀ ਕਾਰ ਭੇਂਟਾ ਲੈ ਕੇ ਜਾਇਆ ਕਰਦੇ ਸਨ। ਰਸਤਾ ਅਤੀ ਔਖਿਆਈ ਦਾ ਸੀ। ਵਿਸ਼ੇਸ਼ ਕਰਕੇ ਵਿਚਕਾਰ ਕਈ ਚੋਏ ਵਗਦੇ ਸਨ ਅਤੇ ਸਤਲੁਜ ਦਰਿਆ ਵੀ ਆਉਂਦਾ ਸੀ। ਸ੍ਰੀ ਅੰਮ੍ਰਿਤਸਰ ਦੇ ਰਾਹ ਵਿਚ ਬਿਆਸ ਦਰਿਆ ਵੀ ਲੰਘਣਾ ਪੈਂਦਾ ਸੀ। ਇਕ ਵਾਰ ਕਾਰ-ਭੇਟ ਦੇ ਕਈ ਗੱਡੇ ਲੱਦ ਕੇ ਸ੍ਰੀ ਅੰਮ੍ਰਿਤਸਰ ਜਾ ਰਹੇ ਸਨ। ਰਸਤੇ ਵਿਚ ਬਿਆਸ ਨੂੰ ਪਾਰ ਕਰਨਾ ਕਠਿਨ ਸੀ। ਸਾਰਿਆਂ ਨੇ ਭਾਈ ਰੂਪ ਚੰਦ ਜੀ ਅੱਗੇ ਇਹ ਸਮੱਸਿਆ ਦੂਰ ਕਰਨ ਲਈ ਬੇਨਤੀ ਕੀਤੀ। ਤਾਂ ਭਾਈ ਸਾਹਿਬ ਜੀ ਨੇ ਅਰਦਾਸ ਕਰ ਕੇ ਆਪਣਾ ਗੱਡਾ ਅੱਗੇ ਲਾ ਕੇ ਸਭਨਾਂ ਨੂੰ ਪਿੱਛੇ ਆਉਣ ਲਈ ਕਿਹਾ। ਸਾਰੇ ਸਹੀ ਸਲਾਮਤ ਕਾਰ ਭੇਟਾ ਲੈ ਕੇ ਗੁਰੂ ਦਰਬਾਰ ਵਿਚ ਪੁੱਜੇ। ਕਿਸੇ ਨੇ ਇਹ ਵਾਰਤਾ ਗੁਰੂ ਜੀ ਨੂੰ ਸੁਣਾਈ ਤਾਂ ਉਨ੍ਹਾਂ ਨੇ ਅਸੀਸ ਦੇ ਰੂਪ ਵਿਚ ਭਾਈ ਰੂਪ ਚੰਦ ਜੀ ਨੂੰ "ਗੱਡਿਆਂ ਦੇ ਧਨੀ" ਕਿਹਾ। ਅੱਜ ਤਕ ਭੀ ਭਾਈ ਰੂਪਾ ਪਿੰਡ ਦੇ ਆਸ-ਪਾਸ ਦੇ ਇਲਾਕੇ ਵਿਚ ਇਹ ਪਰੰਪਰਾ ਬਣੀ ਹੋਈ ਹੈ ਕਿ ਗੱਡੇ, ਟਰੈਕਟਰ, ਟਰਾਲੀਆਂ ਆਦਿਕ ਨੂੰ ਚਲਾਉਣ ਵੇਲੇ ਪਹਿਲਾਂ ਇਹ ਕਿਹਾ ਜਾਂਦਾ ਹੈ- "ਮੰਨ ਓਏ ਬੇਲੀਆ ਭਾਈ ਰੂਪ ਚੰਦ ਗੱਡਿਆਂ ਦੇ ਧਨੀ ਨੂੰ", ਫਿਰ ਕੋਈ ਵਾਹਨ ਟੋਰਿਆ ਜਾਂਦਾ ਹੈ। ਅੱਜਕਲ੍ਹ ਭਾਈ ਰੂਪ ਚੰਦ ਜੀ ਦੇ ਸਥਾਨ 'ਤੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਮਹਿਲਾਂ ਵੱਲੋਂ ਭਾਈ ਰੂਪ ਚੰਦ ਜੀ ਦੀ ਸੇਵਾ ਤੋ ਖੁਸ਼ ਹੋ ਕੇ ਬਖਸ਼ਿਸ਼ਾਂ ਕੀਤੀਆਂ ਇਤਿਹਾਸਿਕ ਨਿਸਾਨੀਆਂ ਅੱਜ ਵੀ ਪਿੰਡ ਭਾਈ ਰੂਪੇ ਜ਼ਿਲ੍ਹਾ ਬਠਿੰਡਾ ਉਨ੍ਹਾਂ ਦੇ ਵਾਰਸਾਂ (੧੧ ਵੀਂ ਪੀੜ੍ਹੀ) ਭਾਈ ਪਾਲ ਸਿੰਘ ਸਪੁੱਤਰ ਭਾਈ ਬਲਵੀਰ ਸਿੰਘ ਜੀ ਕੋਲ ਮੌਜੂਦ ਹਨ ਜੋ ਕਿ ਪੀੜੀ-ਦਰ-ਪੀੜੀ ਨਿਸ਼ਾਨੀਆਂ ਦੀ ਸਾਂਭ-ਸੰਭਾਲ ਕਰ ਰਹੇ ਹਨ। ਹੁਣ ਉਨ੍ਹਾਂ ਦੇ ਪੋਤਰੇ ਭਾਈ ਜਸਕਰਨ ਸਿੰਘ ਨਿਸ਼ਾਨੀਆਂ ਦੀ ਸਾਂਭ-ਸੰਭਾਲ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ ਸੰਗਤ ਨੂੰ ਦਰਸ਼ਨ ਕਰਵਾ ਰਹੇ ਹਨ ਅਤੇ ਬਾਗੜੀਆਂ ਭਾਈ ਕੇ ਵਿਖੇ ਭਾਈ ਜੁਝਾਰ ਸਿੰਘ ਸਾਂਭ-ਸੰਭਾਲ ਕਰ ਰਹੇ ਹਨ।

ਪੁਸਤਕ *'ਭਾਈ ਰੂਪ ਚੰਦ ਅਤੇ ਉਨ੍ਹਾਂ ਦਾ ਵੰਸ਼'* ਵਿੱਚੋਂ ਧੰਨਵਾਦ ਸਹਿਤ।

ਸਰਦਾਰ ਸ਼ਾਮ ਸਿੰਘ ਅਟਾਰੀ

*-ਬਿਕਰਮਜੀਤ ਸਿੰਘ ਜੀਤ**

ਸਿੱਖ ਇਤਿਹਾਸ ਵਿਚ ਬੇਅੰਤ ਸੂਰਬੀਰ ਯੋਧੇ ਹੋਏ ਹਨ, ਜਿਨ੍ਹਾਂ ਨੇ ਆਪਣੀ ਕਥਨੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਰੱਖਿਆ। ਇਨ੍ਹਾਂ ਯੋਧਿਆਂ ਦੀ ਕਤਾਰ ਇੰਨੀ ਲੰਮੇਰੀ ਹੈ ਕਿ ਕਿਸੇ ਇਕ ਮਜਮੂਨ ਵਿਚ ਪੂਰੀ ਨਹੀਂ ਹੋ ਸਕਦੀ, ਪਰੰਤੂ ਇਨ੍ਹਾਂ ਸੂਰਬੀਰਾਂ ਦਾ ਆਸ਼ਾ ਕੇਵਲ ਤੇ ਕੇਵਲ ਇੱਕ ਹੀ ਰਿਹਾ ਉਹ ਆਸ਼ਾ ਸੀ-- ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਹੋ ਕੇ ਹੱਕ, ਸੱਚ ਅਤੇ ਨਿਆਂ ਦੀ ਪ੍ਰਾਪਤੀ ਲਈ ਭਰਪੂਰ ਸੰਘਰਸ਼ ਕਰਨਾ ਭਾਵੇਂ ਇਸ ਦੇ ਬਦਲੇ ਉਨ੍ਹਾਂ ਦੀ ਜਾਨ ਹੀ ਕਿਉਂ ਨਾ ਚਲੀ ਜਾਵੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਨੇ ਪੰਜਾਬ ਦੇ ਇਤਿਹਾਸ ਦੇ ਮੁਹਾਣ ਮੋੜੇ ਅਤੇ 'ਸਿੱਖ ਰਾਜ' ਦਾ ਪਰਚਮ ਬੁਲੰਦ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸੂਰਬੀਰ ਯੋਧੇ ਸਿੰਘਾਂ ਨੇ ਕੇਵਲ ਤੇ ਕੇਵਲ ਗੁਰ-ਆਸ਼ੇ ਨੂੰ ਸਾਹਮਣੇ ਰੱਖਦੇ ਹੋਏ ਮੁਗ਼ਲ ਹਕੂਮਤ ਦਾ ਜੋ ਹਸ਼ਰ ਕੀਤਾ ਉਸ ਦਾ ਆਪਣਾ ਇਕ ਵੱਖਰਾ ਤੇ ਲਾਸਾਨੀ ਇਤਿਹਾਸ ਹੈ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਪੰਜਾਬ ਵਿਚ ਸਿੱਖ ਮਿਸਲਾਂ ਤੇ ਉਨ੍ਹਾਂ ਦੇ ਸਿੰਘ-ਸਰਦਾਰਾਂ ਨੇ ਆਪਣਾ ਪ੍ਰਭਾਵ ਕਾਇਮ ਕੀਤਾ। ਉਨ੍ਹਾਂ ਹਰੇਕ ਉਸ ਵਿਦੇਸ਼ੀ ਹਮਲਾਵਰ ਦਾ ਟਾਕਰਾ ਕੀਤਾ ਜਿਸ ਨੇ ਆਪਣੇ ਲਾਮ-ਲਸ਼ਕਰ ਨੂੰ ਨਾਲ ਲੈ ਕੇ ਪੰਜਾਬ ਹੀ ਨਹੀਂ ਬਲਕਿ ਸਮੁੱਚੇ ਹਿੰਦੋਸਤਾਨ ਦੇ ਧਨ-ਮਾਲ ਤੋਂ ਲੈ ਕੇ ਹਿੰਦੋਸਤਾਨੀਆਂ ਦੀਆਂ ਬਹੂ-ਬੇਟੀਆਂ ਨੂੰ ਵੀ ਕੈਦ ਕਰ ਕੇ ਆਪਣੇ ਨਾਲ ਲਿਜਾਣ ਦੇ ਯਤਨ ਕੀਤੇ। ਇਨ੍ਹਾਂ ਸੂਰਬੀਰ ਸਿੱਖ-ਸਰਦਾਰ ਯੋਧਿਆਂ ਨੇ ਆਪਣੀਆਂ ਜਾਨਾਂ ਹੂਲ ਕੇ ਹਿੰਦੋਸਤਾਨ ਦੀ ਇੱਜ਼ਤ ਨੂੰ ਬੇਪੱਤ ਹੋਣੋਂ ਰੋਕਿਆ ਅਤੇ ਹਮਲਾਵਾਰਾਂ / ਲੁਟੇਰਿਆਂ ਨੂੰ ਨੱਕੀਂ ਚਣੇ ਚਬਵਾਏ। ਜਿਸ ਤਹਿਤ ਸਿੱਖ ਮਿਸਲਾਂ ਨੇ ਕੇਵਲ ਤੇ ਕੇਵਲ ਸਿੱਖੀ ਆਸ਼ੇ ਅਤੇ ਸਿੱਖ ਰਾਜ ਦੇ ਆਦਰਸ਼ ਸੰਕਲਪ ਨੂੰ ਕਾਇਮ ਕਰਨ ਵਿਚ ਅਣਥੱਕ ਅਤੇ ਬੇਮਿਸਾਲ ਘਾਲਣਾਵਾਂ ਘਾਲੀਆਂ।

ਸੰਨ ੧੮੦੧ ਈ. ਵਿਚ ਜਦ ਪੰਜਾਬ ਦੀ ਵਾਗਡੋਰ ਮਹਾਰਾਜਾ ਰਣਜੀਤ ਸਿੰਘ ਨੇ ਸੰਭਾਲੀ ਤਾਂ ਉਸ ਸਮੇਂ ਤੋਂ ਸਿੱਖ ਰਾਜ ਆਪਣੇ ਸੁਨਿਹਰੀ ਕਾਲ ਵੱਲ ਵਧਣ ਲੱਗਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਹੋਈਆਂ ਬਾਹਰਲੇ ਹਮਲਾਵਰਾਂ ਨਾਲ ਅਣਗਿਣਤ ਲੜਾਈਆਂ ਅਤੇ ਮਹਾਰਾਜੇ ਦੀਆਂ ਲਗਾਤਾਰ ਜਿੱਤਾਂ ਨੇ ਪੰਜਾਬ ਵਿਚ ਇਕ ਆਦਰਸ਼ਕ ਰਾਜ ਦੀ ਸਥਾਪਨਾ ਕੀਤੀ। ਅਸਲ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਇਨ੍ਹਾਂ ਸਭ ਜਿੱਤਾਂ, ਪਿਸ਼ਾਵਰ ਤਕ ਰਾਜ ਦੀ ਕਾਇਮੀ ਆਦਿ

* ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ. ੮੨੨੮-੦੦੩੨੨

ਮਹਾਰਾਜਾ ਰਣਜੀਤ ਸਿੰਘ ਦੀ ਦੂਰ-ਅੰਦੇਸ਼ੀ ਸੋਚ ਅਤੇ ਉਨ੍ਹਾਂ ਵੱਲੋਂ ਨਿਯੁਕਤ ਕੀਤੇ ਜਾਂਦੇ ਆਪਣੇ ਬਹਾਦਰ ਸਿੰਘ- ਸਰਦਾਰ ਜਰਨੈਲਾਂ ਦੀ ਚੋਣ ਸਦਕਾ ਹੀ ਹੋਈ। ਮਹਾਰਾਜਾ ਰਣਜੀਤ ਸਿੰਘ ਦੇ ਅਨੇਕਾਂ ਜਰਨੈਲਾਂ ਵਿੱਚੋਂ ਇਕ ਨਾਂ ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹੈ ਉਹ ਹੈ- ਸਰਦਾਰ ਸ਼ਾਮ ਸਿੰਘ ਅਟਾਰੀ।

ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪਰਵਾਰਿਕ ਪਿਛੋਕੜ ਵੱਲ ਜੇਕਰ ਝਾਤ ਮਾਰੀ ਜਾਵੇ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰੇ ਜੈਸਲਮੇਰ ਦੇ ਰਾਜਪੂਤਾਨੇ ਘਰਾਣੇ ਨਾਲ ਸੰਬੰਧ ਰੱਖਦੇ ਸਨ, ਜੋਕਿ ਪੰਜਾਬ ਵਿਚ ਆਏ। ਸਰਦਾਰ ਸ਼ਾਮ ਸਿੰਘ ਦਾ ਜਨਮ ਸਰਦਾਰ ਨਿਹਾਲ ਸਿੰਘ ਦੇ ਘਰ ਪਿੰਡ ਅਟਾਰੀ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਸਰਦਾਰ ਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਕਰਦੇ ਸਨ। ਸੰਨ ੧੮੦੭ ਈ. ਵਿਚ ਜਦ ਕਸੂਰ 'ਤੇ ਫਤਿਹ ਕੀਤੀ ਗਈ ਤਾਂ ਉਸ ਸਮੇਂ ਸਰਦਾਰ ਨਿਹਾਲ ਸਿੰਘ ਨੇ ਆਪਣੀ ਭਰਪੂਰ ਦਲੇਰੀ ਦਿਖਾਈ ਸੀ। ਇਸ ਦਲੇਰੀ ਤੇ ਬਹਾਦਰੀ ਤੋਂ ਖੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਦਾ ਫਤਿਹ ਕੀਤਾ ਹੋਇਆ ਇਲਾਕਾ ਅਤੇ ਇਸ ਦੀ ਆਮਦਨੀ ਜੋਕਿ ਇੱਕ ਲੱਖ ਸੱਤ ਹਜ਼ਾਰ ਰੁਪਏ ਸੀ, ਸਰਦਾਰ ਨਿਹਾਲ ਸਿੰਘ ਨੂੰ ਜਾਗੀਰ ਵਜੋਂ ਦਿੱਤਾ। ਇਸ ਤੋਂ ਬਾਅਦ ਹੋਈ ਮੁਲਤਾਨ ਦੀ ਲੜਾਈ ਵਿਚ ਵੀ ਸਰਦਾਰ ਨਿਹਾਲ ਸਿੰਘ ਨੇ ਸਿਰਧੜ ਦੀ ਬਾਜ਼ੀ ਲਗਾਈ। ਇਸ ਉਪਰੰਤ ਕਸ਼ਮੀਰ, ਪਿੰਡ ਦਾਦਨ ਖਾਨ, ਇਲਾਕਾ ਅਟਕ, ਨੀਲਾ ਦੁਲਾ ਤੇ ਚਕਵਾਲ ਆਦਿ ਦੀਆਂ ਲੜਾਈਆਂ ਵਿਚ ਵੀ ਆਪ ਨੇ ਬਹੁਤ ਦਲੇਰੀ ਅਤੇ ਹਿੰਮਤ ਦਾ ਸਬੂਤ ਦੇ ਕੇ ਇਹ ਇਲਾਕੇ ਖਾਲਸਾ ਰਾਜ ਵਿਚ ਮਿਲਾਏ।

ਸਰਦਾਰ ਨਿਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਇੱਜ਼ਤ ਕਰਦੇ ਸਨ ਅਤੇ ਪੂਰਨ ਰੂਪ ਵਿਚ ਮਹਾਰਾਜਾ ਨੂੰ ਸਮਰਪਿਤ ਸਨ। ਕੁਝ ਸਮੇਂ ਬਾਅਦ ਸਰਦਾਰ ਨਿਹਾਲ ਸਿੰਘ ਅਕਾਲ ਚਲਾਣਾ ਕਰ ਗਏ। ਸਰਦਾਰ ਨਿਹਾਲ ਸਿੰਘ ਦੇ ਅਕਾਲ ਚਲਾਣੇ ਤੋਂ ਪਹਿਲਾਂ ਉਨ੍ਹਾਂ ਦੇ ਸਪੁੱਤਰ ਸਰਦਾਰ ਸ਼ਾਮ ਸਿੰਘ ਜਿਨ੍ਹਾਂ ਦੀ ਉਮਰ ਇਤਿਹਾਸਕਾਰਾਂ ਮੁਤਾਬਕ ਲੱਗਭਗ ੧੮ ਸਾਲ ਦੀ ਸੀ, ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਫੌਜ ਦੇ ਤੋਪਖਾਨੇ ਵਿਚ ਜ਼ਿੰਮੇਵਾਰ ਅਫਸਰ ਵਜੋਂ ਭਰਤੀ ਕਰ ਲਿਆ।

ਸਰਦਾਰ ਸ਼ਾਮ ਸਿੰਘ ਵੀ ਆਪਣੇ ਪਿਤਾ ਵਾਂਗ ਬਹੁਤ ਦਲੇਰ ਅਤੇ ਬਹਾਦਰ ਸੀ। "ਸੰਨ ੧੮੧੮ ਦੀ ਨਵਾਬ ਮੁਜ਼ੱਫਰ ਖਾਨ ਦੀ ਮੁਲਤਾਨ ਵਾਲੀ ਲੜਾਈ ਸਮੇਂ ਆਪ ਦੇ ਤੋਪਖਾਨੇ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਸੀ ਅਤੇ ਦੁਸ਼ਮਣਾਂ ਦੇ ਆਹੂ ਲਾਹੇ। ਇਸ ਦੌਰਾਨ ਸਰਦਾਰ ਸ਼ਾਮ ਸਿੰਘ ਨੂੰ ਕਈ ਫੱਟ ਵੀ ਲੱਗੇ ਸਨ।

ਇਸ ਤੋਂ ਬਾਅਦ ਜਦ ੧੮੧੮ ਈ. ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਦੋਸਤ ਮੁਹੰਮਦ ਖਾਂ ਨੇ ਪਿਸ਼ਾਵਰ ਦਾ ਇਲਾਕਾ ਦੱਬ ਲਿਆ ਹੈ ਤਾਂ ਮਹਾਰਾਜਾ ਨੇ ਸਰਦਾਰ ਦਲ ਸਿੰਘ, ਸਰਦਾਰ ਧੰਨਾ ਸਿੰਘ ਮਨਵਾਦੀ, ਸਰਦਾਰ ਸ਼ਾਮ

ਸਿੰਘ ਤੇ ਸਰਦਾਰ ਹਰੀ ਸਿੰਘ ਨੂੰ ਫੌਜ ਦੇ ਕੇ ਭੇਜਿਆ ਅਤੇ ਪਿਸ਼ਾਵਰ ਉੱਤੇ ਹਮਲਾ ਕਰਨ ਦਾ ਹੁਕਮ ਕਰ ਦਿੱਤਾ, ਜਿਸ ਤਹਿਤ ਇਨ੍ਹਾਂ ਸਰਦਾਰਾਂ ਦੀ ਅਗਵਾਈ ਵਿਚ ਖਾਲਸਾ ਫੌਜਾਂ ਨੇ ਪਿਸ਼ਾਵਰ ਨੂੰ ਮੁੜ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਹਮਲੇ ਦੌਰਾਨ ਵੀ ਸਰਦਾਰ ਸ਼ਾਮ ਸਿੰਘ ਨੇ ਬਹੁਤ ਬਹਾਦਰੀ ਦਿਖਾਈ। ਇਸ ਉਪਰੰਤ ੧੮੧੯ ਈ. ਵਿਚ ਕਸ਼ਮੀਰ ਦੀ ਮੁਹਿੰਮ ਵਿਚ ਵੀ ਮਹਾਰਾਜਾ ਵੱਲੋਂ ਸ. ਸ਼ਾਮ ਸਿੰਘ ਨੂੰ ਸ਼ਾਮਲ ਕੀਤਾ ਗਿਆ।

ਡੇਰਾ ਗਾਜੀ ਖਾਂ ਦੀ ਮੁਹਿੰਮ ਜੋ ਫਰਵਰੀ ੧੮੩੨ ਈ. ਨੂੰ ਸ਼ੁਰੂ ਕੀਤੀ ਗਈ ਸੀ, ਵਿਚ ਦੀਵਾਨ ਕਿਰਪਾ ਰਾਮ ਤੇ ਕੰਵਰ ਖੜਕ ਸਿੰਘ ਦੇ ਨਾਲ ਸਰਦਾਰ ਸ਼ਾਮ ਸਿੰਘ ਅਟਾਰੀ ਸ਼ਾਮਲ ਸੀ। ਇੰਨਾ ਹੀ ਨਹੀਂ ਬਲਕਿ ਬੰਨੂ ਟਾਂਕ ਦੇ ਇਲਾਕੇ ਵਿਚ ਜਦੋਂ ਉਗਰਾਹੀ ਕਰਨ ਦਾ ਹੁਕਮ ਹੋਇਆ ਤਾਂ ਇਹ ਜ਼ਿੰਮੇਵਾਰੀ ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਨੂੰ ਸੌਂਪੀ ਗਈ। ਇਤਿਹਾਸਕਾਰਾਂ ਮੁਤਾਬਕ ਬੰਨੂ ਟਾਂਕ ਦੀ ਮੁਹਿੰਮ ਵਿਚ ਤਾਰਾ ਚੰਦ ਨੇ ਦੋਨਾਂ ਪਾਸਿਓਂ ਹਮਲਾ ਕਰ ਦਿੱਤਾ। ਨਤੀਜੇ ਵਜੋਂ ਫੌਜ ਦੇ ਕਈ ਆਦਮੀ ਜ਼ਖ਼ਮੀ ਹੋ ਗਏ ਪਰੰਤੂ ਸਰਦਾਰ ਸ਼ਾਮ ਸਿੰਘ ਅਟਾਰੀ ਨੇ ਆਪਣੀ ਬਹਾਦਰੀ ਅਤੇ ਸਿਆਣਪ ਨਾਲ ਇਸ ਮੁਹਿੰਮ ਵਿਚ ਵੀ ਸ਼ਾਨਦਾਰ ਜਿੱਤ ਹਾਸਲ ਕੀਤੀ। ਇਸ ਮੁਹਿੰਮ ਦੌਰਾਨ ਵੀ ਆਪ ਬਹੁਤ ਫੱਟੜ ਹੋਏ ਅਤੇ ਆਪ ਦਾ ਘੋੜਾ ਵੀ ਮਾਰਿਆ ਗਿਆ।

ਗਿ. ਸੋਹਣ ਸਿੰਘ ਸੀਤਲ ਅਨੁਸਾਰ "ਸਰਦਾਰ ਸ਼ਾਮ ਸਿੰਘ ਸ਼ੇਰ-ਏ-ਪੰਜਾਬ ਦੀਆਂ ਕਈ ਲੜਾਈਆਂ ਵਿਚ ਲੜਿਆ। ੮ ਮਾਰਚ, ੧੮੩੭ ਈ. ਨੂੰ ਉਸ ਦੀ ਸਪੁੱਤਰੀ ਬੀਬੀ ਨਾਨਕੀ ਦਾ ਵਿਆਹ ਕੰਵਰ ਨੌਨਿਹਾਲ ਸਿੰਘ (ਮਹਾਰਾਜਾ ਰਣਜੀਤ ਸਿੰਘ ਦਾ ਪੋਤਰਾ) ਨਾਲ ਹੋਇਆ। . . . ਸਰਦਾਰ ਹਰੀ ਸਿੰਘ ਨਲਵਾ ਦੇ ਸ਼ਹੀਦ ਹੋਣ ਪਿੱਛੋਂ ਦੋ ਸਾਲ ਤਕ ਸਰਦਾਰ ਸ਼ਾਮ ਸਿੰਘ ਫੌਜੀ ਅਫ਼ਸਰ ਬਣ ਕੇ ਪਿਸ਼ਾਵਰ ਰਿਹਾ।"

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਿਹਤ ਠੀਕ ਨਾ ਹੋਣ ਕਰਕੇ ਉਹ ਅਕਾਲ ਚਲਾਣਾ ਕਰ ਗਏ। ਆਪਣੇ ਅੰਤਮ ਸਮੇਂ ਮਹਾਰਾਜਾ ਨੇ ਆਪਣੇ ਪੁੱਤਰ ਖੜਕ ਸਿੰਘ ਨੂੰ ਆਪਣਾ ਰਾਜ-ਭਾਗ ਸੌਂਪਿਆ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਲਾਹੌਰ ਦਰਬਾਰ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ। ਸਰਦਾਰ ਸ਼ਾਮ ਸਿੰਘ ਅਟਾਰੀ ਲਾਹੌਰ ਦਰਬਾਰ ਦੇ ਇਸ ਹਾਲ ਤੋਂ ਬੇਹੱਦ ਨਿਰਾਸ਼ ਸੀ, ਜਿਸ ਕਾਰਨ ਉਹ ਆਪਣੇ ਪਿੰਡ ਅਟਾਰੀ ਵਿਖੇ ਜ਼ਿਆਦਾ ਸਮਾਂ ਰਹਿਣ ਲੱਗੇ ਪਰੰਤੂ ਜਦ ੧੮੪੦ ਈ. ਵਿਚ ਪਾਇੰਦਾ ਖਾਂ ਨੇ ਹਜ਼ਾਰੇ ਵਿਚ ਸਿਰ ਚੁੱਕਿਆ, ਤਾਂ ਉਸ ਨੂੰ ਕੁਚਲਣ ਦੀ ਜ਼ਿੰਮੇਵਾਰੀ ਸਰਦਾਰ ਸ਼ਾਮ ਸਿੰਘ ਨੇ ਹੀ ਨਿਭਾਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਅੰਗਰੇਜ਼ ਪੰਜਾਬ ਉੱਪਰ ਹੌਲੀ-ਹੌਲੀ ਕਾਬਜ਼ ਹੋਣੇ ਸ਼ੁਰੂ ਹੋ ਗਏ। ਇਹ ਸਭ ਕੁਝ ਸਿੱਖ ਫੌਜਾਂ ਵਿਚ ਹੋਈ ਗ਼ੱਦਾਰੀ ਕਾਰਨ

ਵਾਪਰਿਆ, ਜਿਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਸਿੱਖ ਫੌਜਾਂ ਦੇ ਕਮਾਂਡਰ-ਇਨ-ਚੀਫ਼ ਮਿਸਰ ਤੇਜਾ ਸਿੰਘ, ਰਾਜਾ ਗੁਲਾਬ ਸਿੰਘ ਡੋਗਰਾ ਤੇ ਮਿਸਰ ਲਾਲ ਸਿੰਘ ਵਜ਼ੀਰ ਨੇ ਆਪਣੀ ਸਾਜ਼ਿਸ਼ੀ ਅਤੇ ਗ਼ੱਦਾਰਾਂ ਵਾਲੀ ਭੂਮਿਕਾ ਨਿਭਾਈ। ਅਸਲ ਵਿਚ ਇਹ ਅੰਦਰਖਾਤੇ ਲਾਲਚਵੱਸ ਹੋ ਕੇ ਅੰਗਰੇਜ਼ਾਂ ਨਾਲ ਮਿਲ ਚੁੱਕੇ ਸਨ। ਇਨ੍ਹਾਂ ਗ਼ੱਦਾਰਾਂ ਦੇ ਵਿਸਾਹਘਾਤ ਦੇ ਕਾਰਨ ਸਿੱਖ ਪਹਿਲੇ ਅੰਗਰੇਜ਼-ਸਿੱਖ ਯੁੱਧ ਵਿਚ ਮੁਦਕੀ ਤੇ ਫੇਰੂ ਸ਼ਹਿਰ ਦੀਆਂ ਲੜਾਈਆਂ ਹਾਰ ਗਏ, ਜਿਨ੍ਹਾਂ ਦਾ ਆਪਣਾ ਇਕ ਵੱਖਰਾ ਇਤਿਹਾਸ ਹੈ, ਜੋ ਕਿ ਇਨ੍ਹਾਂ ਗ਼ੱਦਾਰਾਂ ਦੀ ਘਟੀਆ ਸੋਚ ਤੇ ਸਿੱਖ ਫੌਜਾਂ ਨੂੰ ਹਰਾ ਕੇ ਅੰਗਰੇਜ਼ਾਂ ਦਾ ਪੰਜਾਬ 'ਤੇ ਪੂਰਨ ਰੂਪ ਵਿਚ ਕਬਜ਼ਾ ਕਰਵਾਉਣ ਲਈ ਕੀਤੀ ਮਦਦ ਦੀ ਗਾਥਾ ਬਿਆਨ ਕਰਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸਰਦਾਰ ਸ਼ਾਮ ਸਿੰਘ ਅਟਾਰੀ ਲਾਹੌਰ ਦਰਬਾਰ ਦੀਆਂ ਗਲਤ ਨੀਤੀਆਂ ਤੇ ਖਾਨਾਜੰਗੀ ਕਾਰਨ ਕਾਫੀ ਨਿਰਾਸ਼ ਸੀ, ਜਿਸ ਕਾਰਨ ਉਹ ਅੰਗਰੇਜ਼ਾਂ ਤੇ ਸਿੱਖਾਂ ਵਿਚ ਹੋਣ ਵਾਲੀ ਲੜਾਈ ਵਿਚ ਸ਼ਾਮਲ ਹੋਣੋਂ ਸੰਕੋਚ ਕਰਦਾ ਰਿਹਾ ਪਰੰਤੂ ਇਤਿਹਾਸਕਾਰਾਂ ਅਨੁਸਾਰ ਮਹਾਰਾਣੀ ਜਿੰਦ ਕੌਰ ਨੇ ਜਦ ਇਕ ਚਿੱਠੀ ਲਿਖ ਕੇ ਸਰਦਾਰ ਸ਼ਾਮ ਸਿੰਘ ਅਟਾਰੀ ਵੱਲ ਭੇਜੀ ਤਾਂ ਉਸ ਨੇ ਅੰਗਰੇਜ਼ਾਂ ਵਿਰੁੱਧ ਲੜਨ ਦਾ ਫੈਸਲਾ ਕੀਤਾ।

ਪੁਸਤਕ 'ਸਿੱਖ ਰਾਜ ਕਿਵੇਂ ਗਿਆ' ਅਨੁਸਾਰ ''ਹੋਰ ਜਾਗੀਰਦਾਰਾਂ ਅਫ਼ਸਰਾਂ ਵਾਂਗ ਸਰਦਾਰ ਸ਼ਾਮ ਸਿੰਘ ਕੋਲ ਵੀ ਆਪਣੀ ਨਿੱਜੀ ਫੌਜ ਸੀ। ਉਹ ਦੇਸ਼ ਦੀ ਅਜ਼ਾਦੀ ਨੂੰ ਬਚਾਉਣ ਵਾਸਤੇ ਆਖ਼ਰੀ ਯਤਨ ਕਰਨ ਲਈ ਆਪਣੇ ਮੁੱਠੀ ਭਰ ਸੂਰਮਿਆਂ ਨੂੰ ਨਾਲ ਲੈ ਕੇ ਸਭਰਾਵਾਂ ਦੇ ਮੈਦਾਨ ਨੂੰ ਤੁਰ ਪਿਆ।

ਉਧਰ ਦੂਜੇ ਪਾਸੇ ਤੇਜਾ ਸਿੰਘ ਤੇ ਲਾਲ ਸਿੰਘ ਸਿੱਖ ਫੌਜਾਂ ਨੂੰ ਹਰਾਉਣ ਦੀਆਂ ਆਪਣੀਆਂ ਪੂਰੀਆਂ ਸਾਜ਼ਿਸ਼ਾਂ ਰਚ ਚੁੱਕੇ ਸਨ। ਸ. ਸ਼ਮਸ਼ੇਰ ਸਿੰਘ ਅੰਗਰੇਜ਼ ਇਤਿਹਾਸਕਾਰ ਗ੍ਰਿਫਿਨ ਅਤੇ 'ਪੰਜਾਬ ਚੀਫ਼ਸ' ਦੇ ਹਵਾਲੇ ਨਾਲ ਲਿਖਦੇ ਹਨ ਕਿ ''ਫਰਵਰੀ ੧੮੪੬ ਨੂੰ ਤੇਜਾ ਸਿੰਘ ਨੇ ਸ਼ਾਮ ਸਿੰਘ ਨੂੰ ਇਸ ਗ਼ੱਦਾਰੀ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਲਈ ਕਿਹਾ। ਮਿਸਰ ਤੇਜਾ ਸਿੰਘ ਨੇ ਸ਼ਾਮ ਸਿੰਘ ਅਟਾਰੀ ਨੂੰ ਕਿਹਾ ਕਿ ਜੇ ਤੂੰ ਐਡਾ ਬਹਾਦਰ ਹੈ ਤਾਂ ਇਕ ਵਾਰੀ ਖਾ ਸੁਗੰਧ, ਕਿਉਂਕਿ ਮੈਂ ਸਮਝਦਾ ਹਾਂ ਕਿ ਅੰਤ ਨੂੰ ਤੂੰ ਮੇਰੇ ਨਾਲ ਆ ਜਾਣਾ (ਭਾਵ ਮੈਦਾਨ ਛੱਡ ਕੇ ਭੱਜ ਆਉਣਾ) ਹੈ। ਸਰਦਾਰ ਸ਼ਾਮ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ-ਨਾਜ਼ਰ ਮੰਨ ਕੇ ਅਰਦਾਸ ਕੀਤੀ ਕਿ ਜੇ ਮੈਦਾਨ-ਏ-ਜੰਗ ਵਿਚ ਹਾਰ ਹੋਈ ਤਾਂ ਮੈਂ ਜੰਗ ਵਿੱਚੋਂ ਵਾਪਸ ਨਹੀਂ ਆਵਾਂਗਾ।''

੧੦ ਫਰਵਰੀ, ੧੮੪੬ ਨੂੰ ਹੋਈ ਸਭਰਾਵਾਂ ਦੀ ਸਿੱਖ-ਅੰਗਰੇਜ਼ ਲੜਾਈ ਵਿਚ ਲਾਲ ਸਿੰਘ ਤੇ ਤੇਜ ਸਿੰਘ ਅੰਦਰਖਾਤੇ ਅੰਗਰੇਜ਼ਾਂ ਨਾਲ ਮਿਲੇ ਹੋਣ ਕਾਰਨ ਆਪਣੀ ਫੌਜ ਨਾਲ ਲੈ ਕੇ ਵਾਪਸ ਨੱਸ ਗਏ। ਇੰਨਾ ਹੀ ਨਹੀਂ ਬਲਕਿ ਸਿੱਖ ਫੌਜ ਦਾ ਉਦੋਂ ਹੋਰ ਲੱਕ ਟੁੱਟ ਗਿਆ ਜਦੋਂ ਬਾਰੂਦ ਦੀ ਥਾਵੇਂ ਪੇਟੀਆਂ ਵਿੱਚੋਂ ਸਰ੍ਹੋਂ ਤੇ ਰੇਤ ਨਿਕਲਣ ਲੱਗ ਪਈ। ਸਿੱਖਾਂ

ਦੀਆਂ ਤੋਪਾਂ ਨੂੰ ਬਾਰੂਦ ਨਾ ਮਿਲਣ ਕਰਕੇ ਉਹ ਵੀ ਹੌਲੀ-ਹੌਲੀ ਚਲਣੋਂ ਬੰਦ ਹੋ ਗਈਆਂ। ਅਸਲ ਵਿਚ ਇਹ ਸਭ ਕਾਰਾ ਉਕਤ ਗ਼ੱਦਾਰਾਂ ਦੀ ਗ਼ੱਦਾਰੀ ਕਰਕੇ ਹੋਇਆ ਸੀ। ਅਜਿਹੀ ਹਾਲਤ ਵਿਚ ਅੰਗਰੇਜ਼ੀ ਫੌਜ ਨੇ ਸਿੱਖਾਂ ਦੇ ਮੋਰਚਿਆਂ ਵਿਚ ਦਾਖ਼ਲ ਹੋ ਕੇ ਉਨ੍ਹਾਂ ਨੂੰ ਘੇਰ ਲਿਆ। ਇੰਨੇ ਨੂੰ ਸਰਦਾਰ ਸ਼ਾਮ ਸਿੰਘ ਅਟਾਰੀ ਜੰਗ ਦੇ ਮੈਦਾਨ ਵਿਚ ਆਣ ਪਹੁੰਚੇ। ਇਤਿਹਾਸਕਾਰਾਂ ਅਨੁਸਾਰ ਸਰਦਾਰ ਸ਼ਾਮ ਸਿੰਘ ਅਟਾਰੀ ਚਿੱਟੇ ਨੂਰਾਨੀ ਦਾੜ੍ਹੇ, ਚਿੱਟੇ ਪੁਸ਼ਾਕੇ ਵਿਚ ਸਜਿਆ ਹੋਇਆ ਸਫੈਦ ਘੋੜੇ 'ਤੇ ਪਹੁੰਚਿਆ। ਮੈਦਾਨ-ਏ-ਜੰਗ ਵਿਚ ਜਾਣ ਤੋਂ ਪਹਿਲਾਂ ਉਸ ਨੇ ਆਪਣੇ ਸਿੰਘਾਂ ਨੂੰ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਢੰਗ ਨਾਲ ਜੰਗ ਵਿਚ ਪੁਰਜਾ-ਪੁਰਜਾ ਕਟਵਾ ਕੇ ਮਰਨ ਤੇ ਜੰਗ ਵਿੱਚੋਂ ਪਿੱਠ ਨਾ ਦਿਖਾਉਣ ਦੀ ਤਾਕੀਦ ਕੀਤੀ।

ਸਰਦਾਰ ਸ਼ਾਮ ਸਿੰਘ ਦੇ ਪਹੁੰਚਦਿਆਂ ਹੀ ਸਿੱਖ ਫੌਜਾਂ ਵਿਚ ਇਕ ਨਵਾਂ ਜੋਸ਼ ਪੈਦਾ ਹੋਇਆ ਅਤੇ ਉਨ੍ਹਾਂ ਨੂੰ ਅਗਵਾਈ-ਕਰਤਾ ਮਿਲ ਗਿਆ, ਕਿਉਂਕਿ ਸਿੱਖਾਂ ਦੀ ਅਗਵਾਈ ਕਰਨ ਵਾਲੇ ਤੇਜੂ ਤੇ ਲਾਲੂ ਗ਼ੱਦਾਰੀ ਕਰ ਕੇ ਦੋਵੇਂ ਭੱਜ ਚੁੱਕੇ ਸਨ। ਸਰਦਾਰ ਸ਼ਾਮ ਸਿੰਘ ਅਟਾਰੀ ਨੇ ਸਿੱਖ ਫੌਜ ਨੂੰ ਲਲਕਾਰ ਕੇ ਆਖਿਆ ਕਿ ਤੋਪਾਂ ਤੇ ਬੰਦੂਕਾਂ, ਜੋ ਕਿ ਬਾਰੂਦ ਨਾ ਹੋਣ ਕਾਰਨ ਕਿਸੇ ਕੰਮ ਦੀਆਂ ਨਹੀਂ ਰਹੀਆਂ, ਹੁਣ ਇਨ੍ਹਾਂ ਨੂੰ ਛੱਡ ਕੇ ਕਲਗੀਧਰ ਵੱਲੋਂ ਬਖਸ਼ੀ ਹੋਈ ਖੰਡੇ-ਬਾਟੇ ਦੀ ਸ਼ਕਤੀ ਨਾਲ ਤੇਗਾਂ ਵਾਹ ਕੇ ਵੈਰੀਆਂ ਦੇ ਆਹੂ ਲਾਹ ਦਿਓ! ਸਿੱਖ ਫੌਜਾਂ ਨੇ ਉਵੇਂ ਹੀ ਕੀਤਾ। ਅਨੇਕਾਂ ਹੀ ਸੂਰਬੀਰ ਸਰਦਾਰ ਸ਼ਾਮ ਸਿੰਘ ਅਟਾਰੀ ਦੀ ਅਗਵਾਈ ਵਿਚ ਅੰਗਰੇਜ਼ ਫੌਜਾਂ ਨਾਲ ਜੂਝ ਪਏ। ਪਰੰਤੂ ਅੰਗਰੇਜ਼ੀ ਫੌਜਾਂ ਨੇ ਸੰਗੀਨਾਂ ਤੇ ਤੋਪਾਂ ਨਾਲ ਸਿੱਖਾਂ 'ਤੇ ਹੱਲਾ ਕੀਤਾ। ਏਸੇ ਦੌਰਾਨ ਸਰਦਾਰ ਸ਼ਾਮ ਸਿੰਘ ੭ ਗੋਲੀਆਂ ਖਾਂ ਕੇ ਘੋੜੇ ਤੋਂ ਥੱਲੇ ਡਿੱਗੇ ਅਤੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਉਹ ਸ਼ਹੀਦ ਹੋ ਗਏ। ਉਹ ਮਰਦਾਂ ਵਾਂਗ ਲੜੇ ਤੇ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਪੂਤ ਹੋਣ ਦੀ ਗਵਾਹੀ ਦਿੱਤੀ। ਇਸ ਯੁੱਧ ਤੋਂ ਤਿੰਨ ਦਿਨ ਪਿੱਛੋਂ ਸਰਦਾਰ ਸ਼ਾਮ ਸਿੰਘ ਦੀ ਮ੍ਰਿਤਕ ਦੇਹ ਦਾ ਅਟਾਰੀ ਪਿੰਡ ਲਿਆ ਕੇ ਅੰਤਮ ਸਸਕਾਰ ਕੀਤਾ ਗਿਆ। ਉਨ੍ਹਾਂ ਦੀ ਯਾਦਗਾਰ ਅੱਜ ਵੀ ਅਟਾਰੀ ਪਿੰਡ ਵਿਖੇ ਮੌਜੂਦ ਹੈ। ਜੋ ਕਿ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ਭਾਰਤ-ਪਾਕਿਸਤਾਨ ਸਰਹੱਦ ਦੇ ਨਜ਼ਦੀਕ ਹੈ।

ਸਹਾਇਕ ਪੁਸਤਕਾਂ:

੧. *ਸਿੱਖ-ਮਿਸਲਾਂ ਤੇ ਸਰਦਾਰ ਘਰਾਣੇ:* ਗਿ. ਸੋਹਣ ਸਿੰਘ ਸੀਤਲ
੨. *ਸਿੱਖ ਰਾਜ ਕਿਵੇਂ ਗਿਆ:* ਗਿ. ਸੋਹਣ ਸਿੰਘ ਸੀਤਲ
੩. *ਖਾਲਸਾ ਰਾਜ ਦੇ ਉਸਰਈਏ:* ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ
੪. *ਮਹਾਰਾਜਾ ਰਣਜੀਤ ਸਿੰਘ:* ਡਾ. ਭਗਤ ਸਿੰਘ
੫. *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ:* ਸੰਪਾ. ਰੂਪ ਸਿੰਘ
੬. *ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ:* ਡਾ. ਗੰਡਾ ਸਿੰਘ
੭. *ਸਿੱਖ ਪੰਥ ਵਿਸ਼ਵਕੋਸ਼:* ਡਾ. ਰਤਨ ਸਿੰਘ (ਜੱਗੀ)

ਗੁਰਬਾਣੀ ਵਿਆਖਿਆਕਾਰੀ ਅਤੇ ਗੁਰਬਾਣੀ ਵਿਆਖਿਆ-ਸ਼ਾਸਤਰ : ਪਿਛੋਕੜ ਅਤੇ ਆਧੁਨਿਕ ਸੰਦਰਭ

*-ਡਾ. ਅਜੈ ਪਾਲ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਡੇ ਸ਼ਬਦ ਗੁਰੂ ਹਨ। ਇਹ ਬਾਣੀ ਧੁਰ ਕੀ ਬਾਣੀ ਹੈ। ਇਹ ਦੈਵੀ ਆਵੇਸ਼ ਹੈ। ਇਹ ਉਹ ਆਵੇਸ਼ ਹੈ ਜੋ ਮਨੁੱਖੀ ਸਰੀਰ ਦੀਆਂ ਹੱਦਾਂ ਤੋਂ ਪਰ੍ਹੇ ਜਾ ਕੇ ਪ੍ਰਾਪਤ ਹੁੰਦਾ ਹੈ, ਪਰ ਇਸ ਦੀ ਅਭਿਵਿਅਕਤੀ ਲਈ ਮਨੁੱਖੀ ਸਰੀਰ ਦੀ ਬਹੁਤ ਵੱਡੀ ਲੋੜ ਹੁੰਦੀ ਹੈ। ਗੁਰੂ ਸਾਹਿਬਾਨ ਨੂੰ ਜੋ ਦੈਵੀ ਆਵੇਸ਼ ਪ੍ਰਾਪਤ ਹੋਇਆ, ਉਸ ਨੂੰ ਆਪਣੇ ਪੈਰੋਕਾਰਾਂ ਤਕ ਹੂ-ਬ-ਹੂ ਪਹੁੰਚਾਇਆ। ਇਹ ਦੈਵੀ ਆਵੇਸ਼, ਜੋ ਸਰੀਰਕ ਹੱਦਾਂ ਤੋਂ ਪਰ੍ਹੇ ਜਾ ਕੇ ਪ੍ਰਾਪਤ ਹੋਇਆ ਹੈ, ਇਸ ਨੂੰ ਸਮਝਣਾ ਅਤੇ ਸਮਝਾਉਣਾ ਕੋਈ ਆਸਾਨ ਕੰਮ ਨਹੀਂ ਹੁੰਦਾ। ਇਹ ਆਵੇਸ਼ ਪ੍ਰਤੀਕਾਤਮਕ ਹੁੰਦਾ ਹੈ ਅਤੇ ਇਨ੍ਹਾਂ ਪ੍ਰਤੀਕਾਂ ਨੂੰ ਖੋਲ੍ਹਣਾ ਆਮ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੁੰਦੀ। ਗੁਰਬਾਣੀ ਨੂੰ ਜਨ-ਮਾਨਸ ਦੀ ਪਹੁੰਚ ਵਿਚ ਲਿਆਉਣ ਅਤੇ ਇਸ ਦੇ ਅਰਥ ਬੋਧ ਪ੍ਰਗਟਾਉਣ ਲਈ ਸ਼ਬਦ ਸੁਰਤਿ ਦੀ ਸੋਝੀ ਰੱਖਣ ਵਾਲੇ ਗੁਰਸਿੱਖਾਂ ਨੇ ਗੁਰੂ-ਕਾਲ ਤੋਂ ਹੀ ਆਪਣੇ ਢੰਗ ਨਾਲ ਵਿਆਖਿਆਕਾਰੀ ਦੇ ਯਤਨ ਸ਼ੁਰੂ ਕਰ ਦਿੱਤੇ ਸਨ ਅਤੇ ਇਹ ਅਰਥ ਬੋਧ ਪ੍ਰਗਟਾਉਣ ਦੀ ਪਰਪਾਟੀ ਅੱਜ ਤਕ ਨਿਰੰਤਰ ਪੜਾਅ ਦਰ ਪੜਾਅ ਚੱਲੀ ਆ ਰਹੀ ਹੈ। ਗੁਰਬਾਣੀ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਨੂੰ ਹੀ ਗੁਰਬਾਣੀ ਵਿਆਖਿਆਕਾਰੀ ਕਿਹਾ ਜਾ ਸਕਦਾ ਹੈ। ਗੁਰਬਾਣੀ ਵਿਆਖਿਆਕਾਰੀ ਦੇ ਨਿਰੰਤਰ ਚੱਲੇ ਆ ਰਹੇ ਪ੍ਰਵਾਹ ਨੂੰ ਆਧੁਨਿਕ ਸੰਦਰਭ ਵਿਚ ਵਿਚਾਰਨ ਹਿੱਤ ਇਹ ਲੇਖ ਨੂੰ ਆਧਾਰ ਬਣਾਇਆ ਗਿਆ ਹੈ ਤਾਂ ਜੋ ਸਮੇਂ ਦੇ ਬਦਲਾਅ ਨਾਲ ਗੁਰਬਾਣੀ ਦੇ ਅਤਿ ਗੂੜ੍ਹ ਅਰਥਾਂ ਨੂੰ ਜਨ-ਸਾਧਾਰਨ ਦੀ ਸਮਝ ਗੋਚਰਾ ਬਣਾਉਣ ਲਈ ਇਸ ਨੂੰ ਆਧੁਨਿਕ ਸੰਦਰਭ ਵਿਚ ਵਿਆਖਿਆ ਜਾ ਸਕੇ ਅਤੇ ਗੁਰਬਾਣੀ ਦਾ ਸੰਦੇਸ਼ ਜੋ ਜੁੱਗੋ ਜੁੱਗ ਅਟੱਲ ਹੈ, ਉਸ ਦੀ ਰੋਸ਼ਨੀ ਵਿਚ ਸਮੇਂ ਦਾ ਹਾਣੀ ਬਣਿਆ ਜਾ ਸਕੇ।

ਕਿਸੇ ਵੀ ਧਰਮ ਗ੍ਰੰਥ ਜਾਂ ਪਵਿੱਤਰ ਰਚਨਾ ਦੇ ਅਰਥ ਭਾਵਾਂ ਨੂੰ ਆਮ ਜਨ ਸਾਧਾਰਨ ਜਾਂ ਲੋਕਾਈ ਵਿਚ ਪੇਸ਼ ਕਰਨਾ ਵਿਆਖਿਆਕਾਰੀ ਮੰਨਿਆ ਜਾਂਦਾ ਹੈ। ਵਿਆਖਿਆਕਾਰੀ ਦਾ ਉਦੇਸ਼ ਕਿਸੇ ਵੀ ਰਚਨਾ ਦੇ ਅੰਤਰੀਵੀ ਅਤੇ ਡੂੰਘੇ ਅਰਥਾਂ ਨੂੰ ਸੌਖੇ ਅਤੇ ਸਪੱਸ਼ਟ ਸ਼ਬਦਾਂ ਵਿਚ ਪਾਠਕਾਂ ਜਾਂ ਜਗਿਆਸੂਆਂ ਸਾਹਮਣੇ ਪੇਸ਼ ਕਰਨਾ ਹੁੰਦਾ ਹੈ। ਕਿਸੇ ਵੀ ਰਚਨਾ ਦੇ ਅਰਥ ਭਾਵਾਂ ਤਕ ਪਹੁੰਚਣਾ ਕੋਈ ਅਸਾਨ ਕੰਮ ਨਹੀਂ

* *ਸਹਾਇਕ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ। ਮੋ. ੯੪੧੭੧੬੪੦੦੫*

ਹੁੰਦਾ, ਪਰੰਤੂ ਇਹ ਹੋਰ ਵੀ ਬਹੁਤ ਜਟਿਲ ਕਾਰਜ ਬਣ ਜਾਂਦਾ ਹੈ ਜਦੋਂ ਵਿਆਖਿਆ ਦਾ ਸੰਬੰਧ ਕਿਸੇ ਧਾਰਮਿਕ ਜਾਂ ਰੱਬੀ ਰਚਨਾ ਨਾਲ ਹੋਵੇ, ਕਿਉਂਕਿ ਧਾਰਮਿਕ ਰਚਨਾਵਾਂ ਦੀ ਵਿਆਖਿਆਕਾਰੀ ਦੌਰਾਨ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਆਉਂਦੀਆਂ ਹਨ। ਰੱਬੀ ਬੋਲਾਂ ਨੂੰ ਸਿਰਫ਼ ਦੁਨਿਆਵੀ ਮਾਪਦੰਡਾਂ ਰਾਹੀਂ ਨਹੀਂ ਸਮਝਿਆ ਜਾ ਸਕਦਾ, ਇਸ ਲਈ ਡੂੰਘੇ ਚਿੰਤਨ/ਬੋਧ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦੇ ਇਲਹਾਮੀ ਬਚਨਾਂ ਦਾ ਅਲੰਕਾਰਕ ਜਾਂ ਚਿੰਨ੍ਹਾਤਮਕ ਹੋਣ ਕਾਰਨ ਇਹ ਕਾਰਜ ਹੋਰ ਵੀ ਜਟਿਲ ਹੋ ਜਾਂਦਾ ਹੈ। ਸਮਾਂ ਅੰਤਰਾਲ ਬਹੁਤ ਜ਼ਿਆਦਾ ਹੋਣ ਕਾਰਨ ਬਹੁਤ ਸਾਰੇ ਸ਼ਬਦਾਂ ਦੇ ਅਰਥ ਤਬਦੀਲ ਹੋ ਜਾਂਦੇ ਹਨ। ਵਿਆਖਿਆਕਾਰੀ ਦਾ ਸਥਾਨ ਮੂਲ ਪਾਠ ਤੋਂ ਬਾਅਦ ਦੂਸਰੇ ਨੰਬਰ 'ਤੇ ਹੈ, ਕਿਉਂਕਿ ਵਿਆਖਿਆਕਾਰੀ ਕਰਦੇ ਸਮੇਂ ਵਿਆਖਿਆਕਾਰ ਇਸ ਵਿਚ ਕੁਝ ਨਾ ਕੁਝ ਆਪਣੀ ਮਤ/ਸੋਝੀ ਸ਼ਾਮਿਲ ਕਰਦਾ ਹੈ ਜਦਕਿ ਧਰਮ ਗ੍ਰੰਥ ਦਾ ਇਕ-ਇਕ ਬੋਲ ਡੂੰਘੀ ਅਧਿਆਤਮਕਤਾ ਵਿੱਚੋਂ ਆਇਆ ਹੋਣ ਕਾਰਨ ਉਸ ਦਾ ਸੰਬੰਧ ਨਿਰੋਲ ਪਰਾਭੌਤਿਕ ਹੁੰਦਾ ਹੈ ਅਤੇ ਇਹ ਪਰਮਾਤਮਾ ਵੱਲੋਂ ਪੈਗ਼ੰਬਰ 'ਤੇ ਉਤਰਿਆ ਦੈਵੀ ਗਿਆਨ ਹੁੰਦਾ ਹੈ।[੧] ਜਿਵੇਂ 'ਜਪੁਜੀ' ਬਾਣੀ ਦਾ ਮੂਲ ਉਹੀ ਹੈ ਪਰੰਤੂ ਇਸ ਦੇ ਇੰਨੇ ਜ਼ਿਆਦਾ ਟੀਕੇ ਪ੍ਰਾਪਤ ਹੋਣਾ, ਵਿਆਖਿਆਕਾਰੀ ਜਾਂ ਅਰਥਾਂ ਦੀ ਭਿੰਨਤਾ ਦਰਸਾਉਂਦਾ ਹੈ। ਧਰਮ ਗ੍ਰੰਥਾਂ ਵਿਚ ਚਿੰਨ੍ਹਾਂ, ਦ੍ਰਿਸ਼ਟਾਂਤਾਂ ਅਤੇ ਬਿੰਬਾਂ ਦੀ ਵਧੇਰੇ ਵਰਤੋਂ ਹੋਣ ਕਰਕੇ ਇਸ ਦੀ ਭਾਸ਼ਾ ਜਾਂ ਸਮਝ ਵੱਖਰੀ ਹੁੰਦੀ ਹੈ। ਕਿਸੇ ਵੀ ਧਰਮ ਦਾ ਮੂਲ ਆਧਾਰ ਉਸ ਧਰਮ ਦੇ ਪ੍ਰਵਰਤਕ ਦਾ ਰੱਬੀ ਅਨੁਭਵ ਜਾਂ ਰੱਬੀ ਗਿਆਨ ਹੁੰਦਾ ਹੈ, ਜੋ ਕਿ ਅਕਸਰ ਬੌਧਿਕ ਪ੍ਰਬੰਧਕਾਰੀ ਦੀਆਂ ਸੀਮਾਵਾਂ ਤੋਂ ਮੁਕਤ ਹੁੰਦਾ ਹੈ। ਇਸੇ ਧਾਰਮਿਕ ਅਨੁਭਵ ਨੂੰ ਜਿੱਥੋਂ ਤਕ ਹੋ ਸਕੇ ਬੌਧਿਕ ਪ੍ਰਬੰਧ ਵਿਚ ਪ੍ਰਸਤੁਤ ਕਰਨਾ ਥਿਆਲੋਜੀਅਨ ਦਾ ਕੰਮ ਹੁੰਦਾ ਹੈ। ਇਕ ਤਰ੍ਹਾਂ ਨਾਲ ਇਹ ਆਤਮਿਕ ਅਨੁਭਵ ਦੀ ਸਦੀਵੀ ਸਚਾਈ ਨੂੰ ਲਭ ਕੇ ਲੋਕਾਂ ਦੀ ਸਮਝ ਗੋਚਰੇ ਕਰਨ ਦਾ ਉੱਦਮ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਆਖ ਸਕਦੇ ਹਾਂ ਕਿ ਇਹ ਧਰਮ ਦੀਆਂ ਗਹਿਰ ਗੰਭੀਰ ਤੇ ਸਦੀਵੀ ਸਚਾਈਆਂ ਦੀ ਹਰੇਕ ਸਮੇਂ ਤੇ ਸਥਿਤੀ ਦੇ ਪ੍ਰਸੰਗ ਵਿਚ ਵਿਆਖਿਆ ਦਾ ਯਤਨ ਹੁੰਦਾ ਹੈ।'[੨]

ਗੁਰਬਾਣੀ ਗੁਰੂ ਸਾਹਿਬਾਨ ਅਤੇ ਹੋਰ ਮਹਾਂਪੁਰਖਾਂ ਦੇ ਹਿਰਦੇ ਵਿਚ ਪੈਦਾ ਹੋਇਆ ਮਹਾਨ ਗਿਆਨ ਹੈ ਅਤੇ ਗੁਰਬਾਣੀ ਵਿਚਲੇ ਪਵਿੱਤਰ ਬੋਲਾਂ ਨੂੰ ਕੋਈ ਆਮ ਰਚਨਾ ਨਹੀਂ ਕਿਹਾ ਜਾ ਸਕਦਾ, ਬਲਕਿ ਇਨ੍ਹਾਂ ਦਾ ਸਿੱਧਾ ਸੰਬੰਧ ਪਰਮਾਤਮਾ ਨਾਲ ਹੋਣ ਕਰਕੇ ਇਨ੍ਹਾਂ ਦੀ ਪ੍ਰਕਿਰਤੀ ਬਹੁਤ ਗੰਭੀਰ ਹੁੰਦੀ ਹੈ। ਗੁਰੂ ਦੀ ਸ਼ਰਨ ਵਿਚ ਆ ਕੇ ਉਸ ਦੀ ਨਦਰਿ ਦਾ ਪਾਤਰ ਬਣਨਾ, ਇਨ੍ਹਾਂ ਅਰਥਾਂ ਨੂੰ ਸਮਝਣ ਲਈ ਸਭ ਤੋਂ ਜ਼ਰੂਰੀ ਸ਼ਰਤ ਹੈ। ਗੁਰਬਾਣੀ ਵਿਚ ਅਨੇਕਾਂ ਪ੍ਰਤੀਕਾਂ, ਬਿੰਬਾਂ, ਅਲੰਕਾਰਾਂ ਅਤੇ ਭਾਸ਼ਾਵਾਂ ਦੀ ਵਰਤੋਂ ਕੀਤੀ ਹੋਣ ਕਾਰਣ ਇਸ ਦੇ ਸਹੀ ਅਰਥਾਂ ਨੂੰ ਜਾਣਨਾ ਇਕ ਬੜੀ

ਹੀ ਜਟਿਲ ਪ੍ਰਕਿਰਿਆ ਬਣ ਜਾਂਦੀ ਹੈ। ਗੁਰਬਾਣੀ ਦੀ ਵਿਆਖਿਆ ਦਾ ਅਰੰਭ ਗੁਰਬਾਣੀ ਦੇ ਉਚਰਿਤ ਹੋਣ ਤੋਂ ਹੀ ਮੰਨਿਆ ਜਾਂਦਾ ਹੈ, ਭਾਵ ਗੁਰਬਾਣੀ ਦੀ ਵਿਆਖਿਆ ਦਾ ਆਗਾਜ਼, ਗੁਰਬਾਣੀ ਦੇ ਆਗਾਜ਼ ਨਾਲ ਹੀ ਹੋ ਗਿਆ ਸੀ, ਭਾਵੇਂ ਬਹੁਤ ਲੰਮਾ ਸਮਾਂ ਇਹ ਪ੍ਰਕਿਰਿਆ ਮੌਖਿਕ ਰੂਪ ਵਿਚ ਰਹੀ, ਪਰੰਤੂ ਹੌਲੀ-ਹੌਲੀ ਇਹ ਪ੍ਰਬੰਧ ਅਤੇ ਲਿਖਤ ਰੂਪ ਵਿਚ ਸਾਹਮਣੇ ਆਉਣ ਲੱਗੀ। ਜਨਮ ਸਾਖੀਆਂ, ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਵਿਚ ਵੀ ਗੁਰਬਾਣੀ ਵਿਆਖਿਆ ਪ੍ਰਾਪਤ ਹੁੰਦੀ ਹੈ। ਇਹ ਖਿਆਲ ਪ੍ਰਾਪਤ ਹੁੰਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝਣ ਦੇ ਲਈ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਵਿਚਾਰਨਾ ਜ਼ਰੂਰੀ ਹੈ। ਇਹੀ ਕਾਰਨ ਹੈ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਵੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਗੁਰਬਾਣੀ ਨਾਲ ਸੰਬੰਧਿਤ ਅਨੇਕਾਂ ਪੱਖਾਂ ਦੀ ਵਿਆਖਿਆ ਆਪਣੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਵਿਚ ਕੀਤੀ ਅਤੇ ਬੜੇ ਹੀ ਸਾਦੇ ਅਤੇ ਸਪੱਸ਼ਟਪੂਰਨ ਢੰਗ ਨਾਲ ਗੁਰਬਾਣੀ ਦੇ ਭਾਵਾਂ ਨੂੰ ਬਿਆਨ ਕਰਕੇ ਇਸ ਨੂੰ ਜਗਿਆਸੂਆਂ ਦੀ ਸੁਰਤਿ ਦਾ ਭਾਗ ਬਣਾਇਆ। ਪਰੰਪਰਾ ਵਿਚ ਇਸ ਗੱਲ ਦਾ ਵੀ ਹਵਾਲਾ ਪ੍ਰਾਪਤ ਹੁੰਦਾ ਹੈ ਕਿ ਦਸਮ ਪਿਤਾ ਜੀ ਨੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ੪੮ ਸਿੰਘਾਂ ਨੂੰ ਸੁਣਾਈ ਸੀ, ਜਿਨ੍ਹਾਂ ਵਿੱਚੋਂ 'ਬਾਬਾ ਦੀਪ ਸਿੰਘ ਜੀ' ਅਤੇ 'ਭਾਈ ਮਨੀ ਸਿੰਘ ਜੀ' ਦਾ ਨਾਮ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਇਸ ਤੋਂ ਉਪਰੰਤ ਸੰਪ੍ਰਦਾਈ ਗਿਆਨੀਆਂ ਦੀ ਇਕ ਪ੍ਰਣਾਲੀ ਦਾ ਅਰੰਭ ਹੋਇਆ, ਜਿਨ੍ਹਾਂ ਦੁਆਰਾ ਸੀਨੇ-ਬਸੀਨੇ ਗੁਰਬਾਣੀ ਦੇ ਅਰਥਾਂ ਨੂੰ ਸੰਗਤ ਵਿਚ ਪ੍ਰਚਾਰਿਆ ਗਿਆ। ਸੰਪ੍ਰਦਾਈ ਪ੍ਰਣਾਲੀ ਤੋਂ ਬਾਅਦ ਹੋਰ ਵੀ ਕਈ ਪ੍ਰਣਾਲੀਆਂ ਨੇ ਗੁਰਬਾਣੀ ਅਰਥ ਪਰੰਪਰਾ/ਵਿਆਖਿਆ ਵਿਚ ਯੋਗਦਾਨ ਪਾਇਆ। ਅੱਜ ਵੀ ਬਾਣੀ ਦੀ ਵਿਆਖਿਆ ਆਪੋ-ਆਪਣੀ ਬੁੱਧੀ ਅਨੁਸਾਰ ਹੋ ਰਹੀ ਹੈ। ਭਾਵੇਂ ਵਿਆਖਿਆ ਉਪਰ ਵੇਦਾਂਤ ਦਾ ਪਰਛਾਵਾਂ ਹੋਵੇ ਜਾਂ ਸੰਪ੍ਰਦਾਈ ਪ੍ਰਭਾਵ, ਪਰੰਤੂ ਇਹ ਗੱਲ ਸਰਵਪ੍ਰਵਾਨਿਤ ਹੈ ਕਿ ਬਾਣੀ ਦੇ ਅਸਲ ਅਰਥਾਂ ਦੀ ਸੋਝੀ ਲਈ ਸਬਦ-ਸੁਰਤਿ ਦਾ ਮੇਲ ਜ਼ਰੂਰੀ ਹੈ। ਗੁਰਬਾਣੀ ਵਿਚ ਲਿਪਤ ਭਾਵ ਅਰਥਾਂ ਦੀ ਸਿਖਰ ਨੂੰ ਉਹੀ ਗੁਰਮੁਖ ਬ੍ਰਹਮਬੇਤਾ ਛੋਹ ਸਕਦਾ ਹੈ ਜੋ ਖੁਦ ਬ੍ਰਹਮ ਵਿਚ ਅਭੇਦ ਹੋਇਆ ਹੋਵੇ, ਜਿਸ ਨੇ ਗੁਰਬਾਣੀ/ਸ਼ਬਦ ਰੂਪੀ ਸਾਗਰ ਵਿਚ ਚੁੱਭੀ ਮਾਰੀ ਹੋਵੇ ਅਤੇ ਉਹ ਪ੍ਰਮੇਸ਼ਰ ਦੇ 'ਨਦਰਿ ਨੀਸਾਣ' ਨਾਲ ਨਿਵਾਜਿਆ ਗਿਆ ਹੋਵੇ। ਅਜਿਹੀ ਵਿਆਖਿਆਕਾਰੀ ਦਾ ਰਹੱਸ ਤੇ ਆਭਾ ਨਿਰਾਲੀ ਹੀ ਹੁੰਦੀ ਹੈ। 'ਸਚੇ ਆਚਾਰ' ਅਤੇ 'ਨਾਮ ਰਸ' ਭੁੰਚਣ ਵਾਲਾ ਸ਼ਖਸ ਹੀ ਅਰਥ ਵਿਚਾਰ ਦਾ ਧਾਰਨੀ ਹੋ ਕੇ ਰੱਬੀ ਬਾਣੀ ਦੀ ਵਿਆਖਿਆ ਕਰਨ ਵਿਚ ਸਫ਼ਲ ਹੋ ਸਕਦਾ ਹੈ। ਸਬਦ ਦੀ ਧੁਨੀ ਅਤਿ ਸੂਖਮ ਹੋਣ ਕਾਰਨ ਇਸ ਦੇ ਗੁਹਜ ਸਰੂਪ ਅਤੇ ਰਹੱਸ ਨੂੰ 'ਗੁਰਪ੍ਰਸਾਦਿ' ਦੁਆਰਾ ਹੀ ਮਾਣਿਆ ਜਾ ਸਕਦਾ

ਹੈ। ਗੁਰਬਾਣੀ ਦਾ ਪਵਿੱਤਰ ਫੁਰਮਾਨ ਹੈ : *ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ॥* ਸਪਸ਼ਟ ਹੈ ਕਿ ਗੁਰਬਾਣੀ ਦੀ ਅਕੱਥ ਕਹਾਣੀ ਨੂੰ ਬੇਗਮਪੁਰੇ ਦਾ ਵਸਨੀਕ ਹੀ ਬਿਆਨ ਸਕਦਾ ਹੈ ਅਤੇ ਇਹ ਬਿਖੜੀ ਕਾਰ ਕਿਸੇ ਵਿਰਲੇ ਗੁਰਮੁਖ ਨੂੰ ਹੀ ਨਸੀਬ ਹੁੰਦੀ ਹੈ।

ਗੁਰਬਾਣੀ ਵਿਚ ਦਰਜ ਵਿੰਭਿਨ ਬੋਲੀਆਂ ਦਾ ਗਿਆਨ ਪ੍ਰਾਪਤ ਕਰਨਾ ਕੋਈ ਆਸਾਨ ਕਾਰਜ ਨਹੀਂ। ਫਿਰ ਵੀ ਗੁਰਬਾਣੀ ਇਤਿਹਾਸ ਨੂੰ ਵਾਚਦਿਆਂ ਇਹ ਗੱਲ ਮਹਿਸੂਸ ਹੁੰਦੀ ਹੈ ਕਿ ਅਨੇਕਾਂ ਹੀ ਵਿਆਖਿਆਕਾਰਾਂ/ਟੀਕਾਕਾਰਾਂ ਨੇ ਆਪਣੇ-ਆਪਣੇ ਯਤਨਾਂ ਅਨੁਸਾਰ ਇਹ ਕਾਰਜ ਕੀਤਾ ਹੈ ਤੇ ਕਿਸੇ ਨਾ ਕਿਸੇ ਨਵੇਕਲੇ ਪੱਖ ਨੂੰ ਛੋਹਿਆ ਹੈ। ਗੁਰੂ ਪਾਤਸ਼ਾਹ ਵੱਲੋਂ ਗੁਰਬਾਣੀ ਵਿਚ ਹੀ ਖੂਬਸੂਰਤ ਤਰੀਕੇ ਦੁਆਰਾ ਗੁਰਬਾਣੀ ਦੀ ਵਿਆਖਿਆ ਕੀਤੀ ਗਈ ਹੈ। ਸ਼ਬਦ 'ਦੀਵਾ ਬਲੇ ਅੰਧੇਰਾ ਜਾਇ' ਵਿਚ 'ਦੀਵੇ' ਨੂੰ ਗੁਰੂ ਰਸਨਾ ਨੇ ਹੀ 'ਦੀਵਾ ਮੇਰਾ ਏਕ ਨਾਮ' ਰਾਹੀਂ ਇਸ ਦਾ ਅਰਥ ਬੁਝਾ ਦਿੱਤਾ। ਉਪਰੰਤ ਗੁਰੂ ਸਾਹਿਬ ਵੱਲੋਂ ਵਰਸੋਏ ਮਹਾਨ ਗੁਰਸਿੱਖਾਂ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਿ ਵੀ ਗੁਰਬਾਣੀ ਗਿਆਨ ਸੰਗਤ ਵਿਚ ਵੰਡਦੇ ਰਹੇ। ਇਸੇ ਤਰ੍ਹਾਂ ਵਿਆਖਿਆਕਾਰੀ ਦੇ ਇਤਿਹਾਸ ਵਿਚ ਮਿਹਰਬਾਨ, ਹਰਿ ਜੀ ਅਤੇ ਚਤੁਰਭੁਜ ਦੇ ਪ੍ਰਮਾਰਥਾਂ ਦਾ ਵੀ ਖਾਸ ਯੋਗਦਾਨ ਹੈ। ਹੋਰ ਵੀ ਕਈ ਪ੍ਰਣਾਲੀਆਂ/ਸੰਸਥਾਵਾਂ ਸਮੇਂ-ਸਮੇਂ ਅਨੁਸਾਰ ਹੋਂਦ ਵਿਚ ਆਈਆਂ। ਵਿਆਖਿਆਕਾਰੀ ਦਾ ਇਹ ਕਾਰਜ ਨਿਰੰਤਰ ਚਲਦਾ ਰਿਹਾ ਭਾਵੇਂ ਉਹ ਮੌਖਿਕ ਰੂਪ ਵਿਚ ਹੋਵੇ ਜਾਂ ਲਿਖਤ ਰੂਪ ਵਿਚ ਪਰੰਤੂ ਅਠਾਰ੍ਹਵੀਂ ਸਦੀ ਦਾ ਸਮਾਂ ਵਿਦੇਸ਼ੀ ਹਮਲਾਵਰਾਂ ਦੀ ਘੁਸਪੈਠ ਕਾਰਨ ਬੜਾ ਹੀ ਉਥਲ-ਪੁਥਲ ਵਾਲਾ ਸੀ। ਉਸ ਸਮੇਂ ਗੁਰਬਾਣੀ ਦੀ ਵਿਆਖਿਆ ਹੋਣੀ ਤਾਂ ਦੂਰ ਦੀ ਗੱਲ ਸੀ ਬਲਕਿ ਬਾਣੀ ਦਾ ਪਾਠ ਕਰਨਾ ਵੀ ਕੋਈ ਸੌਖਾ ਕਾਰਜ ਨਹੀਂ ਸੀ। ਉਦਾਸੀਆਂ ਜਾਂ ਨਿਰਮਲਿਆਂ ਵੱਲੋਂ ਇਸ ਸਮੇਂ ਇਨ੍ਹਾਂ ਗ੍ਰੰਥਾਂ ਜਾਂ ਟੀਕਿਆਂ ਦੀ ਸਾਂਭ-ਸੰਭਾਲ ਕੀਤੀ ਗਈ ਤੇ ਗੁਰਬਾਣੀ ਦੇ ਟੀਕੇ ਕੀਤੇ ਗਏ। ਪੁਰਾਤਨ ਟੀਕਿਆਂ ਦੀ ਬੋਲੀ ਸਾਧ ਭਾਸ਼ਾ ਹੋਣ ਕਾਰਨ ਇਹ ਟੀਕੇ ਕਈ ਵਾਰ ਬੜੇ ਜਟਿਲ ਪ੍ਰਤੀਤ ਹੁੰਦੇ ਹਨ ਤੇ ਇਸੇ ਕਾਰਨ ਇਨ੍ਹਾਂ ਦੀ ਹਰਮਨ-ਪਿਆਰਤਾ ਵਿਚ ਵੀ ਕਮੀ ਆਈ ਹੈ ਪਰੰਤੂ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕੇ ਇਨ੍ਹਾਂ ਦਾ ਖਾਸ ਮਹੱਤਵ ਹੈ ਤੇ ਰਹੇਗਾ। ਨਵੀਆਂ ਖੋਜਾਂ ਲਈ ਇਹ ਟੀਕੇ ਹਮੇਸ਼ਾ ਸਹਾਈ ਹੁੰਦੇ ਰਹਿਣਗੇ। ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਆਖਿਆਕਾਰੀ ਦਾ ਕਾਰਜ ੧੫ਵੀਂ ਸਦੀ ਤੋਂ ਲੈ ਕੇ ੨੧ਵੀਂ ਸਦੀ ਤਕ ਨਿਰੰਤਰ ਜਾਰੀ ਹੈ। ਗੁਰਬਾਣੀ ਵਿਆਖਿਆਕਾਰੀ ਦੇ ਲੰਮੇ ਇਤਿਹਾਸ ਦੇ ਅਨੇਕਾਂ ਪਾਸਾਰ ਹਨ। ਗੁਰਬਾਣੀ ਦੇ ਦੋ ਪ੍ਰਕਾਰ ਦੇ ਟੀਕੇ ਸਾਡੇ ਸਾਹਮਣੇ ਆਉਂਦੇ ਹਨ। ਪਹਿਲੀ ਕਿਸਮ ਦੇ ਟੀਕਿਆਂ ਵਿਚ ਵਿਸ਼ੇਸ਼ ਬਾਣੀਆਂ ਨਾਲ ਸੰਬੰਧਿਤ ਟੀਕੇ ਹਨ ਜਿਵੇਂ : ਜਪੁਜੀ ਸਾਹਿਬ, ਅਨੰਦ

ਸਾਹਿਬ, ਸੁਖਮਨੀ ਸਾਹਿਬ, ਆਸਾ ਕੀ ਵਾਰ, ਸਿਧ ਗੋਸਟਿ ਆਦਿ ਬਾਣੀਆਂ ਦੇ ਟੀਕੇ।

ਦੂਸਰੀ ਪ੍ਰਕਾਰ ਦੇ ਟੀਕਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦੇ ਟੀਕੇ ਹਨ। ਡਾ. ਤਾਰਨ ਸਿੰਘ ਗੁਰਬਾਣੀ ਵਿਆਖਿਆ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਕਿ ਵੀਹਵੀਂ ਸਦੀ ਦੀ ਸਮਾਪਤੀ ਤਕ ਜਿੰਨਾ ਵੀ ਕਾਰਜ ਟੀਕਾਕਾਰੀ ਜਾਂ ਵਿਆਖਿਆ ਨਾਲ ਸੰਬੰਧਿਤ ਹੋਇਆ ਸੀ, ਉਸ ਦਾ ਆਧਾਰ ਵੈਦਿਕ ਗ੍ਰੰਥ ਜਾਂ ਭਾਰਤੀ ਦਰਸ਼ਨ ਸੀ। ਡਾ. ਸਾਹਿਬ ਦਾ ਮੰਨਣਾ ਹੈ ਕਿ ਜਿੰਨੀਆਂ ਵੀ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਭਾਵੇਂ ਉਹ ਉਦਾਸੀ ਹੋਣ, ਸੋਢੀ ਹੋਣ, ਨਿਰਮਲੇ ਹੋਣ ਜਾਂ ਸੰਪਰਦਾਈ ਹੋਣ, ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਜਾਂ ਟੀਕਾਕਾਰੀ ਤੋਂ ਪਹਿਲਾਂ ਸਾਰੇ ਹੀ ਭਾਰਤੀ ਗ੍ਰੰਥਾਂ ਦਾ ਅਧਿਐਨ ਕੀਤਾ ਹੋਇਆ ਸੀ। ਅਸਲ ਵਿਚ ਇਹ ਸਾਰੀਆਂ ਪ੍ਰਣਾਲੀਆਂ ਆਪਸ ਵਿਚ ਮਿਲਦੀਆਂ ਸਨ ਪਰੰਤੂ ਵੀਹਵੀਂ ਸਦੀ ਦੌਰਾਨ ਅੰਗਰੇਜ਼ੀ ਰਾਜ ਦੀ ਸਥਾਪਤੀ ਉਪਰੰਤ ਹਾਲਾਤਾਂ ਦੇ ਬਦਲਣ ਕਾਰਨ ਵਿੱਦਿਅਕ ਪ੍ਰਣਾਲੀ ਵਿਚ ਤਬਦੀਲੀ ਆਈ ਜਿਸ ਕਾਰਨ ਟੀਕਾਕਾਰੀ ਜਾਂ ਗੁਰਮਤਿ ਵਿਆਖਿਆਕਾਰੀ ਦਾ ਰੂਪ ਵੀ ਬਦਲ ਗਿਆ।[੩]

ਬ੍ਰਿਟਿਸ਼ ਸਮਰਾਜ ਦੀ ਸਥਾਪਤੀ ਉਪਰੰਤ ਸਿੰਘ ਸਭਾ ਲਹਿਰ ਦੌਰਾਨ ਗੁਰਮਤਿ ਸੰਕਲਪਾਂ ਅਤੇ ਗੁਰਬਾਣੀ ਵਿਆਖਿਆਕਾਰੀ ਲਈ ਇਸ ਲਹਿਰ ਨਾਲ ਸੰਬੰਧਿਤ ਵਿਦਵਾਨਾਂ ਨੇ ਨਵੇਂ ਢੰਗ/ਤਰੀਕਿਆਂ ਰਾਹੀਂ ਗੁਰਬਾਣੀ ਦੀ ਵਿਆਖਿਆ ਕੀਤੀ। ਇਸ ਲਹਿਰ ਨੇ ਗੁਰਮਤਿ ਸਭਿਆਚਾਰ ਦੇ ਵਿਕਾਸ ਤੋਂ ਇਲਾਵਾ ਸਿੱਖਾਂ ਵਿਚ ਵਧ ਰਹੇ ਪਤਿਤਪੁਣੇ ਨੂੰ ਦੂਰ ਕਰਨ ਲਈ ਅਤੇ ਗੁਰਬਾਣੀ ਦੇ ਠੀਕ ਅਰਥ ਨਿਰਧਾਰਿਤ ਕਰਨ ਲਈ ਨਵੀਆਂ ਅਕਾਦਮਿਕ ਦ੍ਰਿਸ਼ਟੀਆਂ (ਵਿਆਕਰਣਕ ਨਿਯਮ, ਇਕ ਸ਼ਬਦ ਇਕ ਅਰਥ ਆਦਿ) ਤਿਆਰ ਕੀਤੀਆਂ। ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ, ਭਾਈ ਜੋਧ ਸਿਘ, ਸਰਦੂਲ ਸਿੰਘ ਕਵੀਸ਼ਰ, ਗਿ. ਦਿੱਤ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਗਿ. ਹਰਿਬੰਸ ਸਿੰਘ ਇਸੇ ਲਹਿਰ ਦਾ ਹਿੱਸਾ ਹਨ। ਇਨ੍ਹਾਂ ਵਿਦਵਾਨਾਂ ਦੁਆਰਾ ਸਿੱਖ ਸਭਿਆਚਾਰ ਨਾਲ ਸੰਬੰਧਿਤ ਅਨੇਕਾਂ ਪੱਖਾਂ ਅਤੇ ਸੰਕਲਪਾਂ ਦੀ ਵਿਆਖਿਆ ਬੜੇ ਨਿਵੇਕਲੇ ਢੰਗ ਨਾਲ ਕੀਤੀ ਗਈ। ਪ੍ਰੋ. ਸਾਹਿਬ ਸਿੰਘ ਵੱਲੋਂ ਰਚਿਤ ਸਟੀਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੁਆਰਾ ਸਿੱਖੀ ਸਿਧਾਂਤਾਂ ਨੂੰ ਨਿਆਰਾਪਣ ਪ੍ਰਾਪਤ ਹੋਇਆ। ਪ੍ਰੋ. ਸਾਹਿਬ ਸਿੰਘ ਨੇ ਇਹ ਸਟੀਕ ਵਿਆਕਰਣ ਦੇ ਆਧਾਰ 'ਤੇ ਤਿਆਰ ਕੀਤਾ। ਇਸ ਸਟੀਕ ਦੇ ਰਾਹੀਂ ਪ੍ਰਬੰਧ ਰੂਪ ਵਿਚ ਵਿਆਕਰਣ ਦੇ ਨਿਯਮਾਂ 'ਤੇ ਆਧਾਰਿਤ ਵਿਆਖਿਆ ਕੀਤੀ ਜਾਣ ਲੱਗੀ ਅਤੇ ਮਿਸ਼ਨਰੀ ਕਾਲਜਾਂ, ਗੁਰਮਤਿ ਵਿਦਿਆਲਿਆਂ ਅਤੇ ਸੰਸਥਾਵਾਂ ਦਾ ਅਰੰਭ

ਹੋਇਆ, ਜਿਸ ਦੁਆਰਾ ਧਾਰਮਿਕ ਵਿੱਦਿਆ ਨੂੰ ਅਕਾਦਮਿਕਤਾ ਦੇ ਤੌਰ 'ਤੇ ਵਰਤਿਆ ਜਾਣ ਲੱਗ ਪਿਆ।

ਸਿੱਖ ਧਰਮ ਵਿਚ ਵਿਆਖਿਆਕਾਰੀ ਸੰਬੰਧੀ ਇਹ ਵਿਚਾਰ ਸਪੱਸ਼ਟ ਤੌਰ 'ਤੇ ਪ੍ਰਾਪਤ ਹੁੰਦਾ ਹੈ ਕਿ ਵਿਆਖਿਆ ਦਾ ਅਰੰਭ ਪਹਿਲੇ ਪਾਤਸ਼ਾਹ ਦੇ ਸਮੇਂ ਹੀ ਹੋ ਗਿਆ ਸੀ ਪਰੰਤੂ ਇਸ ਦਾ ਧੁਰਾ ਮੌਖਿਕ ਹੀ ਸੀ। ਸਿੱਧੇ ਰੂਪ ਵਿਚ ਇਸ ਪਰੰਪਰਾ ਦਾ ਅਰੰਭ ਪੰਚਮ ਪਾਤਸ਼ਾਹ ਜੀ ਦੇ 'ਆਦਿ ਬੀੜ' ਦੀ ਸੰਪਾਦਨਾ ਉਪਰੰਤ ਭਾਈ ਗੁਰਦਾਸ ਜੀ ਰਾਹੀਂ ਸਾਹਮਣੇ ਆਉਂਦਾ ਹੈ, ਪਰ ਵਿਧੀਵਤ ਰੂਪ ਵਿਚ ਸਿੱਖ ਵਿਆਖਿਆਕਾਰੀ ਦਾ ਕਾਰਜ ਉਦਾਸੀ, ਨਿਰਮਲੇ ਅਤੇ ਸੇਵਾ ਪੰਥੀ ਸੰਪ੍ਰਦਾਵਾਂ ਦੇ ਰਾਹੀਂ ਹੀ ਹੁੰਦਾ ਹੈ ਅਤੇ ਸਿੰਘ ਸਭਾ ਦੇ ਉਥਾਨ ਅਤੇ ਉਸ ਤੋਂ ਬਾਅਦ ਦਾ ਸਮਾਂ ਇਸ ਦਾ ਸਿਖਰ ਪ੍ਰਵਾਨ ਕੀਤਾ ਜਾ ਸਕਦਾ ਹੈ।[੪] ਪ੍ਰੋ. ਪਿਆਰਾ ਸਿੰਘ ਪਦਮ ਦਾ ਮੰਨਣਾ ਹੈ ਕਿ ਵਿਆਖਿਆਕਾਰੀ ਦੀ ਪਰੰਪਰਾ ਬਹੁਤ ਪੁਰਾਣੀ ਹੈ। ਗੁਰੂ ਸਾਹਿਬ ਦੇ ਸਮੇਂ ਵੀ ਸਿੱਖ ਇਕ ਦੂਸਰੇ ਤੋਂ ਗੁਰਬਾਣੀ ਦਾ ਗਿਆਨ ਜਾਂ ਭਾਵਾਰਥ ਪ੍ਰਾਪਤ ਕਰਨ ਦਾ ਉੱਦਮ ਕਰਦੇ ਰਹਿੰਦੇ ਸਨ। ਭਾਈ ਗੁਰਦਾਸ ਜੀ ਨੂੰ ਪਹਿਲੇ ਵਿਦਵਾਨ ਮੰਨਿਆ ਜਾ ਸਕਦਾ ਹੈ, ਜਿਨ੍ਹਾਂ ਨੇ ਬਾਣੀ ਵਿਚ ਅਨੇਕਾਂ ਸਮਝ ਨਾ ਆਉਣ ਵਾਲੀਆਂ ਪੰਕਤੀਆ ਦੇ ਅਰਥ ਆਪਣੀਆਂ ਰਚਨਾਵਾਂ ਵਿਚ ਛੰਦਬਧ ਕੀਤੇ, ਜਿਸ ਦੁਆਰਾ ਅਸੀਂ ਗੁਰਬਾਣੀ ਦੇ ਰਹੱਸ ਨੂੰ ਸਮਝਣ ਵਿਚ ਸਹਾਇਤਾ ਪ੍ਰਾਪਤ ਕਰ ਸਕਦੇ ਹਾਂ।[੫]

ਡਾ. ਤਾਰਨ ਸਿੰਘ ਅਨੁਸਾਰ ਬਾਣੀ ਵਿਚ ਬਾਣੀ ਦੀ ਵਿਆਖਿਆ ਹੈ, ਤੇ ਉਹ ਇਸ ਨੂੰ ਸਹਜ ਪ੍ਰਣਾਲੀ ਦਾ ਨਾਂ ਦਿੰਦੇ ਹਨ। ਪ੍ਰਬੁੱਧ ਵਿਚਾਰਵਾਨਾਂ ਅਨੁਸਾਰ ਸਹਜ ਪ੍ਰਣਾਲੀ ਦੀ ਟੀਕਾਕਾਰੀ ਪੂਰਨ ਸਹਜ, ਪੂਰਨ ਗਿਆਨ ਤੇ ਅਧਿਆਤਮਵਾਦ ਵਿਚ ਵਿਚਰਦੀ ਹੈ, ਭਾਈ ਪ੍ਰਣਾਲੀ ਸਣੇ ਭਟ ਬਾਣੀ ਦੇ ਗੁਰੂ-ਪਦ ਤੇ ਗੁਰਮਤਿ ਦੀ ਵਿਸ਼ੇਸ਼ਤਾ ਦਰਸਾਉਂਦੀ ਹੈ, ਪਰਮਾਰਥ ਪ੍ਰਣਾਲੀ, ਸਹਜ ਵਿਚ ਵਿਚਰਦਿਆਂ, ਸਰਲ ਟੀਕਾਕਾਰੀ ਵਿਚ ਆਦਰਸ਼ਕ ਸੀ, ਉਦਾਸੀ ਪ੍ਰਣਾਲੀ ਗੁਰਮਤਿ ਦੀ ਧਾਰਣੀ ਹੈ ਪਰ ਗੁਰਮਤਿ ਨੂੰ ਹਿੰਦੂ ਮਤ ਨਾਲ ਰਲ-ਗੱਡ ਕਰਦੀ ਹੈ, ਨਿਰਮਲਾ ਪ੍ਰਣਾਲੀ ਖਾਲਸਾ ਪਦਵੀ ਤੇ ਜ਼ੋਰ ਦਿੰਦੀ ਹੈ ਪਰ ਇਸ ਨੇ ਗੁਰਮਤਿ ਨੂੰ ਵੇਦਾਂਤ ਅਤੇ ਕੁਝ ਬ੍ਰਾਹਮਣਵਾਦ ਨਾਲ ਮਿਲਾ ਦਿੱਤਾ, ਗਿਆਨੀ ਪ੍ਰਣਾਲੀ ਨੇ ਪ੍ਰਤਿਕਰਮ ਵਜੋਂ ਮੁੜ ਗੁਰਮਤਿ ਦੀ ਸ਼ੁੱਧਤਾ ਤੇ ਵਿਸ਼ੇਸ਼ਤਾ ਨੂੰ ਸਥਾਪਿਤ ਕੀਤਾ, ਸਿੰਘ ਸਭਾਈ ਪ੍ਰਣਾਲੀ ਨੇ ਹੋਰ ਕੱਟੜਤਾ ਨਾਲ ਨਿਰੋਲ ਗੁਰਮਤਿ ਤੇ ਰਹਿਤ ਮਰਯਾਦਾ ਨੂੰ ਕਾਇਮ ਕੀਤਾ। ਮੌਜੂਦਾ ਟੀਕਾਕਾਰੀ ਗੁਰਮਤਿ ਨੂੰ ਵਿਗਿਆਨਕ ਸਥਿਰਤਾ ਦੇ ਰਹੀ ਹੈ।[੬]

ਜਿਸ ਤਰ੍ਹਾਂ ਡਾ. ਤਾਰਨ ਸਿੰਘ ਨੇ ਵਿਆਖਿਆ ਪ੍ਰਣਾਲੀਆਂ ਨੂੰ ਅਲੱਗ-ਅਲੱਗ ਸੰਪਰਦਾਵਾਂ ਨਾਲ ਜੋੜ ਕੇ ੭ ਭਾਗਾਂ ਵਿਚ ਪੇਸ਼ ਕੀਤਾ, ਉਸੇ ਤਰ੍ਹਾਂ ਹੀ ਡਾ. ਬਲਕਾਰ ਸਿੰਘ, ਵਿਆਖਿਆਕਾਰੀ ਦੇ ਪੜਾਵਾਂ ਨੂੰ ਮੁੱਢ ਤੋਂ ਲੈ ਕੇ ਹੁਣ ਤਕ ੪ ਭਾਗਾਂ ਵਿਚ

ਵੰਡਦੇ ਹਨ। ਜਿਵੇਂ 'ਪਰੰਪਰਕ ਕੋਟੀ', 'ਸਿੰਘ-ਸਭਾਈ ਕੋਟੀ', 'ਆਧੁਨਿਕ ਕੋਟੀ' ਅਤੇ 'ਅਕਾਦਮਿਕ ਕੋਟੀ'। ਇਸ ਵਿਚ ਆਪ ਪਰੰਪਰਕ ਕੋਟੀ ਦਾ ਸੰਬੰਧ ਫਰੀਦਕੋਟੀ ਸਟੀਕ ਨਾਲ, ਸਿੰਘ-ਸਭਾਈ ਕੋਟੀ ਦਾ ਸੰਬੰਧ ਸ਼ਬਦਾਰਥ ਅਤੇ ਦਰਪਣ ਨਾਲ, ਆਧੁਨਿਕ ਕੋਟੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੂੰ ਮੋਢੀ ਦੇ ਤੌਰ 'ਤੇ ਬਿਆਨਦੇ ਹੋਏ ਇਸ ਕੋਟੀ ਅਧੀਨ 'ਮਹਾਨ ਕੋਸ਼', 'ਗੁਰਮਤ ਮਾਰਤੰਡ', 'ਗੁਰਮਤ ਪ੍ਰਭਾਕਰ', 'ਗੁਰਮਤ ਸੁਧਾਕਰ' ਅਤੇ ਭਾਈ ਵੀਰ ਸਿੰਘ ਜੀ ਦੀ ਰਚਨਾ ਨੂੰ ਪੇਸ਼ ਕਰਦੇ ਹਨ। ਅਖੀਰਲੀ ਕੋਟੀ ਭਾਵ ਅਕਾਦਮਿਕਤਾ ਕੋਟੀ ਅਧੀਨ ਇਸ ਦੀ ਸਥਾਪਤੀ ਲਈ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ ਵੀ ਦਿੰਦੇ ਹਨ।[੭]

ਵਿਆਖਿਆ ਦੇ ਹੋਰ ਵੀ ਕਈ ਯਤਨਾਂ ਦਾ ਵੇਰਵਾ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦਾ ਸੰਬੰਧ ਵਿਆਖਿਆਕਾਰੀ ਨਾਲ ਹੈ। ਜਿਵੇਂ ਸੇਵਾ ਪੰਥੀ ਸੰਪ੍ਰਦਾਇ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਦੀ ਵਿਚਾਰਧਾਰਾ ਗਿਆਨੀ ਸੰਪ੍ਰਦਾਇ ਨਾਲ ਮਿਲਦੀ ਹੈ। ਇਸ ਦੇ ਸੰਚਾਲਕ ਭਾਈ ਘਨ੍ਹੱਈਆ ਜੀ ਸਨ। ਇਸ ਸੰਪ੍ਰਦਾਇ ਦੇ ਮੁੱਖ ਟੀਕਾਕਾਰ ਵਜੋਂ ਭਾਈ ਰਾਮ ਕ੍ਰਿਸ਼ਨ ਦਾ ਨਾਂ ਆਉਂਦਾ ਹੈ। ਸੇਵਾ-ਪੰਥੀਆਂ ਨਾਲ ਜੁੜੇ ਵਿਆਖਿਆਕਾਰਾਂ ਨੇ ਭਾਵਾਂ ਦੀ ਵਿਆਖਿਆ ਤੇ ਸਪੱਸ਼ਟਤਾ ਲਈ ਥਾਂ ਪਰ ਥਾਂ ਹਿੰਦੂ ਇਤਿਹਾਸ, ਮਿਥਿਹਾਸ ਜਿਵੇਂ ਰਾਵਣ, ਬਾਲਮੀਕ, ਭਭੀਸ਼ਨ, ਰਾਮ ਕ੍ਰਿਸ਼ਨ, ਧਰੂ, ਅਜਾਮਲ, ਪ੍ਰਹਿਲਾਦ ਆਦਿ ਦੀਆਂ ਉਦਾਹਰਨਾਂ ਵੀ ਦਿੱਤੀਆਂ ਹਨ। ਟੀਕੇ ਵਿਚਲੀ ਵਿਆਖਿਆ ਦਾ ਮੂਲ ਆਧਾਰ ਵੀ ਭਾਰਤੀ ਵੇਦ ਸ਼ਾਸਤਰ ਗਿਆਨ ਨੂੰ ਬਣਾਇਆ ਗਿਆ ਹੈ।[੮] ਇਹ ਹਵਾਲਾ ਵੀ ਪ੍ਰਾਪਤ ਹੁੰਦਾ ਹੈ ਕਿ ਭਾਈ ਰਾਮ ਕ੍ਰਿਸ਼ਨ ਸੇਵਾ ਪੰਥੀ ਨੇ ਜਪੁਜੀ ਸਾਹਿਬ ਦਾ ਟੀਕਾ ਲਿਖਿਆ ਸੀ ਪਰੰਤੂ ਉਸ ਦੀ ਪ੍ਰਮਾਣਿਕਤਾ ਦਾ ਸਬੂਤ ਕਿਤੇ ਵੀ ਪ੍ਰਾਪਤ ਨਹੀਂ ਹੁੰਦਾ।[੯]

ਇਨ੍ਹਾਂ ਪ੍ਰਣਾਲੀਆਂ ਦੇ ਲਿਖਤ ਰੂਪ ਤੋਂ ਇਲਾਵਾ ਮੌਖਿਕ ਰੂਪ ਵਿਚ ਵੀ ਵਿਆਖਿਆ ਦਾ ਪ੍ਰਚਲਨ ਨਾਲ-ਨਾਲ ਚਲਦਾ ਰਿਹਾ। ਗੁਰੂ ਦਰਬਾਰ ਵਿਚ ਧੁਰ ਕੀ ਬਾਣੀ ਦੀ ਵਿਆਖਿਆ ਹਮੇਸ਼ਾ ਹੁੰਦੀ ਰਹਿੰਦੀ ਸੀ। ਅਲੱਗ-ਅਲੱਗ ਮਤਾਂ-ਮਤਾਤਰਾਂ, ਸਾਧੂਆਂ, ਜਗਿਆਸੂਆਂ ਦੁਆਰਾ ਗੁਰੂ ਸਾਹਿਬਾਨ ਨਾਲ ਵਾਰਤਾਲਾਪ ਚਰਚਾ ਹੁੰਦੀ ਸੀ। ਸਿੱਖ ਜਗਿਆਸੂ ਵੀ ਪ੍ਰਸ਼ਨ ਕਰਦੇ ਸਨ ਤਾਂ ਗੁਰੂ ਸਾਹਿਬਾਨ ਦਾ ਉੱਤਰ ਵਿਆਖਿਆ ਰੂਪ ਹੁੰਦਾ ਸੀ ਪਰੰਤੂ ਇਹ ਸਾਰਾ ਕਾਰਜ ਜ਼ਿਆਦਾਤਰ ਮੌਖਿਕ ਰੂਪ ਵਿਚ ਹੀ ਹੁੰਦਾ ਸੀ। ਇਸ ਕਾਰਜ ਨਾਲ ਸੰਬੰਧਿਤ ਮੁੱਖ ਪ੍ਰਵਿਰਤੀਆਂ ਧੂੰਏਂ, ਬਖਸ਼ਿਸ਼ਾਂ, ਮੰਜੀਆਂ, ਮਸੰਦਾਂ, ਰਬਾਬੀਆਂ, ਕੀਰਤਨੀਆਂ ਤੇ ਕਥਾਵਾਚਕਾਂ ਨੂੰ ਮੰਨਿਆ ਜਾ ਸਕਦਾ ਹੈ।

ਗੁਰਬਾਣੀ ਵਿਆਖਿਆਕਾਰੀ ਦੇ ਲੰਮੇਰੇ ਇਤਿਹਾਸ ਨੂੰ ਵਾਚਦਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਇਕ ਅਮੁੱਕ ਖਜਾਨਾ ਹੈ। *'ਆਪੁ ਆਪਨੀ ਬੁਧਿ ਹੈ ਜੇਤੀ'* ਦੇ ਭਾਵਾਂ ਅਨੁਸਾਰ ਬਾਣੀ ਦੇ ਅਸਲ ਅਰਥਾਂ ਦੀ ਸੋਝੀ ਜਾਂ ਪ੍ਰਾਪਤੀ ਲਈ ਵਿਆਖਿਆਕਾਰ

ਕੇਵਲ ਕੋਸ਼ਿਸ਼ ਕਰ ਸਕਦਾ ਹੈ। ਗੁਰਬਾਣੀ ਦੇ ਮਹਾਨ ਖ਼ਜ਼ਾਨੇ ਬਾਬਤ ਪੰਚਮ ਪਾਤਸ਼ਾਹ ਦਾ ਫੁਰਮਾਨ ਹੈ:

ਹਮ ਧਨਵੰਤ ਭਾਗਠ ਸਚ ਨਾਇ॥
ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੁਟ ਅਤੋਲ॥੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥੪॥੩੧॥੧੦੦॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੫)

ਬੀਤੇ ਕੁਝ ਸਮੇਂ ਦੌਰਾਨ ਵਿਗਿਆਨ ਅਤੇ ਤਕਨੀਕ ਵਿਚ ਆਏ ਹੈਰਾਨੀਕੁੰਨ ਪ੍ਰਵਰਤਨਾਂ ਕਾਰਨ ਮਨੁੱਖੀ ਜੀਵਨ ਦਾ ਹਰੇਕ ਖੇਤਰ ਪ੍ਰਭਾਵਿਤ ਹੋਇਆ ਹੈ। ਵਿਗਿਆਨਕ ਕਾਢਾਂ ਅਤੇ ਵਿਕਾਸ ਕਾਰਨ ਸਮੁੱਚਾ ਵਿਸ਼ਵ ਹੀ ਇਕ ਪਰਵਾਰ ਦਾ ਰੂਪ ਬਣ ਚੁੱਕਾ ਹੈ। ਵਿਚਾਰਾਂ, ਆਪਸੀ ਮੇਲ-ਮਿਲਾਪ ਅਤੇ ਨੇੜਤਾ ਵੱਧਣ ਦੇ ਕਾਰਨ ਮੌਜੂਦਾ ਸਮੇਂ ਭਿੰਨ-ਭਿੰਨ ਖਿੱਤੇ ਦੇ ਲੋਕਾਂ ਵਿਚ ਅਕਾਦਮਿਕ ਪੱਖੋਂ ਬਹੁਤ ਸਾਰੀਆਂ ਨਵੀਨ ਅੰਤਰਦ੍ਰਿਸ਼ਟੀਆਂ ਪੈਦਾ ਹੋ ਚੁੱਕੀਆਂ ਹਨ। ਇਸ ਕਾਰਨ ਕੁਝ ਨਵੀਨ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ, ਭਾਵ ਇਸ ਆਪਸੀ ਨੇੜ੍ਹਤਾ ਦੇ ਕਾਰਨ ਸਕਾਰਾਤਮਕ ਅਤੇ ਨਕਾਰਾਤਮਕ ਦੋਨਾਂ ਤਰ੍ਹਾਂ ਦੇ ਸਿੱਟੇ ਸਾਹਮਣੇ ਆਏ ਹਨ। ਵਿਆਖਿਆਕਾਰੀ ਦੇ ਖੇਤਰ ਵਿਚ ਵੀ ਇਸ ਤਬਦੀਲੀ ਦਾ ਪ੍ਰਭਾਵ ਪਿਆ ਹੈ। ਬਾਣੀ ਦੀ ਵਿਆਖਿਆ ਵੀ ਅਜੋਕੇ ਸਮੇਂ ਭਿੰਨ-ਭਿੰਨ ਨਜ਼ਰੀਏ ਅਤੇ ਅਕਾਦਮਿਕ ਦ੍ਰਿਸ਼ਟੀ ਤੋਂ ਕੀਤੀ ਜਾ ਰਹੀ ਹੈ, ਜੋ ਕਿ ਜ਼ਰੂਰੀ ਵੀ ਹੈ। ਪਰੰਤੂ ਇਸ ਕਾਰਨ ਆਮ ਪਾਠਕ ਜਾਂ ਜਗਿਆਸੂ ਦੇ ਮਨ ਵਿਚ ਸ਼ੰਕਿਆਂ ਦਾ ਪੈਦਾ ਹੋਣਾ ਸੁਭਾਵਿਕ ਹੈ। ਇਸ ਲਈ ਵਿਆਖਿਆ ਨੂੰ ਆਧੁਨਿਕ ਸੰਦਰਭ ਵਿਚ ਰੱਖ ਕੇ ਵਿਚਾਰਨਾ ਜਰੂਰੀ ਹੈ ਤਾਂ ਜੋ ਇਲਹਾਮੀ ਰਚਨਾ ਦੇ ਸਕਾਰਾਤਮਕ ਨਤੀਜੇ ਕੱਢੇ ਜਾ ਸਕਣ ਅਤੇ ਮੌਜੂਦਾ ਸਮੇਂ ਦੀਆਂ ਗੁੰਝਲਦਾਰ ਸਮੱਸਿਆਵਾਂ ਜਾਂ ਬਰੈਕਟਾਂ ਨੂੰ ਧਰਮ ਗ੍ਰੰਥਾਂ ਦੇ ਮਾਰਗ-ਦਰਸ਼ਨ/ ਵਿਆਖਿਆਕਾਰੀ ਦੁਆਰਾ ਖੋਲ੍ਹਿਆ ਜਾ ਸਕੇ। ਇਹ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆਕਾਰੀ ਦੇ ਬਦਲ ਰਹੇ ਪਰਿਪੇਖਾਂ ਨਾਲ ਸੰਬੰਧਿਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੇਕ ਵਿਆਖਿਆਕਾਰ ਵੱਲੋਂ ਕਿਸੇ ਨਾ ਕਿਸੇ ਨਵੀਨ ਤਰੀਕੇ ਦੁਆਰਾ ਵਿਆਖਿਆਕਾਰੀ ਵਿਚਲੇ ਭੇਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ, ਪਰੰਤੂ ਇਹ ਵੀ ਸੱਚ ਹੈ ਕਿ ਗੁਰਬਾਣੀ ਵਿਚ ਮੌਜੂਦ ਡੂੰਘੇ ਰਹੱਸਾਂ ਨੂੰ ਸਮਝਣ ਅਤੇ ਮਾਣਨ ਲਈ ਅਜੋਕੇ ਸੰਦਰਭ ਵਿਚ ਵਿਆਖਿਆਕਾਰੀ ਦੇ ਨਵੀਨ ਪੈਮਾਨਿਆਂ ਨੂੰ ਤਲਾਸ਼ਣ ਦੀ ਲੋੜ ਹੈ।

'ਵਿਆਖਿਆ-ਸ਼ਾਸਤਰ' ਵੀ 'ਵਿਆਖਿਆਕਾਰੀ' ਜਾਂ 'ਟੀਕਾਕਾਰੀ' ਦੇ ਅਨੁਸ਼ਾਸਨ ਨਾਲ ਜੁੜਿਆ ਇਕ ਪੈਮਾਨਾ ਹੈ, ਜਿਸ ਦੀ ਵਰਤੋਂ ਕਿਸੇ ਵੀ ਸਾਹਿਤਕ, ਸੱਭਿਆਚਾਰਕ, ਧਾਰਮਿਕ ਜਾਂ ਅਨੁਭਵੀ ਰਚਨਾ ਦੇ ਅਰਥਾਂ ਨੂੰ ਸਪੱਸ਼ਟ ਕਰਨ ਲਈ ਹੁੰਦੀ ਹੈ। ਮੌਜੂਦਾ ਸਮੇਂ ਇਸ ਮਦ ਦਾ ਵੀ ਸਿੱਖ ਅਕਾਦਮਿਕਤਾ ਵਿਚ ਵਿਸ਼ੇਸ਼ ਮਹੱਤਵ ਬਿਆਨਿਆ ਜਾ ਰਿਹਾ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਇਸ ਪੱਖ ਰਾਹੀਂ ਅਰਥ ਪਰੰਪਰਾ ਦੇ ਬਹੁਤ ਸਾਰੇ ਨਵੇਂ ਮਾਪਦੰਡਾਂ ਦੀ ਸਥਾਪਤੀ ਹੋ ਸਕਦੀ ਹੈ। ਡਾ. ਗੁਰਭਗਤ ਸਿੰਘ, ਵਿਆਖਿਆ-ਸ਼ਾਸਤਰ ਦੀ ਮਹੱਤਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਕੇ ਆਪਣੇ ਸ਼ਬਦਾਂ ਵਿਚ ਬਿਆਨਦੇ ਹਨ ਕਿ "ਮਨੁੱਖ ਦੀ ਸਮਾਜਿਕ, ਰਾਜਨੀਤਿਕ ਅਤੇ ਵਿਅਕਤੀਗਤ-ਅਧਿਆਤਮਿਕ ਮੁਕਤੀ ਨਾਲ ਸੰਬੰਧਿਤ ਅਤੇ ਉਨ੍ਹਾਂ ਨੂੰ ਸੰਬੋਧਿਤ ਉਪਰੋਕਤ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਨੂੰ ਮੁੱਖ ਰੱਖ ਕੇ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਵੇ ਜਾਂ ਇਸ ਦੀ ਵਿਆਖਿਆ ਕੀਤੀ ਜਾਵੇ ਤਾਂ ਇਸ ਦੇ ਅਤਿਅੰਤ ਸਮਕਾਲੀ ਗੌਰਵ ਬਾਰੇ ਹੈਰਾਨੀ ਹੁੰਦੀ ਹੈ।"[੧੦]

ਪੱਛਮ ਵਿਚ ਇਸ ਪਦ ਲਈ ਦੋ ਸ਼ਬਦ 'ਐਕਸਿਜੀਸਿਸ' ਅਤੇ 'ਹਰਮੈਨਿਊਟਿਕਸ' ਪ੍ਰਚਲਿਤ ਹਨ। ਜਿੱਥੇ 'ਐਕਸੀਜੀਸਿਸ' ਦਾ ਸੰਬੰਧ ਕਿਸੇ ਰਚਨਾ ਦੀ 'ਵਿਆਖਿਆਕਾਰੀ' ਨਾਲ ਹੈ, ਉੱਥੇ ਹੀ 'ਹਰਮੈਨਿਊਟਿਕਸ' ਦਾ ਸੰਬੰਧ ਉਸ ਵਿਆਖਿਆਕਾਰੀ ਦੇ ਪਿੱਛੇ ਵਰਤੋਂ ਵਿਚ ਆਏ 'ਨੇਮਾਂ ਅਤੇ ਸਿਧਾਂਤਾਂ' ਨਾਲ ਹੈ। ਵਿਆਖਿਆ-ਸ਼ਾਸਤਰ ਦਾ ਮਨੋਰਥ ਗ੍ਰੰਥਾਂ ਦੇ ਸੱਚ ਦੀ ਸਮਝ ਪ੍ਰਾਪਤ ਕਰਕੇ ਉਸ ਦੀ ਸੁਖੈਨ ਵਿਆਖਿਆ ਨੂੰ ਸ਼ਰਧਾਲੂਆਂ ਜਾਂ ਜਗਿਆਸੂਆਂ ਤਕ ਪਹੁੰਚਾਉਣਾ ਹੈ।"[੧੧]

ਵਿਆਖਿਆ-ਸ਼ਾਸਤਰ ਇਹ ਜਾਣਨ ਵਾਸਤੇ ਵੀ ਸਹਾਇਤਾ ਕਰਦਾ ਹੈ ਕਿ ਉਹ ਕਿਹੜੇ ਹਾਲਾਤ ਹੁੰਦੇ ਹਨ, ਜੋ ਕਿਸੇ ਕਿਸਮ ਦੀ ਮਨੁੱਖੀ ਸਮਝ ਨਾਲ ਜੁੜੀਆਂ ਹੋਈਆਂ ਭਾਵਨਾਵਾਂ ਨੂੰ ਉਜਾਗਰ ਕਰਦੇ ਹਨ? ਸਮਝ ਅਤੇ ਅਰਥਾਂ ਵਰਗੇ ਸੰਕਲਪਾਂ ਨਾਲ ਜੁੜੇ ਵਿਵਾਦਾਂ ਨੂੰ ਕਿਸ ਤਰ੍ਹਾਂ ਸੁਲਝਾਇਆ ਜਾਣਾ ਹੈ, ਇਹ ਵੀ ਵਿਆਖਿਆ-ਸ਼ਾਸਤਰ ਨਾਲ ਜੁੜਿਆ ਹੋਇਆ ਹੈ।"[੧੨]

ਸ. ਅਮਰਜੀਤ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਵਿਆਖਿਆ-ਸ਼ਾਸਤਰ ਹੈ ਅਤੇ ਇਸ ਦੀ ਤੁਲਨਾ ਬਾਈਬਲ ਵਾਲੇ ਵਿਆਖਿਆ-ਸ਼ਾਸਤਰ ਨਾਲ ਨਹੀਂ ਕੀਤੀ ਜਾ ਸਕਦੀ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇਕ ਪਵਿੱਤਰ ਪੁਸਤਕ ਨਾ ਹੋ ਕੇ ਸ਼ਬਦ-ਗੁਰੂ ਦੇ ਰੂਪ ਵਿਚ ਹਨ।[੧੩]

ਗੁਰਬਾਣੀ ਵਿਚਲੇ ਪਾਵਨ ਬੋਲ ਸਮੁੱਚੀ ਦੁਨੀਆਂ ਲਈ ਅਤੇ ਸਦੈਵ ਸਮਿਆਂ ਲਈ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਹਨ। ਗੁਰਬਾਣੀ ਵਿਚਲੀਆਂ ਡੂੰਘੀਆਂ ਪਰਤਾਂ ਨੂੰ ਖੋਲ੍ਹ ਕੇ ਅਜੋਕੇ ਸੰਦਰਭ ਜਿਵੇਂ : ਵਾਤਾਵਰਨ ਦੀ ਸੰਭਾਲ, ਭਰੂਣ ਹੱਤਿਆ,

ਵਿਸ਼ਵ ਯੁੱਧ, ਨਸ਼ੇ, ਵਿਸ਼ਵ ਸ਼ਾਂਤੀ, ਸੇਵਾ, ਕਿਰਤ, ਆਦਰਸ਼ਕ ਮਨੁੱਖ, ਨੈਤਿਕ ਕਦਰਾਂ-ਕੀਮਤਾਂ ਦੀ ਸਥਾਪਤੀ, ਮਾਇਆ, ਗੁਰਮੁਖ, ਮਨਮੁਖ, ਨਰਕ, ਸੁਰਗ, ਦਾਜ, ਇਸਤਰੀ ਆਦਿ ਪੱਖਾਂ ਸੰਬੰਧੀ ਵਿਆਖਿਆ ਨੂੰ ਮੌਜੂਦਾ ਸੰਦਰਭ ਵਿਚ ਰੱਖ ਕੇ ਗੁਰਬਾਣੀ ਵਿਆਖਿਆ ਤੋਂ ਉੱਚਤਮ ਸੇਧ ਲਈ ਜਾ ਸਕਦੀ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਸਾਡੇ ਪੁਰਾਤਨ ਵਿਆਖਿਆਕਾਰਾਂ ਨੇ ਇਸ ਖੇਤਰ ਲਈ ਮਹੱਤਵਪੂਰਨ ਕਾਰਜ ਕੀਤਾ, ਪਰੰਤੂ ਮੌਜੂਦਾ ਸਮੇਂ ਨਵੀਨ ਪਹੁੰਚ ਵਿਧੀਆਂ ਦੁਆਰਾ ਵਿਆਖਿਆਕਾਰੀ ਦੇ ਭਿੰਨ-ਭਿੰਨ ਸੰਦਰਭਾਂ ਨੂੰ ਵੀ ਖੋਜਾਰਥੀਆਂ ਅਤੇ ਪਾਠਕਾਂ ਅੱਗੇ ਰੱਖਣਾ ਬਹੁਤ ਜ਼ਰੂਰੀ ਹੈ। ਇਸ ਨਾਲ ਗੁਰਬਾਣੀ ਅਤੇ ਸਿੱਖ ਸਿਧਾਂਤਾਂ ਦੀ ਵਿਆਖਿਆ ਨੂੰ ਨਵੀਨ ਅਤੇ ਮੌਜੂਦਾ ਸੰਦਰਭਾਂ ਵਿਚ ਸਮਝਿਆ ਜਾ ਸਕੇਗਾ, ਜਿਸ ਨਾਲ ਕਈ ਨਵੀਆਂ ਖੋਜਾਂ ਦਾ ਅਰੰਭ ਹੋਵੇਗਾ ਅਤੇ ਮੌਜੂਦਾ ਪੀੜ੍ਹੀ ਵੀ ਇਸ ਨੂੰ ਅਕਾਦਮਿਕਤਾ ਵਜੋਂ ਗ੍ਰਹਿਣ ਕਰਕੇ ਇਸ ਵਿਚ ਆਪਣੀ ਭੂਮਿਕਾ ਨਿਭਾ ਸਕੇਗੀ।

ਹਵਾਲੇ :

੧. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ','ਸੰਪਾਦਕੀ ਸ਼ਬਦ', ਪੰਨਾ -

੨. ਦਰਸ਼ਨ ਸਿੰਘ (ਡਾ.), *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪੰਨੇ ੯੬-੯੭

੩. ਤਾਰਨ ਸਿੰਘ (ਡਾ.), *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੧੩

੪. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ','ਸੰਪਾਦਕੀ ਸ਼ਬਦ', ਪੰਨਾ

੫. ਅਮਰਜੀਤ ਸਿੰਘ ਢਿੱਲੋਂ (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਤੇ ਪੱਤਰਕਾਰੀ* : ਕੁਝ ਦ੍ਰਿਸ਼ਟੀਕੋਣ, ਪਿਆਰਾ ਸਿੰਘ ਪਦਮ (ਪ੍ਰੋ.),' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ', ਪੰਨੇ ੧੭੬-੧੭੭

੬. ਡਾ. ਸਰਬਜਿੰਦਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ*, ਗੁਰੂ ਮਾਨਿਓ ਗ੍ਰੰਥ, ਵਿਸ਼ੇਸ਼ ਅੰਕ, ਤਾਰਨ ਸਿੰਘ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟੀਕਾਕਾਰੀ, ਪੰਨਾ ੭੬

੭. ਬਲਵੰਤ ਸਿੰਘ ਢਿੱਲੋਂ (ਡਾ.) (ਸੰਪਾ.), *ਗੁਰਬਾਣੀ : ਵਿਆਖਿਆ ਅਤੇ ਵਿਆਖਿਆ-ਸ਼ਾਸਤਰ*, ਬਲਕਾਰ ਸਿੰਘ (ਡਾ.), 'ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ : ਵਿਵਿਧ ਪਰਿਪੇਖ', ਪੰਨੇ ੩-੫

੮. ਬੀਬੀ ਅਮਰਜੀਤ ਕੌਰ, *ਗੁਰਮਤਿ ਪ੍ਰਕਾਸ਼*, ਗੁਰਬਾਣੀ ਵਿਆਖਿਆ ਦੀ ਪਰੰਪਰਾ ਦਾ ਇਤਿਹਾਸ, ਜੁਲਾਈ ੨੦੧੧, ਪੰਨੇ ੫੯-੬੦

੯. ਡਾ. ਰਤਨ ਸਿੰਘ ਜੱਗੀ (ਸੰਪਾ.), *ਖੋਜ ਪਤ੍ਰਿਕਾ*, ਜੋਗਿੰਦਰ ਸਿੰਘ (ਡਾ.), ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ, ਪੰਨਾ ੧੨

੧੦. ਡਾ. ਜਸਬੀਰ ਕੌਰ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ (ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਸ਼ੇਸ਼ ਪ੍ਰਸੰਗ ਵਿਚ)*, ਗੁਰਭਗਤ ਸਿੰਘ (ਡਾ.), *'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਜੋਕੇ ਵਿਆਖਿਆ-ਸ਼ਾਸਤਰ'*, ਪੰਨਾ ੨੨੧

੧੧. ਡਾ. ਸਰਬਜਿੰਦਰ ਸਿੰਘ (ਸੰਪਾ.), ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ 'ਵਿਸ਼ੇਸ਼ ਅੰਕ', ਸਤਵਿੰਦਰ ਸਿੰਘ (ਡਾ.), *'ਵਿਆਖਿਆ ਸ਼ਾਸਤਰ ਅਤੇ ਸਿੱਖ ਵਿਆਖਿਆ ਸ਼ਾਸਤਰ'*, ਪੰਨਾ ੯੯

੧੨. ਓਹੀ, ਪੰਨਾ ੧੦੨

੧੩. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ 'ਵਿਸ਼ੇਸ਼ ਅੰਕ'*, ਅਮਰਜੀਤ ਸਿੰਘ, *'ਸਿੱਖ ਵਿਆਖਿਆ-ਸ਼ਾਸਤਰ'*, ਪੰਨਾ ੩੮

ਕਿਲ੍ਹਾ ਰਾਮਗੜ੍ਹ (ਰਾਮਰੌਣੀ)

*-ਸ. ਹਰਪ੍ਰੀਤ ਸਿੰਘ ਨਾਜ਼**

ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਵਸਾਈ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੁਰੱਖਿਆ ਲਈ, ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਕ ਕਿਲ੍ਹਾ ਬਣਵਾਇਆ ਸੀ। ਪਰ ਅਠਾਰ੍ਹਵੀਂ ਸਦੀ ਵਿਚ ਇਸ ਨਗਰੀ 'ਤੇ ਮੁਗ਼ਲਾਂ ਅਤੇ ਅਬਦਾਲੀ ਵੱਲੋਂ ਲਗਾਤਾਰ ਹਮਲੇ ਹੋਣ ਲੱਗੇ, ਇਸ ਲਈ ਇਸ ਨਗਰੀ ਦੀ ਸੁਰੱਖਿਆ ਨੂੰ ਹੋਰ ਵਧਾਉਣਾ ਜ਼ਰੂਰੀ ਸੀ। ਇਸ ਲਈ ੧੭੪੫ ਈ. ਵਿਚ ਖ਼ਾਲਸਾ ਦਲ ਨੇ ਭਾਰੀ ਇਕੱਤਰਤਾ ਕਰ ਕੇ, ਇੱਥੇ ਇੱਕ ਹੋਰ ਗੜ੍ਹੀ ਉਸਾਰਨ ਦੀ ਸੋਚੀ।

ਗੜ੍ਹੀ ਰਾਮਰੌਣੀ

ਗੜ੍ਹੀ ਉਸਾਰਨ ਲਈ ਹੁਣ ਥਾਂ ਦੀ ਚੋਣ ਕਰਨੀ ਸੀ। ਲੰਮੀ ਵਿਚਾਰ ਉਪਰੰਤ ਖ਼ਾਲਸਾ ਦਲ ਨੇ ਨਿਰਣਾ ਲਿਆ ਕਿ ਸ੍ਰੀ ਹਰਿਮੰਦਰ ਸਾਹਿਬ ਤੋਂ ਇੱਕ ਮੀਲ ਦੂਰ ਦੱਖਣ ਵੱਲ, ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਮਸਰ ਸਰੋਵਰ ਬਣਾਇਆ ਸੀ, ਸਾਨੂੰ ਉੱਥੇ ਗੜ੍ਹੀ ਬਣਾਉਣੀ ਚਾਹੀਦੀ ਹੈ।

ਉਸ ਅਸਥਾਨ 'ਤੇ ਗੁਰੂ ਸਾਹਿਬ ਵੱਲੋਂ ਇੱਕ ਖੂਹੀ ਵੀ ਬਣਵਾਈ ਸੀ, ਉਸ ਪਾਸ ਗੜ੍ਹੀ ਦੀ ਨੀਂਹ ਰੱਖ ਦਿੱਤੀ ਗਈ। ਫਿਰ ਗੜ੍ਹੀ ਦੀ ਉਸਾਰੀ ਹੋਣ ਲੱਗੀ, ਇਸ ਕੰਮ ਵਿਚ ਖ਼ਾਲਸਾ ਦਲ ਦੇ ਸਭ ਸਰਦਾਰ ਵਧ-ਚੜ੍ਹ ਕੇ ਸੇਵਾ ਕਰਨ ਲੱਗੇ। ਸਿੰਘ ਆਪ ਹੀ ਮਜ਼ਦੂਰੀ ਅਤੇ ਆਪ ਹੀ ਚਿਣਾਈ ਕਰਦੇ। ਛੇਤੀ ਹੀ ਬੁਰਜ ਅਤੇ ਵੱਡਾ ਦਰਵਾਜ਼ਾ ਬਣਾ ਕੇ ਗੜ੍ਹੀ ਉਸਾਰ ਲਈ। ਫਿਰ ਗੜ੍ਹੀ ਦੇ ਗਿਰਦੇ ਖਾਈ ਤੇ ਮੋਰਚੇ ਬਣਾ ਲਏ ਗਏ:

ਚੌਪਈ- ਰਾਮਦਾਸ ਸਰ ਜੇ ਪੰਜ ਬਨਾਏ, ਇਕ ਥਾਂ ਲੀਜੈ ਕੰਧ ਚਿਣਾਏ।
ਮਰੈਂ ਤੁਰਕ ਤਹਿਂ ਆਪੇ ਆਇ, ਗੜ੍ਹੀ ਬਨਾਓ ਰਣ ਥੰਮ੍ਹ ਭਾਇ॥੧੪॥
ਹੁਤੀ ਖੂਹੀ ਤਹਿਂ ਗੁਰੂ ਲਵਾਈ, ਤਿਹ ਥਾਂ ਲੀਨੀ ਨੀਂਹ ਧਰਾਈ ।
ਆਪੈ ਰਾਜ ਸਿੰਘ ਆਪੇ ਮਜੂਰ, ਬਡੇ ਭੁਜੰਗੀ ਦਿਲ ਕੇ ਸੂਰ॥੧੫॥
ਆਪੇ ਪੀਸੈਂ ਆਪ ਪਕਾਵੈਂ, ਤੇਤੋ ਬਡੇ ਸ੍ਰਦਾਰ ਕਹਾਵੈਂ।
ਜੋਊ ਕਰੈ ਸਿੰਘ ਬਹੁਤੋ ਕੰਮ, 'ਧੰਨ ਧੰਨ' ਕਹੈਂ, ਸਿੰਘ ਤਿਸੈ ਜੰਮ॥੧੬॥
ਕੋਊ ਕਰੈ ਨ ਕਿਸੀ ਸ਼ਰੀਕਾ, ਕੋਈ ਨ ਸੁਨਾਵੈ ਦੁਖ ਨਿਜ ਜੀ ਕਾ।
ਕੰਧ ਬਣਾਵੈਂ ਦੌੜੇ ਦੌੜ, ਜਿਮ ਬੰਦਰ ਪੁਲ ਬੰਧਤ ਧੌੜ॥੧੭॥...
ਦੋਹਰਾ- ਚਾਰੇ ਲੰਗਾਂ ਲੈ ਤੁਰੇ ਨਿਸਦਿਨ ਨਾਹਿਂ ਥਕਾਇ।

---

* *ਚਿੱਤਰਕਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ, ਮੋ. ੮੫੬੭੦-੨੦੯੯੫*

ਹੌਲੀ ਹੌਲੀ ਜਿਉਂ ਕਹੈ ਤਿਮ ਤਿਮ ਦੌੜ ਕਮਾਹਿੰ॥੧੮॥
ਚੌਪਈ- ਬੁਰਜ ਦਰਵਾਜੇ ਬਨਾਯੋ ਬਡ ਖਾਸ,
ਮੰਡਯੋ ਸੁ ਮਰਨੋਂ ਤਿਹ ਥਾਂ ਵਾਸ।
ਜੋ ਲਭਯੋ ਕਿਛ ਖਰਚ ਸੁ ਪਾਯੋ, ਲੁਟਯੋ ਕੁਟਯੋ ਥੋ ਜੋ ਭੁਜ ਚਾਯੋ॥੧੯॥
ਚਾਰ ਓਰ ਤਿਹ ਰੌਣੀ ਬਣਾਈ, ਇਮ ਕਰ ਰੌਣੀ ਨਾਮ ਸਦਾਈ।
ਗਿਰਦੈ ਲਏ ਭੁਇ ਮੋਰਚੇ ਪੁਟਾਇ, ਖਾਈ ਲਈ ਅਤਿ ਗਹਰ ਕਰਾਇ॥੨੦॥
ਆਪੇ ਪੱਟੈਂ ਆਪ ਉਸਾਰੈਂ, ਰਾਜ ਮਜੂਰ ਸਿੰਘ ਗੁਰੂ ਪਿਆਰੈ।
ਰਾਤ ਦਿਵਸ ਕਰ ਕੰਧ ਚਿਨਾਈ, ਕਿਛਕੁ ਆਸਰੋ ਲਯੋ ਬਨਾਈ॥੨੧॥
ਸਿੰਘ ਪੰਜ ਸੈ ਭਯੋ ਉਹਾਂ ਸਾਰੋ, ਸ਼ਹੀਦ ਹੋਨ ਕੋ ਉਨ ਪ੍ਰਣ ਧਾਰੋ।
ਔਰ ਜ਼ਯਾਦ ਕੀ ਜਗ੍ਹਾ ਥੀ ਨਾਹੀਂ, ਇਸ ਬਿਧ ਸਿੰਘ ਵਡੇ ਘਣੇ ਨਾਂਹੀ॥੨੨॥[1]

ਸਰਦਾਰ ਜੱਸਾ ਸਿੰਘ ਅਤੇ ਉਨ੍ਹਾਂ ਦੇ ਸਾਥੀ, ਜੋ ਉਸਾਰੀ ਦੇ ਕੰਮ ਦੇ ਗਿਆਤਾ ਸਨ, ਉਨ੍ਹਾਂ ਨੇ ਇਸ ਕੰਮ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਗੜ੍ਹੀ ਦਾ ਨਾਮ 'ਰਾਮ ਰੌਣੀ' ਪਿਆ। ਇਸ ਵਿਚ ਪੰਜ ਸੌ ਮਰਜੀਵੜੇ ਸਿੰਘ ਤਾਇਨਾਤ ਕਰ ਦਿੱਤੇ ਗਏ।

ਰਾਮਰੌਣੀ 'ਤੇ ਪਹਿਲਾ ਹਮਲਾ

ਉਸ ਸਮੇਂ ਜਲੰਧਰ ਦਾ ਹਾਕਮ ਅਦੀਨਾ ਬੇਗ ਬੜਾ ਚਲਾਕ ਆਦਮੀ ਸੀ, ਉਹ ਸਿੱਖ ਸ਼ਕਤੀ ਦਾ ਪ੍ਰਯੋਗ ਆਪਣੀ ਸੱਤਾ ਕਾਇਮ ਕਰਨ ਲਈ ਵਰਤਣਾ ਚਾਹੁੰਦਾ ਸੀ। ਉਹ ਸਰਦਾਰ ਜੱਸਾ ਸਿੰਘ ਤੋਂ ਬਹੁਤ ਪ੍ਰਭਾਵਿਤ ਸੀ, ਇਸ ਲਈ ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਨਾਲ ਸੰਪਰਕ ਕਾਇਮ ਕੀਤਾ। ਸਰਦਾਰ ਜੱਸਾ ਸਿੰਘ ਨੇ ਵੀ ਸਮਝੌਤਾ ਕਰਨਾ ਹੀ ਠੀਕ ਸਮਝਿਆ, ਕਿਉਂਕਿ ਉਹ ਵੀ ਮੁਗ਼ਲਾਂ ਦੀ ਰਣਨੀਤੀ ਦਾ ਭੇਤੀ ਹੋਣਾ ਚਾਹੁੰਦੇ ਸੀ, ਦੂਸਰਾ ਉਨ੍ਹਾਂ ਦਾ ਖਿਆਲ ਸੀ ਕਿ ਹਾਕਮਾਂ ਨਾਲ ਰਹਿ ਕੇ ਉਹ ਦੀਵਾਨ ਕੌੜਾ ਮੱਲ ਵਾਂਗ ਪੰਥ ਦੀ ਵਧੇਰੇ ਸੇਵਾ ਕਰ ਸਕਣਗੇ। ਇਸ ਲਈ ਉਨ੍ਹਾਂ ਅਦੀਨਾ ਬੇਗ ਦੀ ਨੌਕਰੀ ਮਨਜ਼ੂਰ ਕਰ ਲਈ।

ਸਰਦਾਰ ਜੱਸਾ ਸਿੰਘ ਆਪਣੇ ਜਥੇ ਸਮੇਤ ਅਦੀਨਾ ਬੇਗ ਨਾਲ ਜਾ ਮਿਲੇ। ਅਦੀਨਾ ਬੇਗ ਨੇ ਸਰਦਾਰ ਜੱਸਾ ਸਿੰਘ ਨੂੰ ਫ਼ੌਜ ਦਾ ਜਰਨੈਲ ਬਣਾ ਦਿੱਤਾ। ਉਨ੍ਹਾਂ ਦੇ ਅਧੀਨ ਸੌ ਸਿੱਖਾਂ ਅਤੇ ਸੱਠ ਹਿੰਦੂਆਂ ਦੀ ਪਲਟਨ ਕਰ ਦਿੱਤੀ ਅਤੇ ਉਨ੍ਹਾਂ ਨੂੰ ਦੋਆਬੇ ਵਿਚ ਜਗੀਰ ਵੀ ਦੇ ਦਿੱਤੀ। ਸਰਦਾਰ ਜੱਸਾ ਸਿੰਘ ਨੇ ਇਸ ਸਮੇਂ ਵੱਧ ਤੋਂ ਵੱਧ ਫ਼ਾਇਦਾ ਸਿੱਖਾਂ ਨੂੰ ਪਹੁੰਚਾਉਣ ਲਈ ਵਾਹ ਲਗਾਈ। ਸਰਦਾਰ ਜੱਸਾ ਸਿੰਘ ਨੇ ਕਈ ਸਿੱਖਾਂ ਨੂੰ ਜਲੰਧਰ ਦੁਆਬ ਵਿਚ ਥਾਣੇਦਾਰ ਲਗਵਾ ਦਿੱਤਾ। ਉਸੀ ਸਮੇਂ ਵਿਚ ਸਰਦਾਰ ਜੱਸਾ ਸਿੰਘ ਨੇ ਹਕੂਮਤ ਦੇ ਕਈ ਵੱਡੇ-ਵੱਡੇ ਅਹੁਦੇਦਾਰਾਂ ਖ਼ਾਸਕਰ ਦੀਵਾਨ ਕੌੜਾ ਮੱਲ ਨਾਲ ਚੰਗੇ ਸੰਬੰਧ ਬਣਾ ਲਏ; ਜਿਸਨੇ ਸਿੱਖਾਂ ਦੀ ਅੱਗੇ ਚੱਲ ਕੇ ਬਹੁਤ ਮਦਦ ਕੀਤੀ।

ਹੁਣ ਪੰਜਾਬ ਦਾ ਸੂਬੇਦਾਰ ਮੀਰ ਮੰਨੂੰ ਬਣਿਆ, ਜੋ ਸਿੱਖਾਂ ਦਾ ਨਾਮੋ-ਨਿਸ਼ਾਨ

ਮਿਟਾਉਣ 'ਤੇ ਤੁਲਿਆ ਹੋਇਆ ਸੀ। ਉਸ ਨੇ ਸਿੱਖਾਂ ਦੀ ਤਾਕਤ ਨੂੰ ਖ਼ਤਮ ਕਰਨ ਲਈ ਅਦੀਨਾ ਬੇਗ ਨੂੰ 'ਰਾਮਰੌਣੀ' ਉੱਪਰ ਹਮਲਾ ਕਰਨ ਦਾ ਹੁਕਮ ਦਿੱਤਾ। ਉਸ ਨੇ ਅਦੀਨਾ ਬੇਗ ਦੀ ਮਦਦ ਲਈ ਦੀਵਾਨ ਕੌੜਾ ਮੱਲ ਅਤੇ ਮੀਰ ਅਜ਼ੀਜ਼ ਬਖਸ਼ੀ ਨੂੰ ਵੀ ਫ਼ੌਜ ਦੇ ਕੇ ਭੇਜਿਆ। ਇਨ੍ਹਾਂ ਸਭ ਫ਼ੌਜਾਂ ਨੇ ਰਾਮਰੌਣੀ ਨੂੰ ਘੇਰਾ ਪਾ ਲਿਆ। ਅਦੀਨਾ ਬੇਗ ਦੀ ਫ਼ੌਜ ਵਿਚ ਨੌਕਰੀ ਕਰਨ ਕਾਰਨ ਸਰਦਾਰ ਜੱਸਾ ਸਿੰਘ ਨੂੰ ਵੀ ਮਜਬੂਰਨ, ਆਪਣੇ ਦਸਤੇ ਸਣੇ ਘੇਰੇ ਵਿਚ ਸ਼ਾਮਲ ਹੋਣਾ ਪਿਆ। ਪਰ ਉਨ੍ਹਾਂ ਦਾ ਮਨ ਖ਼ਾਲਸੇ ਵੱਲ ਰਿਹਾ।

ਰਾਮਰੌਣੀ ਦਾ ਇਹ ਘੇਰਾ ਤਿੰਨ ਮਹੀਨੇ ਜਾਰੀ ਰਿਹਾ। ਰਾਮਰੌਣੀ ਵਿਚ ਮੌਜੂਦ ਪੰਜ ਸੌ ਸਿੱਖਾਂ ਵਿੱਚੋਂ ਦੋ ਸੌ ਸਿੱਖ ਸ਼ਹੀਦ ਹੋ ਗਏ। ਸਰਦਾਰ ਜੱਸਾ ਸਿੰਘ ਦੇ ਦਿਲ 'ਤੇ ਭਾਰੀ ਸੱਟ ਲੱਗੀ। ਉਨ੍ਹਾਂ ਨੇ ਦੇਖਿਆ ਕਿ ਇਹ ਕਿਲ੍ਹਾ, ਜਿਸ ਨੂੰ ਉਸਾਰਨ ਵਿਚ ਉਸ ਦਾ ਵੀ ਯੋਗਦਾਨ ਸੀ, ਹੁਣ ਖ਼ਤਰੇ ਵਿਚ ਹੈ। ਉਹ ਪੰਥ ਦੀ ਸੇਵਾ ਅਤੇ ਸਹਾਇਤਾ ਬਾਰੇ ਸੋਚਣ ਲੱਗੇ। ਸਰਦਾਰ ਜੱਸਾ ਸਿੰਘ ਨੇ ਤੀਰ ਨਾਲ ਬੰਨ੍ਹ ਕੇ ਇੱਕ ਚਿੱਠੀ ਕਿਲ੍ਹੇ ਵਿਚ ਘੱਲੀ ਕਿ ਖ਼ਾਲਸਾ ਸਾਨੂੰ ਨਾਲ ਮੇਲ ਲਵੇ ਤਾਂ ਅਸੀਂ ਪੰਥ ਨਾਲ ਰਲ ਸ਼ਹੀਦੀ ਪਾਈਏ, ਖ਼ਾਲਸਾ ਦਲ ਨੇ ਅਰਜ਼ ਪ੍ਰਵਾਨ ਕਰ ਲਈ ਅਤੇ ਉਨ੍ਹਾਂ ਦੇ ਵਾਪਸ ਆਉਣ ਦਾ ਭਰਪੂਰ ਸਵਾਗਤ ਕੀਤਾ। ਸਰਦਾਰ ਜੱਸਾ ਸਿੰਘ ਨੂੰ ਇਸ ਦਾ ਉੱਤਰ ਤੀਰ ਰਾਹੀਂ ਦੇ ਦਿੱਤਾ।

ਰਾਤ ਸਮੇਂ ਸਿੱਖਾਂ ਨੇ ਗੜ੍ਹੀ ਦਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਸਰਦਾਰ ਜੱਸਾ ਸਿੰਘ ਆਪਣੀ ਫ਼ੌਜ ਅਤੇ ਜੰਗੀ ਸਾਮਾਨ ਸਮੇਤ ਖ਼ਾਲਸਾ ਦਲ ਨਾਲ ਜਾ ਮਿਲੇ। ਇਸ ਨਾਲ ਸਿੱਖਾਂ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ, ਉਹ ਚੜ੍ਹਦੀ ਕਲਾ ਵਿਚ ਹੋ ਗਏ:

ਦੋਹਰਾ- ਜੱਸਾ ਸਿੰਘ ਕੋ ਤਿਨ ਕਹਯੋ, ਅਬ ਆਪ ਤੁਮ ਕਰੋ ਸੰਭਾਲ।
ਅਬ ਹਮ ਅੰਦਰ ਵੜੈਂਗੇ, ਮਰੈਂ ਸੁ ਪੰਥਹਿ ਨਾਲ॥੪੮॥
ਚੌਪਈ- ਜੱਸਾ ਸਿੰਘ ਭੀ ਸਿੰਘਨ ਕਹਯੋ, ਹਮ ਕਬ ਖਾਲਸਯੋਂ ਟੂਟਨ ਚਹਯੋ।
ਹਮ ਭੀ ਰਲੈਂਗੇ ਖਾਲਸੇ ਨਾਲ, ਖਾਲਸੋ ਟੂਟੀ-ਗੰਢਨ-ਵਾਲ॥੪੯॥
ਜੱਸਾ ਸਿੰਘ ਨੇ ਲਿਖੀ ਅਰਦਾਸ, ਬੰਧ ਤੀਰ ਘੱਲੀ ਸਿੰਘਨ ਪਾਸ।
ਅਬ ਹਮ ਕੋ ਤੁਮ ਲੇਹੁ ਮਿਲਾਇ, ਤੌ ਆਇ ਪਰੈਂ ਖਾਲਸੇ ਸਰਨਾਇ॥੫੦॥
ਸਿੰਘਨ ਲਿਖਯੋ 'ਅਬ ਮਿਲਨੇ ਵੇਲਾ, ਟੂਟੇ ਫੂਟੇ ਕੋ ਹੋਵਗੁ ਮੇਲਾ।'
ਜੱਸਾ ਸਿੰਘ ਬੇਗ ਦੀਨੰ ਕਹਯੋ, 'ਹਮਰੋ ਹਿਸਾਬ ਅਬੈ ਕਰ ਦਯੋ'॥੫੧॥
ਹਿਸਾਬ ਕਰਾਇ ਸੁ ਦੋ ਦਿਨ ਪਾਇ, ਵੜਯੋ ਜੱਸਾ ਸਿੰਘ ਅੰਦਰ ਜਾਇ।
ਜਬ ਜੱਸਾ ਸਿੰਘ ਅੰਦਰ ਵੜਾ, ਤੁਰਕਨ ਸਿਰ ਜਨੁ ਪਾਣੀ ਪੜਾ॥੫੨॥[2]

ਸਰਦਾਰ ਜੱਸਾ ਸਿੰਘ ਨੇ ਅੰਦਰ ਜਾ ਕੇ ਫ਼ੌਜ ਦੀ ਕਮਾਨ ਸੰਭਾਲ ਲਈ। ਸ਼ਾਹੀ ਫ਼ੌਜ ਦੇ ਹੌਸਲੇ ਟੁੱਟ ਗਏ, ਜੰਗ ਜਿੱਤਣੀ ਹੁਣ ਆਸਾਨ ਨਹੀਂ ਸੀ। ਖ਼ਾਨ ਬਹਾਦਰ ਦੇ ਪੁੱਤਰ ਸ਼ਾਹ ਨਿਵਾਜ ਖ਼ਾਨ ਮੁਲਤਾਨ 'ਤੇ ਕਬਜ਼ਾ ਜਮਾ ਕੇ ਲਾਹੌਰ ਆਉਣ ਦੀ

ਤਿਆਰੀ ਕਰ ਰਿਹਾ ਸੀ, ਦੂਸਰਾ ਇਹ ਖ਼ਬਰਾਂ ਆ ਰਹੀਆਂ ਸਨ ਕਿ ਅਹਿਮਦ ਸ਼ਾਹ ਅਬਦਾਲੀ ਫਿਰ ਹਮਲਾ ਕਰ ਰਿਹਾ ਹੈ। ਇਸ ਲਈ ਮੀਰ ਮੰਨੂੰ ਨੂੰ ਇਨ੍ਹਾਂ ਦੇ ਮੁਕਾਬਲੇ ਲਈ ਫ਼ੌਜ ਦੀ ਜ਼ਰੂਰਤ ਸੀ। ਸੋ ਮੀਰ ਮੰਨੂੰ ਨੇ ਦੀਵਾਨ ਕੌੜਾ ਮੱਲ ਰਾਹੀਂ ਸਿੱਖਾਂ ਨਾਲ ਸਮਝੌਤਾ ਕਰ ਲਿਆ ਅਤੇ ਨਵੰਬਰ ੧੭੪੮ ਈ. ਨੂੰ ਰਾਮਰੌਣੀ ਦਾ ਘੇਰਾ ਚੁੱਕ ਲਿਆ। ਉਸ ਨੇ ਦੀਵਾਨ ਕੌੜਾ ਮੱਲ ਦੇ ਕਹਿਣ 'ਤੇ ਪੱਟੀ ਪਰਗਣੇ ਦੇ ਬਾਰ੍ਹਾਂ ਪਿੰਡ ਰਾਮਰੌਣੀ ਦੇ ਨਾਮ ਕਰਵਾ ਦਿੱਤੇ:

ਦੋਹਰਾ- ਸਤਿਗੁਰ ਕੁਦਰਤ ਯੌ ਭਈ, ਕਰਨ ਸੁ ਸਿੰਘਨ ਕਾਜ।
ਵੜੈ ਮੁਲਤਾਨੈ ਆਈ ਸੁੋ, ਪੁਤ ਖਾਨੁ ਸ਼ਾਹ ਨਵਾਜ਼॥੫੩॥
ਚੌਪਈ- ਤਬ ਤੁਰਕਨ ਅਪਨੀ ਪੜ ਗਈ, ਮੀਰ ਮੰਨੂੰ ਨੇ ਫੌਜ ਸਦ ਲਈ।
ਤਬ ਕੌੜਾ ਮਲ ਬਾਤ ਬਨਾਈ, ਸਿੰਘਨ ਲਈਏ ਸਾਥ ਰਲਾਈ॥੫੪॥
ਦੀਨਾ ਬੇਗ ਭੀ ਸ਼ਾਹਦੀ ਪੂਰੀ, ਮੀਰ ਮੰਨੂੰ ਕੇ ਗਿਣੀ ਹਜੂਰੀ।
ਮੀਰ ਮੰਨੂੰ ਤੇ ਲਯੋ ਕਹਾਇ, ਕੌੜਾ ਮੱਲ ਸਿੰਘ ਲਏ ਚੜ੍ਹਾਇ॥੫੫॥
ਮਾਝੋ ਪੱਟੀ ਸੰਗ ਲਏ ਰਲਾਈ, ਆਧੀ ਸਿੰਘਨ ਲਿੱਖ ਦੁਆਈ।
ਬਾਰਾਂ ਪਿੰਡ ਜੋ ਗੁਰ ਚਕ ਵਾਲੇ, ਲਿਖਾਇ ਦੀਏ ਰਾਮ ਰੌਣੀ ਨਾਲੇ॥੫੬॥[੩]

ਇਸ ਤੋਂ ਬਾਅਦ ਮੀਰ ਮੰਨੂੰ ਨੇ ਕੌੜਾ ਮੱਲ ਰਾਹੀਂ ਸਿੱਖਾਂ ਤੋਂ ਮਦਦ ਵੀ ਮੰਗੀ। ਸਿੱਖ ਮੰਨ ਗਏ ਅਤੇ ਉਸ ਦੀ ਮਦਦ ਲਈ ਚਲ ਪਏ। ਪਰ ਸਰਦਾਰ ਜੱਸਾ ਸਿੰਘ ਬਿਮਾਰ ਸੀ, ਇਸ ਲਈ ਉਨ੍ਹਾਂ ਨੂੰ ਗੜ੍ਹੀ ਸੰਭਾਲ ਖ਼ਾਲਸਾ ਦਲ ਚਲਾ ਗਿਆ।

ਜੱਸਾ ਸਿੰਘ ਤਰਖਾਨ ਬਿਮਾਰੈਂ।
ਥਾ ਤਬ ਛੋਡਯੋ ਕਿਲੇ ਮਝਾਰੈਂ।[੪]

ਨਵਾਂ ਰੂਪ ਰਾਮਗੜ੍ਹ

ਸਰਦਾਰ ਜੱਸਾ ਸਿੰਘ ਨੇ ਰਾਮਰੌਣੀ ਨੂੰ ਹੋਰ ਪੱਕਿਆਂ ਕਰ, ਰਾਮਗੜ੍ਹ ਬਣਾ ਦਿੱਤਾ। ਖ਼ਾਲਸਾ ਦਲ ਨੇ ਸਰਦਾਰ ਜੱਸਾ ਸਿੰਘ ਨੂੰ, ਉਸ ਦੀ ਅਦੁੱਤੀ ਸੇਵਾ ਬਦਲੇ ਇਹ ਕਿਲ੍ਹਾ ਸੰਭਾਲ ਦਿੱਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਮ ਨਾਲ ਮਸ਼ਹੂਰ ਹੋਇਆ। ਹੌਲੀ-ਹੌਲੀ ਇਹ ਨਾਮ ਉਨ੍ਹਾਂ ਦੇ ਸਾਥੀਆਂ ਨਾਲ ਵੀ ਹਮੇਸ਼ਾ ਲਈ ਜੁੜ ਗਿਆ।[੫]

ਕਿਲਾ ਰਾਮਗੜ ਇਨੀਕੋ ਬਖਸ਼ ਪੰਥ ਨੇ ਦੀਨ।
ਨਾਮ ਰਾਮਗੜੀਏ ਭਯੋ ਇਸੀ ਹੇਤ ਤੈ ਚੀਨ।[੬]

ਰਾਮਗੜ੍ਹ 'ਤੇ ਦੂਜਾ ਹਮਲਾ ਅਤੇ ਢਾਹ ਦੇਣਾ

ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਸਿੱਖਾਂ ਦਾ ਇੱਕੋ ਇਕ ਮਿੱਤਰ ਦੀਵਾਨ ਕੌੜਾ ਮੱਲ ਸ਼ਹੀਦ ਹੋ ਗਿਆ ਤਾਂ ਮੀਰ ਮੰਨੂੰ ਫਿਰ ਸਿੱਖਾਂ ਨਾਲ ਵਿਗਾੜ ਬੈਠਾ। ਉਸ ਨੇ ਰਾਮਗੜ੍ਹ ਦੀ ਜਗੀਰ ਵੀ ਜ਼ਬਤ ਕਰ ਲਈ ਅਤੇ ਮੁੜ ਸਿੱਖਾਂ ਨੂੰ ਮੂਲੋਂ ਮਿਟਾਉਣ ਲਈ ਜ਼ੋਰ ਲਗਾਉਣ ਲੱਗਾ। ਉਸ ਦੀਆਂ ਅੱਖਾਂ ਵਿਚ ਰਾਮਗੜ੍ਹ ਹਮੇਸ਼ਾ

ਰੜਕਦਾ ਸੀ, ਸੋ ਉਸ ਨੇ ਸਰਕਾਰੀ ਫ਼ੌਜਾਂ ਨੂੰ ਕਿਲ੍ਹੇ ਨੂੰ ਘੇਰਨ ਦਾ ਹੁਕਮ ਦਿੱਤਾ। ਉਸ ਸਮੇਂ ਕਿਲ੍ਹੇ ਵਿਚ ਸਰਦਾਰ ਜੱਸਾ ਸਿੰਘ ਦੀ ਕਮਾਨ ਹੇਠ ਕੇਵਲ ਨੌਂ ਸੌ ਸਿੱਖ ਸਨ, ਪਰ ਬਾਹਰ ਦੁਸ਼ਮਣ ਦੀ ਫ਼ੌਜ ਵੱਡੀ ਗਿਣਤੀ ਵਿਚ ਸੀ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਡਟ ਕੇ ਮੁਕਾਬਲਾ ਕੀਤਾ, ਪਰ ਵੱਡੀ ਗਿਣਤੀ ਸਾਹਮਣੇ ਪੇਸ਼ ਨਾ ਗਈ। ਲੰਮੇ ਸਮੇਂ ਡਟੇ ਰਹਿਣਾ ਮੁਸ਼ਕਲ ਸੀ, ਸੋ ਸਰਦਾਰ ਜੱਸਾ ਸਿੰਘ ਸਿੱਖਾਂ ਸਮੇਤ ਬਾਹਰ ਨਿਕਲ ਵੱਢ-ਟੁੱਕ ਕਰਦੇ ਦੂਰ ਨਿਕਲ ਗਏ। ਸ਼ਾਹੀ ਫ਼ੌਜ ਨੇ ਰਾਮਗੜ੍ਹ 'ਤੇ ਕਬਜ਼ਾ ਕਰ, ਇਸ ਨੂੰ ਢਹਿ-ਢੇਰੀ ਕਰ ਦਿੱਤਾ।[੭]

ਰਾਮਗੜ੍ਹ ਦੀ ਮੁੜ ਉਸਾਰੀ

ਜਿਉਂ ਹੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਮੀਰ ਮੰਨੂੰ ਦੇ ਮਰਨ ਦੀ ਖ਼ਬਰ ਮਿਲੀ, ਤਾਂ ਉਹ ਸ੍ਰੀ ਅੰਮ੍ਰਿਤਸਰ ਪਹੁੰਚ ਗਏ ਅਤੇ ਮੁੜ ਰਾਮਗੜ੍ਹ ਦੇ ਕਿਲ੍ਹੇ ਨੂੰ ਹੋਰ ਮਜ਼ਬੂਤ ਬਣਾ ਲਿਆ।[੮] ਪੰਜਾਬ ਦਾ ਪ੍ਰਸ਼ਾਸਨ ਨਕਾਰਾ ਹੋ ਚੁੱਕਾ ਸੀ, ਸੋ ਖ਼ਾਲਸਾ ਦਲ ਨੇ ਪੰਜਾਬ ਦੀ ਵਿਵਸਥਾ ਸੁਧਾਰਨ ਲਈ ਰਾਖੀ ਪ੍ਰਬੰਧ ਚਾਲੂ ਕੀਤਾ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਰਾਮਗੜ੍ਹ ਨੂੰ ਕੇਂਦਰ ਬਣਾ ਕੇ, ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਉੱਤਰੀ ਇਲਾਕਿਆਂ ਦੀ ਰਾਖੀ ਸੰਭਾਲੀ।

ਰਾਮਗੜ੍ਹ 'ਤੇ ਤੀਜਾ ਹਮਲਾ ਅਤੇ ਢਾਹ ਦੇਣਾ

ਪਰ ਇੱਕ ਵਾਰ ਫਿਰ ਅਹਿਮਦ ਸ਼ਾਹ ਅਬਦਾਲੀ ਨੇ ਹਮਲਾ ਕਰ ਦਿੱਤਾ, ਉਸ ਨੇ ਪਹਿਲਾਂ ਦਿੱਲੀ ਲੁੱਟੀ, ਫੇਰ ਪੰਜਾਬ 'ਤੇ ਕਬਜ਼ਾ ਕਰ ਕੇ, ਆਪਣੇ ਪੁੱਤਰ ਤੈਮੂਰ ਖ਼ਾਨ ਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ। ਤੈਮੂਰ ਨੇ ਵੀ ਮੀਰ ਮੰਨੂੰ ਵਾਂਗ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਕਤਲਾਮ ਅਰੰਭ ਕਰ ਦਿੱਤਾ। ੧੭੫੭ ਈ. ਵਿਚ ਤੈਮੂਰ ਦੀਆਂ ਫ਼ੌਜਾਂ ਨੇ ਰਾਮਗੜ੍ਹ ਦੇ ਕਿਲ੍ਹੇ ਨੂੰ ਢਾਹ ਦਿੱਤਾ।[੯]

ਪਰ ਛੇਤੀ ਹੀ ਅਦੀਨਾ ਬੇਗ ਨੇ ਖ਼ਾਲਸਾ ਦਲ ਅਤੇ ਮਰਹੱਟਿਆਂ ਦੀ ਮਦਦ ਨਾਲ ਤੈਮੂਰ ਖ਼ਾਨ ਨੂੰ ਪੰਜਾਬ ਵਿੱਚੋਂ ਭਜਾ ਦਿੱਤਾ ਅਤੇ ਪੰਜਾਬ ਦਾ ਸੂਬੇਦਾਰ ਬਣ ਗਿਆ। ਇਸ ਸਮੇਂ ਵਿਚ ਸਿੱਖਾਂ ਨੂੰ ਕੁਝ ਰਾਹਤ ਮਿਲੀ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਫਿਰ ਤੋਂ ਰਾਮਗੜ੍ਹ ਉਸਾਰ ਲਿਆ।[੧੦]

ਰਾਮਗੜ੍ਹ 'ਤੇ ਚੌਥਾ ਹਮਲਾ ਅਤੇ ਢਾਹ ਦੇਣਾ

ਕੁਝ ਸਮੇਂ ਬਾਅਦ ਅਦੀਨਾ ਬੇਗ ਨੇ ਅੱਖਾਂ ਫੇਰ ਲਈਆਂ, ਕਿਉਂਕਿ ਉਹ ਜਾਣਦਾ ਸੀ ਕਿ ਖ਼ਾਲਸਾ ਹੁਣ ਛੇਤੀ ਹੀ ਪੰਜਾਬ ਦਾ ਮਾਲਕ ਬਣ ਜਾਵੇਗਾ। ਉਸ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਕਬਜ਼ੇ ਵਾਲੇ ਸਾਰੇ ਇਲਾਕੇ ਖੋਹ ਲਏ। ਫਿਰ ਮੀਰ ਅਜ਼ੀਜ਼ ਬਖ਼ਸ਼ੀ ਨੂੰ ਫ਼ੌਜ ਦੇ ਕੇ ਸਿੱਖਾਂ ਨੂੰ ਮਿਟਾਉਣ ਲਈ ਭੇਜਿਆ।

ਮੀਰ ਅਜ਼ੀਜ਼ ਬਖ਼ਸ਼ੀ ਨੇ ਵੱਡੀ ਫ਼ੌਜ ਨਾਲ ਰਾਮਗੜ੍ਹ ਨੂੰ ਘੇਰਾ ਪਾ ਲਿਆ। ਕਿਲ੍ਹਾ ਰਾਮਗੜ੍ਹ ਅੰਦਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਉਨ੍ਹਾਂ ਦਾ ਮਿੱਤਰ ਸ. ਜੈ ਸਿੰਘ

ਕਨ੍ਹਈਆ ਥੋੜ੍ਹੇ ਜਿਹੇ ਸਿੰਘਾਂ ਨਾਲ ਸਨ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੇ ਸ. ਜੈ ਸਿੰਘ ਕਨ੍ਹਈਆ ਬਾਹਰ ਨਿਕਲ ਕੇ ਬੰਦੂਕਾਂ ਅਤੇ ਤੀਰਾਂ ਨਾਲ ਵੈਰੀ ਦੀ ਵੱਢ-ਟੁੱਕ ਕਰ ਕੇ ਅੰਦਰ ਆ ਜਾਂਦੇ। ਵੈਰੀ ਬਥੇਰਾ ਜ਼ੋਰ ਲਾਉਂਦੇ, ਪਰ ਉਨ੍ਹਾਂ ਦੀ ਧੂੜ ਨੂੰ ਵੀ ਪੁੱਜ ਨਾ ਸਕੇ। ਅੰਤ ਇੱਕ ਰਾਤ ਮੀਰ ਅਜ਼ੀਜ਼ ਬਖ਼ਸ਼ੀ ਬਰੂਦ ਨਾਲ ਕੰਧ ਵਿਚ ਮੋਰਾ ਕਰਨ ਵਿਚ ਸਫ਼ਲ ਹੋ ਗਿਆ। ਹੁਣ ਸਿੱਖਾਂ ਦਾ ਅੰਦਰ ਡਟੇ ਰਹਿਣਾ ਮੁਸ਼ਕਲ ਹੋ ਗਿਆ, ਉਹ ਫਿਰ ਹੱਲਾ ਕਰ ਕੇ ਚੀਰਦੇ ਹੋਏ ਹਰਨ ਹੋ ਗਏ।[੧੧] ਮੀਰ ਅਜ਼ੀਜ਼ ਬਖ਼ਸ਼ੀ ਨੇ ਕਿਲ੍ਹੇ 'ਤੇ ਕਬਜ਼ਾ ਕਰ ਕੇ ਇਸ ਨੂੰ ਧਰਤੀ ਨਾਲ ਮਿਲਾ ਦਿੱਤਾ।

ਰਾਮਗੜ੍ਹ ਦੀ ਮੁੜ ਉਸਾਰੀ

੧੭੫੮ ਈ. ਵਿਚ ਪੰਜਾਬ ਦਾ ਸੂਬੇਦਾਰ ਅਦੀਨਾ ਬੇਗ ਮਰ ਗਿਆ। ਸਰਦਾਰ ਜੱਸਾ ਸਿੰਘ ਨੇ ਮੌਕਾ ਮਿਲਦਿਆਂ ਆਪਣੇ ਪਹਿਲੇ ਕਬਜ਼ੇ ਵਾਲੇ ਸਾਰੇ ਇਲਾਕੇ ਜਿੱਤ ਲਏ। ਸਰਦਾਰ ਜੱਸਾ ਸਿੰਘ ਨੇ ਇੱਕ ਵਾਰ ਫੇਰ ਰਾਮਗੜ੍ਹ ਦਾ ਕਿਲ੍ਹਾ ਉਸਾਰ ਲਿਆ। ਇਸ ਤਰ੍ਹਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਸਿਰੜ ਅਤੇ ਬਹਾਦਰੀ ਨਾਲ ਕਿਲ੍ਹਾ ਰਾਮਗੜ੍ਹ ਨੂੰ ਕਾਇਮ ਰੱਖਿਆ। ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਕਿਲ੍ਹਾ ਰਾਮਗੜ੍ਹ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਅਜਿੱਤ ਹੌਸਲੇ ਦਾ ਪ੍ਰਤੀਕ ਸੀ।

ਹਵਾਲੇ :

੧. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ,੧੯੯੪, ਪੰਨਾ ੪੧੧,੪੧੨.

੨. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ,੧੯੯੪, ਪੰਨਾ ੪੧੫.

੩. ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ,੧੯੯੪, ਪੰਨਾ ੪੧੫.

੪. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ੧੯੮੭, ਪੰਨਾ ੮੦੪.

੫. ਪ੍ਰਿਥੀਪਾਲ ਸਿੰਘ ਕਪੂਰ, *ਜੱਸਾ ਸਿੰਘ ਆਹਲੂਵਾਲੀਆ,* ਸਿੰਘ ਬ੍ਰਦਰਜ਼,ਅੰਮ੍ਰਿਤਸਰ, ੧੯੭੭, ਪੰਨਾ ੪੮.

੬. ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਭਾਸ਼ਾ ਵਿਭਾਗ, ਪੰਜਾਬ, ੧੯੮੭, ਪੰਨਾ ੧੧੭੪.

੭. ਪ੍ਰਿਥੀਪਾਲ ਸਿੰਘ ਕਪੂਰ, *ਜੱਸਾ ਸਿੰਘ ਆਹਲੂਵਾਲੀਆ,* ਪੰਨਾ ੫੩, ਗੰਡਾ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਪੰਨਾ .

੮. History of The Sikhs, vol. II, Hari Ram Gupta, Munshiram Manoharlal pub., 2014, ਪੰਨਾ ੧੨੫

੯. ਪ੍ਰਿਥੀਪਾਲ ਸਿੰਘ ਕਪੂਰ, *ਜੱਸਾ ਸਿੰਘ ਆਹਲੂਵਾਲੀਆ,* ਪੰਨਾ ੫੬, ਖ਼ੁਸ਼ਵਕਤ ਰਾਏ, *ਤਾਰੀਖ਼-ਇ-ਸਿੱਖਾਂ,* ਪੰਨਾ ੬੭.

੧੦. A History of The Sikh Misals, bhagat singh, publication bureau punjabi university Patiala, ਪੰਨਾ ੧੨੨.

੧੧. ਪ੍ਰਿੰ. ਤੇਜਾ ਸਿੰਘ, ਡਾ. ਗੰਡਾ ਸਿੰਘ, *ਸਿੱਖ ਇਤਿਹਾਸ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੪, ਪੰਨਾ ੧੮੪.

ਗੁਰਮਤਿ ਪਰਿਪੇਖ ਅਨੁਸਾਰ ਅਧਿਆਪਕ ਦੀ ਭੂਮਿਕਾ
(ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਦੇ ਸੰਦਰਭ ਵਿਚ)

*-ਸ. ਅਕਾਸ਼ਬੀਰ ਸਿੰਘ**

ਸੰਸਾਰ ਵਿਚ ਵਿਚਰਦਿਆਂ ਅਸੀਂ ਜੋ ਕੁਝ ਵੀ ਵੇਖਦੇ ਹਾਂ, ਉਹ ਇੱਕ ਤਰਤੀਬ ਵਿਚ ਵਾਪਰ ਰਿਹਾ ਹੈ। ਸਭ ਕੁਝ ਆਪਣੀ ਜਗ੍ਹਾ 'ਤੇ ਆਪਣੇ ਸਮੇਂ ਮੁਤਾਬਿਕ ਹੋ ਰਿਹਾ ਹੈ। ਹਰ ਇੱਕ ਨੂੰ ਕੋਈ ਨਾ ਕੋਈ ਜ਼ਿੰਮੇਵਾਰੀ ਮਿਲੀ ਹੋਈ ਹੈ। ਭਾਵੇਂ ਉਹ ਇੱਕ ਹਸਪਤਾਲ ਵਿਚਲਾ ਡਾਕਟਰ ਹੋਵੇ, ਤੇ ਕਾਨੂੰਨ ਦੀ ਰਾਖੀ ਕਰਨ ਵਾਲਾ ਪੁਲਿਸ ਅਫ਼ਸਰ, ਸਾਰੇ ਆਪੋ-ਆਪਣੀ ਜ਼ਿੰਮੇਵਾਰੀ ਨੂੰ ਨਿਭਾਈ ਜਾ ਰਹੇ ਹਨ। ਇਨ੍ਹਾਂ ਨੂੰ ਸਿਰਜਣ ਵਿਚ ਇੱਕ ਇਨਸਾਨ ਦਾ ਹੱਥ ਹੁੰਦਾ ਹੈ, ਉਹ ਹੈ ਅਧਿਆਪਕ। ਅਧਿਆਪਕ ਹੀ ਹੁੰਦਾ ਹੈ ਜੋ ਸਮਾਜ ਵਿਚਲੇ ਸਾਰੇ ਮੁਆਮਲਾਤ ਨੂੰ ਸੰਭਾਲਣ ਵਾਲੇ ਪੈਦਾ ਕਰਦਾ ਹੈ। ਉਹ ਛੋਟੇ ਬੱਚੇ ਤੋਂ ਲੈ ਕੇ ਵੱਡੇ ਅਫ਼ਸਰਾਂ ਅੰਦਰ ਉਹ ਗੁਣ ਭਰਦਾ ਹੈ, ਜਿਸ ਨਾਲ ਪੂਰਾ ਸਮਾਜ ਨਿਯੰਤਰਣ ਹੋਣਾ ਹੁੰਦਾ ਹੈ। ਅਧਿਆਪਕ ਸਮਾਜ ਦਾ ਸਿਰਜਕ ਹੁੰਦਾ ਹੈ। ਕਿਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿਚਲਾ ਅਧਿਆਪਕ ਆਉਣ ਵਾਲਾ ਕੱਲ੍ਹ ਸਿਰਜਣ ਦੇ ਸਮਰੱਥ ਹੁੰਦਾ ਹੈ। ਅੱਜ ਦੇ ਅਤਿ-ਆਧੁਨਿਕ ਸਮੇਂ ਵਿਚ ਭਾਵੇਂ ਅਧਿਆਪਕ ਸ਼ਬਦ ਦੇ ਅਰਥ ਥੋੜ੍ਹੇ ਬਦਲੇ ਹਨ, ਪਰ ਇਸ ਸ਼ਬਦ ਦੇ ਬੁਨਿਆਦੀ ਭਾਵ ਓਹੀ ਪੁਰਾਤਨ 'ਗੁਰੂ' ਸ਼ਬਦ ਵਾਲੇ ਹੀ ਹਨ। ਮੁੱਢ ਕਦੀਮ ਤੋਂ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਚਲਿਆ ਆ ਰਿਹਾ ਹੈ। ਭਾਵੇਂ ਦੁਨਿਆਵੀ ਮੰਜ਼ਿਲ ਦੀ ਗੱਲ ਹੋਵੇ ਤੇ ਭਾਵੇਂ ਹਕੀਕੀ ਮੰਜ਼ਿਲ ਦੀ, ਹਰ ਰਾਹ ਗੁਰੂ ਜ਼ਰੀਏ ਹੀ ਖੁੱਲ੍ਹਦਾ ਰਿਹਾ ਹੈ।

ਗੁਰੂਕੁਲਾਂ ਤੋਂ ਲੈ ਕੇ ਪਾਠਸ਼ਾਲਾਵਾਂ ਤਕ ਦੇ ਸਫ਼ਰ ਦੌਰਾਨ ਭਾਵੇਂ ਬਹੁਤ ਕੁਝ ਬਦਲ ਗਿਆ ਹੈ, ਪਰ ਇੱਕ ਅਧਿਆਪਕ ਦਾ ਫ਼ਰਜ਼ ਅਤੇ ਉਸ ਦਾ ਉਦੇਸ਼ ਓਹੀ ਰਿਹਾ ਹੈ। ਉਹ ਉਦੇਸ਼ ਹੈ ਆਪਣੇ ਵਿਦਿਆਰਥੀਆਂ ਦੀ ਸਰਬ-ਪੱਖੀ ਸ਼ਖ਼ਸੀਅਤ ਦੀ ਉਸਾਰੀ ਕਰਨਾ। ਉਸ ਨੇ ਸਿਰਫ਼ ਬਾਹਰੀ ਤੌਰ 'ਤੇ ਵਿਚਰਨ ਵਾਲੇ ਅਹੁਦੇਦਾਰ ਹੀ ਨਹੀਂ ਪੈਦਾ ਕਰਨੇ ਹੁੰਦੇ, ਸਗੋਂ ਉਹ ਸੇਵਾਦਾਰ ਪੈਦਾ ਕਰਨੇ ਹੁੰਦੇ ਹਨ ਜਿਨ੍ਹਾਂ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਸਮਾਜ ਦੀ ਸਦਭਾਵਨਾ ਤੇ ਇਤਫ਼ਾਕ ਨੂੰ ਵੀ ਬਣਾਈ ਰੱਖਣਾ ਹੁੰਦਾ ਹੈ।

ਹਥਲੇ ਲੇਖ ਵਿਚ ਇਸੇ ਹੀ ਵਿਸ਼ੇ 'ਤੇ ਚਰਚਾ ਕਰਨ ਦਾ ਯਤਨ ਕੀਤਾ ਗਿਆ

**ਸਹਾਇਕ ਪ੍ਰੋਫ਼ੈਸਰ, ਸ.ਸ.ਸ.ਸ. ਕਾਲਜ ਆਫ਼ ਕਾਮਰਸ ਐਂਡ ਅਲਾਈਡ ਸਟੱਡੀਜ਼, ਸ੍ਰੀ ਅੰਮ੍ਰਿਤਸਰ। ਮੋ. ੮੦੫੪੨੧੪੪੩

ਹੈ। ਇੱਕ ਅਧਿਆਪਕ ਦੇ ਆਪਣੇ ਵਿਦਿਆਰਥੀਆਂ ਪ੍ਰਤੀ ਕੀ ਫ਼ਰਜ਼ ਹਨ ਅਤੇ ਇੱਕ ਅਧਿਆਪਕ, ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਵਿਚ ਕੀ ਭੂਮਿਕਾ ਨਿਭਾਅ ਸਕਦਾ ਹੈ।

ਅਧਿਆਪਕ ਦੀ ਪਰਿਭਾਸ਼ਾ

ਅਧਿਆਪਕ ਦੀ ਪਰਿਭਾਸ਼ਾ ਨੂੰ ਬਿਆਨ ਕਰਦਿਆਂ ਇੱਕ ਸੁਆਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਵਿੱਦਿਅਕ ਸੰਸਥਾ ਵਿਚ ਨੌਕਰੀ ਕਰ ਰਿਹਾ ਹਰ ਕੋਈ ਅਧਿਆਪਕ ਹੈ? ਜਾਂ ਸਿਰਫ਼ ਉਹੀ ਅਧਿਆਪਕ ਹੈ ਜੋ ਕਿਸੇ ਵਿੱਦਿਅਕ ਸੰਸਥਾ ਵਿਚ ਪੜ੍ਹਾ ਰਿਹਾ ਹੈ? ਇਨ੍ਹਾਂ ਸੁਆਲਾਂ ਦੇ ਜੁਆਬ ਜੇਕਰ ਗੁਰੂ ਸਾਹਿਬਾਨ ਦੀ ਪਾਵਨ ਬਾਣੀ ਵਿੱਚੋਂ ਲਈਏ ਤਾਂ ਗੁਰੂ ਨਾਨਕ ਸਾਹਿਬ ਜੀ ਦਖਣੀ ਓਅੰਕਾਰ ਬਾਣੀ ਵਿਚ ਬਖ਼ਸ਼ਿਸ਼ ਕਰਦੇ ਹਨ:

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੯)

ਭਾਵ ਅਧਿਆਪਕ ਉਹੀ ਸੱਚਾ ਹੈ ਜਿਹੜਾ ਆਪਣੇ ਵਿਦਿਆਰਥੀਆਂ ਨੂੰ 'ਸਤਿ ਨਾਮੁ' ਦਾ ਉਪਦੇਸ਼ ਦਿੰਦਾ ਹੈ। ਇਸ ਨਾਲ ਹੀ ਅਰਥ ਸਪੱਸ਼ਟ ਹੋ ਜਾਂਦੇ ਹਨ ਕਿ ਅਧਿਆਪਕ ਸਿਰਫ਼ ਇੱਕ ਅਹੁਦੇ 'ਤੇ ਨੌਕਰੀ ਕਰਨ ਵਾਲਾ ਮੁਲਾਜ਼ਮ ਨਹੀਂ ਬਲਕਿ ਇੱਕ ਉਹ ਘਾੜਾ ਹੈ ਜਿਸ ਨੇ ਅਨੇਕਾਂ ਕੱਚੇ ਦਿਮਾਗਾਂ ਨੂੰ ਆਪਣੇ ਗਿਆਨ ਦੀਆਂ ਠੋਕਾਂ ਨਾਲ ਘੜਨਾ ਹੁੰਦਾ ਹੈ।

ਪੁਸਤਕ 'ਜੀਵਨ ਬਦਲ ਗਏ' ਕ੍ਰਿਤ ਡਾ. ਮੋਹਨ ਸਿੰਘ ਵਿਚ ਜ਼ਿਕਰ ਹੈ- "ਅਧਿਆਪਕ ਨੇ ਚੇਤਨਾ ਦੀਆਂ ਸੁੱਤੀਆਂ ਕਲਾਂ ਨੂੰ ਜਗਾਉਣਾ ਹੁੰਦਾ ਹੈ ਤੇ ਇਸੇ ਲਈ ਉਸ ਦਾ ਕੰਮ ਡਾਢਾ ਔਖ ਤੇ ਬਰੀਕੀ ਵਾਲਾ ਹੈ। ਕੰਪਿਊਟਰ ਭਾਸ਼ਾ ਵਿਚ ਅਧਿਆਪਕ ਨੇ ਇਨਸਾਨੀ ਮਨ ਅਤੇ ਦਿਮਾਗ ਵਾਸਤੇ ਸੋਫਟਵੇਅਰ ਤਿਆਰ ਕਰ ਕੇ ਇਨਸਟਾਲ ਕਰਨੇ ਹੁੰਦੇ ਹਨ ਅਤੇ ਇਹ ਕਿਰਿਆ ਉਸ ਨੇ ਕਿਸੇ ਇਲੈਕਟ੍ਰਿਕ ਕ੍ਰੰਟ ਨਾਲ ਨਹੀਂ ਕਰਨੀ ਹੁੰਦੀ ਸਗੋਂ ਆਪਣੇ ਵਿਚਾਰਾਂ ਤੇ ਭਾਵਾਂ ਨੂੰ ਬੱਚੇ ਦੇ ਦਿਮਾਗ ਵਿਚ ਪ੍ਰਵੇਸ਼ ਕਰਨਾ ਕਰਾਉਣਾ ਹੁੰਦਾ ਹੈ।" (ਪੰਨਾ ੬੯)

ਅਧਿਆਪਕ ਕੋਈ ਡਿਊਟੀ ਨਹੀਂ ਬਲਕਿ ਇੱਕ ਜ਼ਿੰਮੇਵਾਰੀ ਹੈ। ਜੇਕਰ ਇਹ ਜ਼ਿੰਮੇਵਰੀ ਸਹੀ ਤਰੀਕੇ ਨਾਲ ਨਹੀਂ ਨਿਭਾਈ ਜਾਂਦੀ ਤਾਂ ਨਤੀਜੇ ਵਜੋਂ ਇੱਕ ਬਹੁਤ ਵੱਡਾ ਗ਼ੈਰ-ਜ਼ਿੰਮੇਵਾਰ ਵਫ਼ਦ ਪੈਦਾ ਹੋ ਸਕਦਾ ਹੈ ਜਿਹੜਾ ਆਉਣ ਵਾਲੇ ਸਮੇਂ ਦੌਰਾਨ ਸਮਾਜ ਅੰਦਰ ਅਰਾਜਕਤਾ ਫੈਲਾਏਗਾ । ਇਸ ਲਈ ਅਧਿਆਪਕ ਆਪਣੇ ਵਿਦਿਆਰਥੀ ਨੂੰ ਸਿਰਫ਼ ਪੜ੍ਹਾਉਂਦਾ ਹੀ ਨਹੀਂ ਬਲਕਿ ਚੰਗੇ ਗੁਣ ਵੀ ਭਰਦਾ ਹੈ। ਮਿਸਾਲ ਦੇ ਤੌਰ 'ਤੇ ਇਕ ਪੱਥਰ ਭਾਵੇਂ ਕਈ ਸਾਲ ਪਾਣੀ ਵਿਚ ਡੁੱਬਾ ਰਹੇ, ਪਹਾੜਾਂ

ਵਿਚ ਪਿਆ ਰਹੇ, ਉਸ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ। ਨਾ ਹੀ ਉਸ ਦੇ ਸੁਭਾਅ ਵਿਚ ਕੋਈ ਤਬਦੀਲੀ ਆਉਂਦੀ ਹੈ; ਪਰੰਤੂ ਉਹੀ ਪੱਥਰ ਜਦ ਇਕ ਬੁੱਤ-ਸਾਜ਼ ਦੇ ਹੱਥ ਆਉਂਦਾ ਹੈ ਤਾਂ ਉਹ ਉਸ ਪੱਥਰ ਨੂੰ ਤਰਾਸ਼ ਕੇ ਉਸ ਦੇ ਸੁਭਾਅ ਨੂੰ ਬਦਲ ਦਿੰਦਾ ਹੈ। ਉਸ ਦਾ ਮੁੱਲ ਵੀ ਵਧਾ ਦਿੰਦਾ ਹੈ। ਪੈਰਾਂ ਦੀਆਂ ਠੋਕਰਾਂ ਖਾਣ ਵਾਲਾ ਪੱਥਰ ਫਿਰ ਮਹਿੰਗੇ ਮੁੱਲ ਵਿਕਦਾ ਹੈ, ਤੇ ਲੋਕ-ਅਦਬ ਦਾ ਪਾਤਰ ਵੀ ਬਣਦਾ ਹੈ। ਠੀਕ ਏਸੇ ਤਰ੍ਹਾਂ ਇਕ ਅਧਿਆਪਕ ਉਹ ਘਾੜਾ ਬਣ ਕੇ ਸਾਹਮਣੇ ਆਉਂਦਾ ਹੈ ਜਿਹੜਾ ਪੱਥਰ ਵਰਗੇ ਅੰਞਾਣੇ ਦਿਮਾਗਾਂ ਨੂੰ ਤਰਾਸ਼ ਕੇ ਸਿਆਣਪ ਨਾਲ ਲਬਾ-ਲਬ ਕਰ ਦਿੰਦਾ ਹੈ।

ਵਿਦਿਆਰਥੀ ਕੌਣ ਹੁੰਦਾ ਹੈ?

ਇਹ ਜਾਣਨਾ ਵੀ ਬਹੁਤ ਜ਼ਰੂਰੀ ਹੈ ਕਿ ਵਿਦਿਆਰਥੀ ਦੀ ਕੀ ਪਰਿਭਾਸ਼ਾ ਹੈ? ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ 'ਮਹਾਨ ਕੋਸ਼' ਵਿਚ 'ਵਿਦਿਆਰਥੀ' ਸ਼ਬਦ ਦੇ ਅਰਥ ਹਨ- 'ਵਿਦਯਾ ਚਾਹੁਣ ਵਾਲਾ', ਭਾਵ ਉਹ, ਜਿਹੜਾ ਵਿੱਦਿਆ ਦਾ ਤਲਬਦਾਰ ਹੋਵੇ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇੱਕ ਰੁਬਾਈ ਵਿਚ ਸਿੱਖਣ ਦੀ ਚਾਹਤ ਦਾ ਹਵਾਲਾ ਬੜੇ ਸੁਹਜ ਢੰਗ ਨਾਲ ਦਿੰਦੇ ਹਨ। ਉਹ ਘੜੇ ਤੇ ਚੱਪਣੀ ਦੀ ਆਪਸੀ ਵਾਰਤਾਲਾਪ ਰਾਹੀਂ ਬਿਆਨ ਕਰਦੇ ਹਨ ਕਿ ਇਕ ਵਾਰ ਚੱਪਣੀ ਘੜੇ ਨੂੰ ਸੁਆਲ ਕਰਦੀ ਹੈ ਕਿ ਤੁਹਾਡੇ ਕੋਲ ਜੋ ਵੀ ਖਾਲੀ ਭਾਂਡਾ ਆਉਂਦਾ ਹੈ ਤੁਸੀਂ ਉਸ ਨੂੰ ਭਰ ਕੇ ਤੋਰਦੇ ਹੋ। ਮੈਂ ਏਨੇ ਚਿਰ ਦੀ ਤੁਹਾਡੇ ਨਾਲ ਹਾਂ, ਪਰ ਮੈਨੂੰ ਅਜੇ ਤਕ ਇੱਕ ਕਤਰਾ ਵੀ ਨਹੀਂ ਨਸੀਬ ਹੋਇਆ। ਘੜਾ ਅੱਗੋਂ ਜਵਾਬ ਦਿੰਦਾ ਹੈ ਕਿ ਜਿਹੜੇ ਨਿਓਂ ਕੇ ਆਉਂਦੇ ਹਨ, ਮੈਂ ਉਨ੍ਹਾਂ ਸਭਨਾਂ ਨੂੰ ਪਾਣੀ ਨਾਲ ਭਰ ਕੇ ਤੋਰਦਾ ਹਾਂ। ਪਰ ਸਿਰ ਚੜ੍ਹ ਕੇ ਬਹਿਣ ਵਾਲਿਆਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ:

ਚੱਪਣੀ ਬੋਲੀ ਘੜੇ ਤਾਈਂ, ਤੁਸੀਂ ਪਾਣੀ ਵੰਡਦੇ ਜਾਂਦੇ।
ਜੋ ਆਉਂਦੇ ਨੇ ਖਾਲੀ-ਖਾਲੀ, ਭਰ-ਭਰ ਪਏ ਨੇ ਜਾਂਦੇ।
ਮੈਂ ਰਹਿੰਦੀ ਹਾਂ ਸੰਗ ਤੁਹਾਡੇ, ਪਰ ਸੱਖਣੀ ਹੀ ਰਹਿੰਦੀ।
ਸਿਰ ਚੜ੍ਹ ਬਹਿਣ ਨਾ ਮਿਲਦਾ ਕਤਰਾ, ਜੋ ਨਿੰਵਦੇ ਭਰ ਜਾਂਦੇ।

ਸਿੱਖਣ ਲਈ ਝੁਕਣਾ ਜ਼ਰੂਰੀ ਹੁੰਦਾ ਹੈ। ਉਹੀ ਵਿਦਿਆਰਥੀ ਸਫ਼ਲ ਹੁੰਦਾ ਹੈ ਜਿਹੜਾ ਹਰ ਵੇਲੇ ਕੁਝ ਨਾ ਕੁਝ ਸਿੱਖਣ ਦੀ ਚਾਹਤ ਰੱਖਦਾ ਹੋਵੇ। ਜੇਕਰ ਅੱਜ ਦੇ ਸਮੇਂ ਦੀ ਅਸਲ ਤਸਵੀਰ ਨੂੰ ਵਾਚੀਏ ਤਾਂ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਅੱਜ ਦੇ ਵਿਦਿਆਰਥੀ ਅਧਿਆਪਕ ਦੀਆਂ ਗੱਲਾਂ ਨੂੰ ਨਜ਼ਰਅੰਦਾਜ਼ ਕਰਨ ਲੱਗ ਗਏ ਹਨ। ਸਿੱਖਣ ਦੀ ਚਾਹਤ ਛੱਡ, ਅੱਜ ਬਹੁਤੇ ਵਿਦਿਆਰਥੀ ਸਿਰਫ਼ ਆਪਣੀ ਹਾਜ਼ਰੀ ਪੂਰੀ ਕਰਨ ਲਈ ਹੀ ਜਮਾਤ ਵਿਚ ਬੈਠਦੇ ਹਨ। ਕਾਲਜਾਂ, ਯੂਨੀਵਰਸਿਟੀਆਂ ਦੇ ਅਰਥ ਬਦਲ ਗਏ ਹਨ। ਪਰ ਦੂਜੇ ਪਾਸੇ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਵਿਦਿਆਰਥੀਆਂ ਵਿਚ ਆਈ ਇਸ ਗਿਰਾਵਟ ਦੇ ਜ਼ਿੰਮੇਵਾਰ

ਕਿਤੇ ਨਾ ਕਿਤੇ ਅਧਿਆਪਕ ਵੀ ਹਨ। ਹਾਲਾਂਕਿ ਵਿਦਿਆਰਥੀਆਂ ਦੇ ਵੀ ਕੁਝ ਫ਼ਰਜ਼ ਹਨ ਜਿਹੜੇ ਨਿਭਾਏ ਜਾਣ 'ਤੇ ਹੀ ਕੋਈ ਸਹੀ ਅਰਥਾਂ ਵਿਚ ਵਿਦਿਆਰਥੀ ਕਹਾਉਣ ਦੇ ਲਾਇਕ ਬਣਦਾ ਹੈ।

ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਦੀ ਲੋੜ

ਜਿਹੜਾ ਬਦਲਾਅ ਵਿਦਿਆਰਥੀ ਸ਼ਬਦ ਦੇ ਅਰਥਾਂ ਵਿਚ ਆਇਆ ਹੈ ਉਸ ਨੂੰ ਗਹਿਰਾਈ ਨਾਲ ਲੈਂਦਿਆਂ ਅੱਜ ਉਚੇਚਾ ਧਿਆਨ ਦੇਣ ਦੀ ਲੋੜ ਹੈ। ਵਿਦਿਆਰਥੀ ਉਹ ਵਰਗ ਹੁੰਦਾ ਹੈ ਜਿਹੜਾ ਆਉਣ ਵਾਲੇ ਸਮੇਂ ਦੀ ਤਰਜਮਾਨੀ ਕਰਦਾ ਹੈ। ਸਕੂਲਾਂ, ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਸੋਚ ਅਤੇ ਵਿਚਾਰ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਆਉਂਦੇ ਸਾਲਾਂ ਦੌਰਾਨ ਕੌਮ ਦੀ ਵਾਗਡੋਰ ਕਿਨ੍ਹਾਂ ਹੱਥ ਹੋਵੇਗੀ। ਵਿਦਿਆਰਥੀ ਵਰਗ ਵਿੱਚੋਂ ਹੀ ਚੰਗੇ ਵਿਦਵਾਨ ਉਪਜਦੇ ਹਨ। ਵਿਦਿਆਰਥੀ ਵਰਗ ਹੀ ਚੰਗੇ ਰਾਜਨੀਤਕ ਚਿਹਰੇ ਪੈਦਾ ਕਰਦਾ ਹੈ। ਇਕ ਵਿਦਿਆਰਥੀ ਪੜ੍ਹ ਕੇ ਡਾਕਟਰ ਬਣ ਸਕਦਾ ਹੈ, ਇੰਜੀਨੀਅਰ ਬਣ ਸਕਦਾ ਹੈ, ਉਦਯੋਗਪਤੀ ਬਣ ਸਕਦਾ ਹੈ, ਪ੍ਰੰਤੂ ਜੇਕਰ ਉਹ ਸਚਿਆਰ ਗੁਣਾਂ ਦਾ ਧਾਰਨੀ ਨਹੀਂ ਤਾਂ ਉਹ ਇਨ੍ਹਾਂ ਅਹੁਦਿਆਂ 'ਤੇ ਬੈਠ ਕੇ ਵੀ ਸਮਾਜਿਕ ਅਲਾਮਤਾਂ ਦਾ ਸ਼ਿਕਾਰ ਹੋ ਸਕਦਾ ਹੈ। ਇਕੱਲੀ ਵਿੱਦਿਆ ਨਾਲ ਕੇਵਲ ਨੌਕਰੀ ਲਈ ਜਾ ਸਕਦੀ ਹੈ, ਲਿਆਕਤ ਨਹੀਂ। ਗੁਰੂ ਨਾਨਕ ਸਾਹਿਬ ਜੀ ਬਖ਼ਸ਼ਿਸ਼ ਕਰਦੇ ਹਨ:

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)

ਭਾਵ ਉਹ ਇਨਸਾਨ ਪੜ੍ਹ-ਲਿਖ ਕੇ ਵੀ ਮੂਰਖ ਹੈ ਜਿਸ ਅੰਦਰੋਂ ਵਿਕਾਰ ਨਹੀਂ ਗਏ। ਵਿਦਿਆਰਥੀ ਨੂੰ ਗਿਆਨਵਾਨ ਹੋਣ ਦੇ ਨਾਲ-ਨਾਲ ਸ਼ੁਭ ਗੁਣਾਂ ਦੇ ਧਾਰਨੀ ਵੀ ਹੋਣਾ ਚਾਹੀਦਾ ਹੈ।

ਇਸ ਲਈ ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਦੀ ਗੱਲ ਕਰਨੀ ਤੇ ਉਸ ਦੇ ਸਰਬ-ਪੱਖੀ ਵਿਕਾਸ ਲਈ ਬਣਦੇ ਉਪਰਾਲੇ ਕਰਨੇ ਬੇਹੱਦ ਜ਼ਰੂਰੀ ਹਨ।

ਅਧਿਆਪਕ ਦੇ ਫ਼ਰਜ਼

ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਬਾਰੇ ਗੱਲ ਕਰਦਿਆਂ ਇਹ ਜਾਣਨਾ ਵੀ ਜਰੂਰੀ ਹੈ ਕਿ ਇਕ ਅਧਿਆਪਕ ਦੇ ਆਪਣੇ ਫ਼ਰਜ਼ ਕੀ ਹਨ? ਅੱਜ ਗਿਣਾਤਮਕ ਪੱਖੋਂ ਬਹੁਤ ਅਧਿਆਪਕ ਹਨ, ਪਰੰਤੂ ਗੁਣਾਤਮਕ ਪੱਖੋਂ ਵਿਰਲੇ-ਟਾਵੇਂ ਹੀ ਹਨ। ਇਕ ਸੁਚੱਜੇ ਅਧਿਆਪਕ ਦੇ ਫਰਜ਼ ਹੇਠ ਲਿਖੇ ਮੰਨੇ ਜਾ ਸਕਦੇ ਹਨ:

(ੳ) ਸਤੀ ਸੰਤੋਖੀ

ਅਧਿਆਪਕ ਸਤ ਤੇ ਸੰਤੋਖ ਵਰਗੇ ਗੁਣਾਂ ਨਾਲ ਭਰਿਆ ਹੋਣਾ ਚਾਹੀਦਾ ਹੈ। ਜੇਕਰ ਉਹ ਆਪ ਰਿਸ਼ਵਤਖੋਰ ਜਾਂ ਮਾਇਆ ਵਿਚ ਗ੍ਰਸਤ ਹੋਵੇਗਾ ਤਾਂ ਉਹ ਆਪਣੇ

ਵਿਦਿਆਰਥੀਆਂ ਨੂੰ ਸਹੀ ਮੱਤ ਨਹੀਂ ਦੇ ਸਕੇਗਾ। ਇਸ ਦੇ ਨਤੀਜੇ ਵੀ ਸਹੀ ਨਹੀਂ ਹੋਣਗੇ । ਇਸੇ ਤਰ੍ਹਾਂ ਜੇਕਰ ਅਧਿਆਪਕ ਆਪ ਸਤ ਤੇ ਸੰਤੋਖ ਨਾਲ ਭਰੀ ਹੋਈ ਸ਼ਖ਼ਸੀਅਤ ਹੋਵੇਗਾ ਤਾਂ ਉਹ ਆਪਣੇ ਵਿਦਿਆਰਥੀਆਂ ਅੰਦਰ ਵੀ ਉਹੀ ਗੁਣ ਭਰੇਗਾ ਤੇ ਜਦੋਂ ਉਸ ਦੇ ਪੜ੍ਹਾਏ ਵਿਦਿਆਰਥੀ ਵੱਖ-ਵੱਖ ਖੇਤਰਾਂ 'ਚ ਜਾਣਗੇ ਤਾਂ ਕਿਸੇ ਵੀ ਡਾਕਟਰ ਵੱਲੋਂ ਕਿਸੇ ਦੇ ਅੰਗਾਂ ਦੀ ਤਸਕਰੀ ਨਹੀਂ ਹੋਵੇਗੀ। ਕੋਈ ਇੰਜੀਨੀਅਰ ਮਾੜੀਆਂ ਇਮਾਰਤਾਂ ਨਹੀਂ ਬਣਾਏਗਾ। ਕੋਈ ਅਧਿਕਾਰੀ ਆਪਣੀ ਕੁਰਸੀ ਦਾ ਗ਼ਲਤ ਫਾਇਦਾ ਨਹੀਂ ਉਠਾਏਗਾ। ਸਾਰੇ ਆਪੋ-ਆਪਣੇ ਖੇਤਰ ਵਿਚ ਚੰਗਾ ਚੌਗਿਰਦਾ ਹੀ ਸਿਰਜਣਗੇ।

(ਅ) ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੋਵੇ

ਕੇਵਲ ਕਿਤਾਬੀ ਗਿਆਨ ਨਹੀਂ, ਅਧਿਆਪਕ ਨੂੰ ਜ਼ਿੰਦਗੀ ਦੇ ਦਰਸ਼ਨ ਦਾ ਵੀ ਗਿਆਨ ਹੋਣਾ ਚਾਹੀਦਾ ਹੈ। ਅਧਿਆਪਕ ਨੇ ਜਮਾਤ ਵਿਚ ਕੇਵਲ ਪਾਠਕ੍ਰਮ ਹੀ ਪੂਰਾ ਨਹੀਂ ਕਰਨਾ ਹੁੰਦਾ ਬਲਕਿ ਉਸ ਵਿੱਚੋਂ ਜ਼ਿੰਦਗੀ ਜਿਊਣ ਦੇ ਨਜ਼ਰੀਏ ਨੂੰ ਨਿਤਾਰ ਕੇ ਵਿਦਿਆਰਥੀਆਂ ਸਾਹਮਣੇ ਰੱਖਣਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਇਕ ਅਧਿਆਪਕ ਜਦੋਂ ਕੋਈ ਕਵਿਤਾ ਜਮਾਤ ਵਿਚ ਪੜ੍ਹਾਏਗਾ ਤਾਂ ਉਹ ਉਸ ਕਵਿਤਾ ਦੇ ਸੁਆਲ-ਜੁਆਬਾਂ ਤਕ ਹੀ ਸੀਮਤ ਰਹੇਗਾ, ਜਦਕਿ ਇੱਕ ਉਸ ਕਵਿਤਾ ਨੂੰ ਜ਼ਿੰਦਗੀ ਨਾਲ ਜੋੜ ਕੇ ਵਿਦਿਆਰਥੀਆਂ ਨੂੰ ਸਮਝਾਏਗਾ। ਇਸ ਨਾਲ ਵਿਦਿਆਰਥੀ ਖ਼ੁਦ ਇਸ ਦਾ ਅਧਿਐਨ ਕਰਨ ਦੇ ਕਾਬਿਲ ਹੋਣਗੇ। ਠੀਕ ਇਸੇ ਤਰ੍ਹਾਂ ਅਧਿਆਪਕ ਨੇ ਵਿਦਿਆਰਥੀਆਂ ਨੂੰ ਪਾਠਕ੍ਰਮ ਵਿਚਲੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਦੇ ਨਾਲ-ਨਾਲ ਜ਼ਿੰਦਗੀ ਦੇ ਮਸਲਿਆਂ ਨਾਲ ਵੀ ਸੁਚੱਜੇ ਢੰਗ ਨਾਲ ਨਜਿੱਠਣ ਦੇ ਕਾਬਿਲ ਬਣਾਉਣਾ ਹੁੰਦਾ ਹੈ। ਉਸ ਦੀਆਂ ਗੱਲਾਂ ਵਿਚ, ਉਸ ਦੀ ਸ਼ਖ਼ਸੀਅਤ ਵਿਚ, ਇਹ ਗੁਣ ਝਲਕਣੇ ਚਾਹੀਦੇ ਹਨ ਕਿ ਜ਼ਿੰਦਗੀ ਪ੍ਰਤੀ ਉਸ ਦਾ ਆਪਣਾ ਨਜ਼ਰੀਆ ਕੀ ਹੈ।

(ਏ) ਸਚਿਆਰ ਗੁਣਾਂ ਦਾ ਧਾਰਨੀ ਹੋਵੇ

ਜਿੱਥੇ ਇੱਕ ਅਧਿਆਪਕ ਆਪਣੇ ਅਧਿਆਪਨ ਦੇ ਜ਼ਰੀਏ ਵਿਦਿਆਰਥੀ ਦੀ ਸ਼ਖ਼ਸੀਅਤ ਨੂੰ ਉਸਾਰਦਾ ਹੈ, ਉੱਥੇ ਉਸ ਦੀ ਆਪਣੀ ਸ਼ਖ਼ਸੀਅਤ ਵੀ ਬਹੁਤ ਵੱਡੀ ਛਾਪ ਛੱਡਦੀ ਹੈ। ਅਧਿਆਪਕ ਚੱਲਦਾ-ਫਿਰਦਾ ਗਿਆਨ ਦਾ ਭੰਡਾਰ ਹੁੰਦਾ ਹੈ। ਵਿਦਿਆਰਥੀਆਂ ਨੂੰ ਉਹ ਜੇਕਰ ਚੰਗੇ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਉਹ ਆਪ ਚੰਗੇ ਗੁਣਾਂ ਦਾ ਧਾਰਨੀ ਹੋਵੇ। ਇਕ ਅਧਿਆਪਕ ਜੇਕਰ ਆਪ ਕਿਸੇ ਅਮਲ ਔਗੁਣ ਵਿਚ ਗ੍ਰਸਤ ਹੈ ਤਾਂ ਉਹ ਵਿਦਿਆਰਥੀਆਂ ਨੂੰ ਉਨ੍ਹਾਂ ਚੀਜ਼ਾਂ ਤੋਂ ਬਚਣ ਦੀ ਪ੍ਰੇਰਨ ਨਹੀਂ ਦੇ ਸਕੇਗਾ।

(ਸ) ਵਿੱਦਿਆ ਦੇ ਅਸਲ ਮਾਇਨੇ ਪਤਾ ਹੋਣ

ਅਧਿਆਪਕ ਨੂੰ ਇਸ ਗੱਲ ਦਾ ਇਲਮ ਹੋਵੇ ਕਿ ਵਿੱਦਿਆ ਦਾ ਅਰਥ ਕੇਵਲ

ਪਾਠਕ੍ਰਮ ਦੀ ਪੂਰਤੀ ਨਹੀਂ, ਅਸਲ ਵਿੱਦਿਆ ਵਿਦਿਆਰਥੀ ਨੂੰ ਜ਼ਿੰਦਗੀ ਜਿਊਣ ਦਾ ਨਵਾਂ ਨਜ਼ਰੀਆ ਦਿੰਦੀ ਹੈ। ਅਸਲ ਵਿਦਿਆ ਪਰਉਪਕਾਰੀ ਬਣਾਉਂਦੀ ਹੈ. ਗੁਰੂ ਨਾਨਕ ਸਾਹਿਬ ਜੀ ਆਸਾ ਰਾਗ ਅੰਦਰ ਬਖ਼ਸ਼ਿਸ਼ ਕਰਦੇ ਹਨ:

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੬)*

ਭਾਵ ਜੋ ਮਨੁੱਖ ਦੂਜਿਆਂ ਦੀ ਭਲਾਈ ਕਰਨ ਵਾਲਾ ਹੋ ਗਿਆ, ਉਹੀ ਅਸਲ ਵਿਚ ਵਿੱਦਿਆ ਦਾ ਵਿਚਾਰਵਾਨ ਬਣਿਆ ਹੈ। ਕਾਰ ਦਾ ਅਰਥ ਹੁੰਦਾ ਹੈ ਆਪਣੇ ਲਈ ਕੋਈ ਕਿਰਤ ਜਾਂ ਕਾਰਜ ਕਰਨਾ। ਉਪਕਾਰ ਦਾ ਅਰਥ ਹੈ ਭਲਾਈ ਦਾ ਕੋਈ ਕੰਮ ਕਰਨਾ ਅਤੇ ਪਰਉਪਕਾਰ ਦਾ ਅਰਥ ਹੋ ਜਾਂਦਾ ਹੈ ਦੂਜਿਆਂ ਦੀ ਭਲਾਈ ਦਾ ਕੋਈ ਕੰਮ ਕਰਨਾ। ਇਹ ਪਰਉਪਕਾਰੀ ਬਿਰਤੀ ਤਾਂ ਹੀ ਆਏਗੀ ਜੇਕਰ ਉਸ ਨੂੰ ਵਿੱਦਿਆ ਦੇ ਅਸਲ ਮਾਇਨੇ ਦੱਸੇ ਜਾਣਗੇ। ਜਦੋਂ ਫਿਰ ਉਹ ਵਿਦਿਆਰਥੀ ਸਮਾਜ ਸੇਵਾ ਵਿਚ ਨਿੱਤਰਨਗੇ ਤਾਂ ਉਹ ਪਰਉਪਕਾਰੀ ਹੀ ਹੋਣਗੇ। ਉਹ ਆਪਣੇ ਹੱਥੀਂ ਕਿਸੇ ਦਾ ਵੀ ਬੁਰਾ ਨਹੀਂ ਹੋਣ ਦੇਣਗੇ ਚਾਹੇ ਉਹ ਕਿਸੇ ਵੀ ਕੁਰਸੀ 'ਤੇ ਬੈਠੇ ਹੋਣ।

(ਹ) ਨਿੱਜੀ ਜ਼ਿੰਦਗੀ ਪ੍ਰੇਰਨਾਮਈ ਹੋਵੇ

ਅਧਿਆਪਕ ਦੀ ਜ਼ਿੰਦਗੀ ਵਿਚ ਵਿਖਾਵਾ ਨਹੀਂ ਹੋਣਾ ਚਾਹੀਦਾ । ਉਹ ਉਹੀ ਗੱਲ ਰੱਖੇ ਜਿਸ 'ਤੇ ਉਹ ਆਪ ਪਹਿਰਾ ਦਿੰਦਾ ਹੋਵੇ। ਦੂਜੀ ਗੱਲ, ਉਹ ਨਿੱਜੀ ਜੀਵਨ ਵਿਚ ਵੀ ਅਨੁਸ਼ਾਸਿਤ ਹੋਵੇ, ਚੰਗੀਆਂ ਆਦਤਾਂ ਦਾ ਧਾਰਨੀ ਹੋਵੇ। ਗਾਹੇ-ਬਗਾਹੇ ਵਿਦਿਆਰਥੀ ਜਦੋਂ ਉਸ ਦੇ ਰੋਜ਼ਾਨਾ ਜੀਵਨ ਨੂੰ ਦੇਖਣ ਤਾਂ ਜ਼ਰੂਰ ਪ੍ਰਭਾਵਿਤ ਹੋਣ। ਅਧਿਆਪਕ ਕਥਨੀ ਕਰਨੀ ਦਾ ਪੂਰਾ ਮੰਨਿਆ ਜਾਵੇਗਾ। ਅੱਜ ਦੇ ਸਮੇਂ ਵਿਚ ਅਸੀਂ ਨਿੱਜੀ ਤੇ ਬਾਹਰੀ ਜ਼ਿੰਦਗੀ ਨੂੰ ਬੜਾ ਵੱਖਰਾ ਕਰ ਦਿੱਤਾ ਹੋਇਆ ਹੈ। ਮੰਚ 'ਤੇ ਹੋਣ ਵਾਲੀਆਂ ਗੱਲਾਂ ਮੰਚ ਤਕ ਹੀ ਰਹਿ ਗਈਆਂ ਹਨ। ਪਰ ਮੈਂ ਸਮਝਦਾ ਹਾਂ ਕਿ ਇੱਕ ਅਧਿਆਪਕ ਦੀ ਨਿੱਜੀ ਜ਼ਿੰਦਗੀ ਵੀ ਬਾਹਰੀ ਜ਼ਿੰਦਗੀ ਵਰਗੀ ਹੀ ਹੋਣੀ ਚਾਹੀਦੀ ਹੈ। ਉਹ ਜਮਾਤ ਵਿਚ ਪੜ੍ਹਾਉਂਦਿਆਂ ਵੀ ਓਨਾ ਹੀ ਗੁਣਵਾਨ ਹੋਵੇ ਜਿਨ੍ਹਾਂ ਨਿੱਜੀ ਜ਼ਿੰਦਗੀ ਵਿਚ ਹੈ।

(ਕ) ਨਿਰੰਤਰਤਾ ਜ਼ਰੂਰੀ

ਅਧਿਆਪਕ ਦੀ ਆਪਣੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਨਿਰੰਤਰਤਾ ਬਹੁਤ ਜ਼ਰੂਰੀ ਹੈ। ਜਿਵੇਂ ਇੱਕ ਪੌਦੇ ਨੂੰ ਵੱਡਾ ਕਰਨ ਲਈ ਰੋਜ਼ਾਨਾ ਪਾਣੀ ਪਾਉਣਾ ਹੁੰਦਾ ਹੈ, ਸਮੇਂ-ਸਮੇਂ 'ਤੇ ਗੋਡੀ ਕਰਨੀ ਹੁੰਦੀ ਹੈ, ਠੀਕ ਇਸੇ ਤਰ੍ਹਾਂ ਜਦੋਂ ਅਧਿਆਪਕ ਨਿਰੰਤਰਤਾ ਨਾਲ ਅਤੇ ਸੰਪੂਰਨ ਤਾਲਮੇਲ ਰੱਖ ਕੇ ਕੰਮ ਕਰਦਾ ਹੈ ਤਾਂ ਯਕੀਨਨ ਉਹ ਵਿਦਿਆਰਥੀਆਂ ਵਿੱਚੋਂ ਬਹੁਤ ਸਫ਼ਲ ਤੇ ਉਸਾਰੂ ਨਤੀਜੇ ਪ੍ਰਾਪਤ ਕਰ ਸਕਦਾ ਹੈ। ਅਧਿਆਪਕ ਇਹ ਖਿਆਲ ਰੱਖੇ ਕਿ ਉਸ ਦੇ ਵਿਦਿਆਰਥੀ ਕਿਹੜੇ ਦੌਰ 'ਚੋਂ ਗੁਜ਼ਰ ਰਹੇ ਹਨ। ਨਿੱਜੀ ਤਾਲਮੇਲ ਵੀ ਰੱਖਿਆ ਜਾ ਸਕਦਾ ਹੈ। ਇਸ ਨਾਲ

ਵਿਦਿਆਰਥੀਆਂ ਨਾਲ ਨੇੜ੍ਹਤਾ ਵੀ ਵਧੇਗੀ ਅਤੇ ਉਹ ਸਭ ਨੂੰ ਆਪਣੀ ਨਜ਼ਰ ਹੇਠ ਵੀ ਰੱਖ ਸਕੇਗਾ।

ਉਪਰੋਕਤ ਫ਼ਰਜ਼ਾਂ ਨੂੰ ਜੇਕਰ ਅਧਿਆਪਕ ਸਹੀ ਰੂਪ ਵਿਚ ਅਪਣਾਉਂਦਾ ਹੈ ਤਾਂ ਉਹ ਵਿੱਦਿਅਕ ਖੇਤਰ ਲਈ ਇਕ ਮੀਲ-ਪੱਥਰ ਸਬਿਤ ਹੋਵੇਗਾ। ਇੱਥੋਂ ਹੀ ਇਕ ਸਫ਼ਲ ਅਧਿਆਪਨ ਦੀ ਸ਼ੁਰੂਆਤ ਹੁੰਦੀ ਹੈ। ਜਿਹੜੇ ਵਿਸ਼ੇ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਬੜਾ ਸਹਿਜੇ ਹੀ ਪੂਰਾ ਕੀਤਾ ਜਾ ਸਕਦਾ ਹੈ।

ਅਧਿਆਪਕ ਦੀ ਸਮਰੱਥਾ

ਹੁਣ ਤਕ ਹੋਈ ਚਰਚਾ ਦੇ ਆਧਾਰ 'ਤੇ ਹੁਣ ਅਸੀਂ ਇਸ ਪਹਿਲੂ 'ਤੇ ਗੱਲ ਕਰਾਂਗੇ ਕਿ ਅਧਿਆਪਕ ਦੀ ਸਮਰੱਥਾ ਕੀ ਹੈ? ਕਿਵੇਂ ਅਧਿਆਪਕ ਵਿਦਿਆਰਥੀ ਦੀ ਸ਼ਖ਼ਸੀਅਤ ਉਸਾਰੀ ਦੇ ਸਮਰੱਥ ਹੈ? ਇਸ ਵਿਚ ਕੋਈ ਦੋ-ਰਾਇ ਨਹੀਂ ਕਿ ਇੱਕ ਅਧਿਆਪਕ ਦੀ ਦਿੱਤੀ ਹੋਈ ਸ਼ਾਬਾਸ਼ੀ ਵਿਦਿਆਰਥੀ ਨੂੰ ਬਹੁਤ ਵੱਡਾ ਹੌਂਸਲਾ ਦੇ ਸਕਦੀ ਹੈ ਜਿਸ ਨਾਲ ਉਸ ਅੰਦਰ ਚੜ੍ਹਦੀ ਕਲਾ ਨਾਲ ਹਰ ਮੁਕਾਬਲਾ ਖੇਡਣ ਦਾ ਜੋਸ਼ ਆ ਸਕਦਾ ਹੈ। ਅਧਿਆਪਕ ਬੱਚੇ ਅੰਦਰਲੇ ਹੁਨਰ ਨੂੰ ਪਛਾਣ ਉਸ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਕਰ ਸਕਦਾ ਹੈ। ਵਿਦਿਆਰਥੀ ਜਦੋਂ ਕਿਸੇ ਵਿੱਦਿਅਕ ਸੰਸਥਾ ਵਿਚ ਦਾਖ਼ਲ ਹੁੰਦਾ ਹੈ ਤਾਂ ਉਹ ਮਾਨਸਿਕ ਪੱਧਰ 'ਤੇ ਇਆਣਾ ਹੀ ਹੁੰਦਾ ਹੈ। ਅਧਿਆਪਕ ਉਸ ਅੰਦਰ ਐਸੀ ਮੱਤ ਭਰਦਾ ਹੈ ਕਿ ਉਹੀ ਵਿਦਿਆਰਥੀ ਜ਼ਿੰਦਗੀ ਦੇ ਅਹਿਮ ਫ਼ੈਸਲੇ ਲੈਣ ਦੇ ਸਮਰੱਥ ਹੋ ਜਾਂਦਾ ਹੈ। ਅਧਿਆਪਕ ਦੀ ਸਮਰੱਥਾ ਨੂੰ ਅਸੀਂ ਹੇਠਾਂ ਦਿੱਤੇ ਪਹਿਲੂਆਂ ਤੋਂ ਵਾਚ ਸਕਦੇ ਹਾਂ:

(੧) ਵਿਦਿਆਰਥੀ ਨਾਲ ਨਜ਼ਦੀਕੀ ਰਿਸ਼ਤਾ

ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਬਹੁਤ ਨੇੜ੍ਹੇ ਦਾ ਹੁੰਦਾ ਹੈ। ਸੁਹਿਰਦ ਵਿਦਿਆਰਥੀ ਹਮੇਸ਼ਾ ਆਪਣੇ ਪਸੰਦੀਦਾ ਅਧਿਆਪਕ ਦੇ ਨੇੜ੍ਹੇ ਰਹਿੰਦੇ ਹਨ। ਇੱਥੋਂ ਤਕ ਕਿ ਉਸ ਅਧਿਆਪਕ ਦੇ ਗੁਣ ਵੀ ਆਪਣੇ ਅੰਦਰ ਧਾਰਨ ਕਰਨਾ ਲੋਚਦੇ ਹਨ। ਇਹੀ ਜੇਕਰ ਇੱਕ ਅਧਿਆਪਕ ਦੇ ਨਜ਼ਰੀਏ ਤੋਂ ਦੇਖੀਏ ਤਾਂ ਅਧਿਆਪਕ ਆਪਣੀ ਕਲਾ ਤੇ ਜੁਗਤ ਨਾਲ ਵਿਦਿਆਰਥੀਆਂ ਨਾਲ ਬੜਾ ਨਿੱਘਾ ਰਿਸ਼ਤਾ ਸਿਰਜ ਸਕਦਾ ਹੈ। ਵਿਦਿਆਰਥੀ ਅਧਿਆਪਕ ਨਾਲ ਜਮਾਤ ਤੋਂ ਬਾਹਰ ਵੀ ਜੁੜੇ ਰਹਿੰਦੇ ਹਨ। ਇਸ ਜ਼ਰੀਏ ਅਧਿਆਪਕ ਵਿਦਿਆਰਥੀਆਂ ਵਿਚ ਚੰਗੀ ਸ਼ਖ਼ਸੀਅਤ ਦੇ ਗੁਣ ਅਸਾਨੀ ਨਾਲ ਭਰ ਸਕਦਾ ਹੈ।

ਅਜੋਕੇ ਯੁੱਗ ਵਿਚ ਬਹੁਤ ਸਾਰੇ ਮਸਲੇ ਐਸੇ ਹਨ ਜੋ ਕਿ ਵਿਦਿਆਰਥੀ ਆਪਣੇ ਮਾਂ-ਪਿਓ ਨਾਲ ਵੀ ਸਾਂਝਾ ਨਹੀ ਕਰ ਸਕਦੇ। ਅਸੀਂ ਖ਼ੁਦ ਆਪਣੇ ਅਧਿਆਪਕ ਸਾਹਿਬਾਨ ਨਾਲ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਸਾਂਝੇ ਕਰਦੇ ਰਹੇ ਹਾਂ। ਇੰਞ ਅਧਿਆਪਕ ਬਹੁਤ ਵੱਡੀ ਭੂਮਿਕਾ ਨਿਭਾਅ ਸਕਦਾ ਹੈ। ਉਹ ਵਿਦਿਆਰਥੀ ਨੂੰ ਬੜਾ

ਚੜ੍ਹਦੀ ਕਲਾ ਵਾਲਾ ਰਾਹ ਦਿਖਾ ਸਕਦਾ ਹੈ, ਜਿਹੜਾ ਦੁਨਿਆਵੀ ਮੰਜ਼ਿਲ ਦੇ ਨਾਲ-ਨਾਲ ਹਕੀਕੀ ਮੰਜ਼ਿਲ ਤਕ ਵੀ ਲੈ ਜਾਵੇ।

(੨) ਪਾਠਕ੍ਰਮ ਦੇ ਜ਼ਰੀਏ

ਅਧਿਆਪਕ ਆਪਣੇ ਪਾਠਕ੍ਰਮ ਦੇ ਜ਼ਰੀਏ ਬਹੁਤ ਚੀਜ਼ਾਂ ਵਿਦਿਆਰਥੀਆਂ ਅੰਦਰ ਭਰ ਸਕਦਾ ਹੈ। ਖਾਸ ਤੌਰ 'ਤੇ ਜਿਹੜੇ ਅਧਿਆਪਕ ਪੰਜਾਬੀ ਵਿਸ਼ਾ ਪੜ੍ਹਾਉਂਦੇ ਹਨ, ਉਹ ਤਾਂ ਸਮੁੱਚੇ ਪਾਠਕ੍ਰਮ ਵਿੱਚੋਂ ਨੈਤਿਕ ਕਦਰਾਂ-ਕੀਮਤਾਂ ਜਾਂ ਸਚਿਆਰ ਗੁਣਾਂ ਨੂੰ ਬਾਖ਼ੂਬੀ ਸਮਝਾ ਸਕਦੇ ਹਨ। ਸਿੱਖਿਆ ਦੇ ਦੋ ਪਹਿਲੂ ਹਨ, ਜਿਊਣ ਲਈ ਸਿੱਖਣਾ ਅਤੇ ਜ਼ਿੰਦਗੀ ਲਈ ਸਿੱਖਣਾ। ਜਿਊਣ ਲਈ ਸਿੱਖਿਆ ਵੱਡੇ ਪੱਧਰ 'ਤੇ ਮਿਲ ਜਾਂਦੀ ਹੈ, ਪਰ ਜ਼ਿੰਦਗੀ ਲਈ ਸਿੱਖਿਆ ਕੇਵਲ ਸੁਹਿਰਦ ਅਧਿਆਪਕ ਹੀ ਦੇ ਸਕਦਾ ਹੈ। ਅੱਜ ਭਾਵੇਂ ਸੰਸਾਰ ਵਿਚ ਮਸਨੂਈ ਸੂਝ (AI) ਦਾ ਬੋਲਬਾਲਾ ਵਧ ਰਿਹਾ ਹੈ। ਵਿਦਿਆਰਥੀ ਆਨਲਾਈਨ ਮਾਧਿਅਮ ਵੱਲ ਜਿਆਦਾ ਆਕਰਸ਼ਿਤ ਹੋ ਰਹੇ ਹਨ। ਪਰ ਗੂਗਲ (Google) ਸਿਰਫ਼ ਸੁਝਾਅ ਦੇ ਸਕਦਾ ਹੈ ਤੇ ਅਧਿਆਪਕ ਉਸ ਸੁਝਾਅ ਵਿਚਲੇ ਗਲਤ-ਸਹੀ ਪੱਖ ਦਾ ਨਿਤਾਰਾ ਵੀ ਕਰ ਸਕਦਾ ਹੈ ।

ਸਾਡੇ ਕੋਲ ਗੁਰਬਾਣੀ ਦਾ ਬਹੁਤ ਵੱਡਾ ਖ਼ਜ਼ਾਨਾ ਹੈ। ਰੋਜ਼ ਦਾ ਇੱਕ ਸ਼ਬਦ ਵੀ ਜੇਕਰ ਸਾਂਝਾ ਕੀਤਾ ਜਾਵੇ ਤਾਂ ਉਸ ਦੀ ਸਮਝ ਅਧਿਆਪਕ ਨੂੰ ਵੀ ਪਵੇਗੀ ਅਤੇ ਵਿਦਿਆਰਥੀ ਵੀ ਉਸ ਦਾ ਲਾਹਾ ਲੈਣਗੇ।

(੩) ਦਿਨ ਦਾ ਬਹੁਤਾ ਸਮਾਂ ਨਾਲ ਰਹਿਣਾ

ਜੇਕਰ ਦੇਖਿਆ ਜਾਵੇ ਤਾਂ ਵਿਦਿਆਰਥੀ ਆਪਣੇ ਦਿਨ ਦਾ ਬਹੁਤਾ ਸਮਾਂ ਸਕੂਲ, ਕਾਲਜ ਵਿਚ ਹੀ ਬਤੀਤ ਕਰਦੇ ਹਨ। ਸਵੇਰ ਦੇ ਸੱਜਰੇ ਦਿਮਾਗ ਅਧਿਆਪਕ ਦੀ ਛਾਇਆ ਹੇਠ ਹੁੰਦੇ ਹਨ। ਅਧਿਆਪਕ ਉਨ੍ਹਾਂ ਦਿਮਾਗਾਂ ਵਿਚ ਜੋ ਚਾਹੇ ਉਹ ਭਰ ਸਕਦਾ ਹੈ। ਜਮਾਤ ਵਿਚ ਵਿਦਿਆਰਥੀ ਬੜ੍ਹੇ ਧਿਆਨ ਨਾਲ ਸੁਣਦੇ ਹਨ। ਜੇਕਰ ਨਹੀਂ ਸੁਣਦੇ ਤਾਂ ਉਸ ਵਿਚ ਵੀ ਕਿਤੇ ਨਾ ਕਿਤੇ ਅਧਿਆਪਕ ਦੀ ਢਿੱਲ ਹੋ ਸਕਦੀ ਹੈ। ਇੰਝ ਅਧਿਆਪਕ ਬੜੇ ਸਹਿਜ ਨਾਲ ਵਿਦਿਆਰਥੀਆਂ ਵਿਚ ਚੰਗੀ ਸ਼ਖ਼ਸੀਅਤ ਦੇ ਗੁਣ ਭਰ ਸਕਦਾ ਹੈ। ਕਹਿਣ ਤੋਂ ਭਾਵ ਕਿ ਦਿਨ ਦੇ ਲਗਪਗ ੫ ਘੰਟੇ ਵਿਦਿਆਰਥੀ ਅਧਿਆਪਕ ਦੇ ਨਜ਼ਦੀਕ ਰਹਿੰਦਾ ਹੈ, ਜਿਸ ਜ਼ਰੀਏ ਇੱਕ ਬਹੁਤ ਵੱਡਾ ਬਦਲਾਅ ਲਿਆਂਦਾ ਜਾ ਸਕਦਾ ਹੈ।

(੪) ਤੌਰ ਤਰੀਕਿਆਂ ਦਾ ਪ੍ਰਭਾਵ

ਵਿਦਿਆਰਥੀ ਆਪਣੇ ਅਧਿਆਪਕ ਦੇ ਤੌਰ-ਤਰੀਕਿਆਂ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਿਦਿਆਰਥੀ ਆਪਣੇ ਅਧਿਆਪਕ ਦੀ ਨਕਲ ਕਰਦੇ ਹਨ। ਸੋ ਜੇਕਰ ਅਧਿਆਪਕ ਚੰਗੀ ਸ਼ਖ਼ਸੀਅਤ ਦਾ ਮਾਲਕ ਹੈ ਤਾਂ ਉਹ ਵਿਦਿਆਰਥੀਆਂ ਨੂੰ ਸੁਤੇ-ਸਿੱਧ ਹੀ ਪ੍ਰੇਰਿਤ ਕਰ ਦੇਵੇਗਾ।

ਗੁਰਬਾਣੀ, ਗੁਰ-ਇਤਿਹਾਸ ਨਾਲ ਓਤ-ਪੋਤ ਅਧਿਆਪਕ ਤੋਂ ਵਿਦਿਆਰਥੀ ਗੁੱਝੇ ਰੂਪ ਵਿਚ ਪ੍ਰੇਰਿਤ ਹੋ ਜਾਣਗੇ. ਅਧਿਆਪਕ ਜਦੋਂ ਆਪ ਕਿਤਾਬਾਂ ਪੜ੍ਹਨ ਦਾ ਸ਼ੌਂਕ ਰੱਖਦਾ ਹੋਵੇ, ਸੋਸ਼ਲ ਮੀਡੀਆ ਵਰਗੀਆਂ ਚੀਜ਼ਾਂ ਤੋਂ ਦੂਰ ਹੋਵੇ ਤਾਂ ਬਹੁਤੇ ਵਿਦਿਆਰਥੀ ਖ਼ੁਦ-ਬ-ਖ਼ੁਦ ਇਨ੍ਹਾਂ ਚੀਜ਼ਾਂ ਦਾ ਨਫ਼ਾ ਨੁਕਸਾਨ ਸਮਝ ਜਾਣਗੇ। ਕਈ ਵਾਰ ਕਿਸੇ ਵਿਦਿਆਰਥੀ ਦੇ ਬੋਲਾਂ 'ਚੋਂ, ਹਾਵ-ਭਾਵ 'ਚੋਂ ਕਿਸੇ ਅਧਿਆਪਕ ਦੀ ਝਲਕ ਪੈਂਦੀ ਹੈ। ਇਸ ਦਾ ਕਾਰਨ ਇਹੀ ਹੁੰਦਾ ਹੈ ਕਿ ਉਸ ਨੇ ਆਪਣੇ ਅਧਿਆਪਕ ਦੀ ਸ਼ਖ਼ਸੀਅਤ ਨੂੰ ਆਪਣੇ ਅੰਦਰ ਢਾਲ ਹੀ ਏਨਾ ਲਿਆ ਹੁੰਦਾ ਹੈ।

(ਪ) ਵਿਦਿਆਰਥੀ ਦਾ ਮਾਰਗ-ਦਰਸ਼ਨ ਕਰ ਕੇ

ਵਿਦਿਆਰਥੀ ਵਰਗ ਦੇ ਨਾਇਕ ਜਿਆਦਾਤਰ ਗਵੱਈਏ ਜਾਂ ਫਿਲਮੀ ਸਿਤਾਰੇ ਹੀ ਹੁੰਦੇ ਹਨ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਦੇ ਮਾਰਗ-ਦਰਸ਼ਕ ਮੰਨਣ ਪਿੱਛੇ ਕੋਈ ਖਾਸ ਕਾਰਨ ਵੀ ਨਹੀਂ ਹੁੰਦਾ । ਇੱਕ ਅਧਿਆਪਕ ਚਾਹੇ ਤਾਂ ਆਪਣੇ ਵਿਦਿਆਰਥੀ ਦਾ ਮਾਰਗ-ਦਰਸ਼ਕ ਬਣ ਸਕਦਾ ਹੈ। ਜਦੋਂ ਅਧਿਆਪਕ ਆਪਣੀ ਕਿਰਤ ਕਰਦਿਆਂ ਚੜ੍ਹਦੀ ਕਲਾ ਵਾਲਾ ਜੀਵਨ ਵੀ ਰੱਖੇਗਾ ਤਾਂ ਵਿਦਿਆਰਥੀ ਜ਼ਰੂਰ ਪ੍ਰੇਰਿਤ ਹੋਣਗੇ। ਦੂਜਾ ਪੱਖ ਇਹ ਵੀ ਹੈ ਕਿ ਅਧਿਆਪਕ ਖ਼ੁਦ ਆਪਣੇ ਵਿਦਿਆਰਥੀਆਂ ਦਾ ਮਾਰਗ-ਦਰਸ਼ਨ ਕਰ ਸਕਦਾ ਹੈ। ਉਹ ਅਕਾਦਮਿਕ ਪੱਧਰ 'ਤੇ ਵੀ ਉਨ੍ਹਾਂ ਨੂੰ ਸਹੀ ਮਾਰਗ ਦਿਖਾ ਸਕਦਾ ਹੈ ਅਤੇ ਅਧਿਆਤਮਿਕ ਪੱਧਰ 'ਤੇ ਵੀ। ਵਿਦਿਆਰਥੀ ਸਹੀ ਪਾਸੇ ਹੀ ਜਾਣਗੇ। ਮਾੜੇ ਰਾਹ ਅਤੇ ਮਾੜੀ ਸੰਗਤ ਤੋਂ ਬਚੇ ਰਹਿਣਗੇ।

ਸਿੱਟਾ:

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਧਿਆਪਕ ਜਿਹੋ ਜਿਹਾ ਚਾਹੇ, ਵਿਦਿਆਰਥੀ ਨੂੰ ਉਹੋ-ਜਿਹਾ ਹੀ ਸਿਰਜ ਸਕਦਾ ਹੈ। ਅਧਿਆਪਕ ਕੋਲ ਉਹ ਸ਼ਕਤੀ ਹੈ, ਜਿਹੜੀ ਮੁਰਦੇ ਮਨਾਂ ਅੰਦਰ ਸੱਜਰੀ ਰੂਹ ਫੂਕ ਸਕਦੀ ਹੈ। ਜਿਹੜੀ ਥੱਕੇ-ਟੁੱਟੇ ਪਾਂਧੀ ਨੂੰ ਮੁੜ ਖੜ੍ਹਾ ਕਰ ਸਕਦੀ ਹੈ। ਅਧਿਆਪਕ ਆਪਣੇ ਬੋਲਾਂ ਦੇ ਜ਼ਰੀਏ, ਆਪਣੀ ਕਿਰਤ ਦੇ ਜ਼ਰੀਏ ਇਕ ਚੰਗਾ ਸਮਾਜ ਸਿਰਜ ਸਕਦਾ ਹੈ। ਅਧਿਆਪਕ ਦੀ ਅਸਲੀ ਪੂੰਜੀ, ਕਿਸੇ ਮੁਦਰਾ 'ਚ ਨਹੀਂ, ਬਲਕਿ ਉਹ ਸੀਸ ਹੁੰਦੇ ਹਨ, ਜਿਹੜੇ ਉਸਦੇ ਥਾਪੜੇ ਨਾਲ ਮੰਜ਼ਿਲਾਂ ਸਰ ਕਰਦੇ ਹਨ ਤੇ ਇਕ ਚੰਗਾ ਸਮਾਜਿਕ ਚੌਗਿਰਦਾ ਸਿਰਜਦੇ ਹਨ।

■

ਬਹੁਪੱਖੀ ਸਾਹਿਤਕ ਸ਼ਖ਼ਸੀਅਤ: ਪ੍ਰੋਫ਼ੈਸਰ ਸਾਹਿਬ ਸਿੰਘ

*-ਸ੍ਰੀ ਦਲਜੀਤ ਰਾਏ ਕਾਲੀਆ**

ਪ੍ਰੋਫ਼ੈਸਰ ਸਾਹਿਬ ਸਿੰਘ ਗੁਰਬਾਣੀ ਦੇ ਵਿਆਖਿਆਕਾਰ, ਸ਼੍ਰੋਮਣੀ ਟੀਕਾਕਾਰ, ਵਿਆਕਰਨ-ਵੇਤਾ, ਇਤਿਹਾਸਕਾਰ ਅਤੇ ਵਾਰਤਕਕਾਰ ਸਨ। ਉਨ੍ਹਾਂ ਦਾ ਜਨਮ ਪਿਤਾ ਹੀਰਾ ਨੰਦ ਦੇ ਘਰ ਮਾਤਾ ਜਮਨਾ ਉਰਫ਼ ਨਿਹਾਲ ਦੇਵੀ ਦੀ ਕੁੱਖੋਂ ੧੬ ਫਰਵਰੀ, ੧੮੯੨ ਈ. ਨੂੰ ਪਿੰਡ ਫੱਤੇਵਾਲੀ, ਤਹਿਸੀਲ ਪਸਰੂਰ, ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਨੱਥੂ ਰਾਮ ਸੀ। ਉਨ੍ਹਾਂ ਦਾ ਬਚਪਨ ਬੜੀ ਗਰੀਬੀ ਵਿਚ ਗੁਜ਼ਰਿਆ। ਉਨ੍ਹਾਂ ਦੇ ਪਿਤਾ ਪਿੰਡ ਫੱਤੇਵਾਲੀ ਵਿਚ ਮਾਮੂਲੀ ਦੁਕਾਨਦਾਰ ਸਨ। ਬਾਅਦ ਵਿਚ ਉਨ੍ਹਾਂ ਨੇ ਵੱਡੇ ਪਿੰਡ ਥਰਪਾਲ ਵਿਚ ਵੀ ਹੱਟੀ ਖੋਲ੍ਹੀ, ਪਰ ਇੱਥੇ ਵੀ ਉਨ੍ਹਾਂ ਦਾ ਕਾਰੋਬਾਰ ਜ਼ਿਆਦਾ ਨਾ ਚੱਲ ਸਕਿਆ। ਸਾਢੇ ਚਾਰ ਸਾਲ ਦੀ ਉਮਰ ਵਿਚ ਨੱਥੂ ਰਾਮ ਨੂੰ ਪਿੰਡ ਦੇ ਸਕੂਲ ਵਿਚ ਪੜ੍ਹਨ ਲਾ ਦਿੱਤਾ ਗਿਆ। ੧੯੦੨ ਈ. ਵਿਚ ਇੱਥੋਂ ਉਨ੍ਹਾਂ ਨੇ ਪੰਜਵੀਂ ਦਾ ਇਮਤਿਹਾਨ ਪਾਸ ਕੀਤਾ। ੧੯੦੫ ਈ. ਵਿਚ ਉਨ੍ਹਾਂ ਨੇ ਗੋਤਾ ਫਤਿਹਗੜ੍ਹ ਦੇ ਸਕੂਲ ਤੋਂ ਮਿਡਲ ਦਾ ਇਮਤਿਹਾਨ ਪੂਰੇ ਰਾਵਲਪਿੰਡੀ ਡਿਵੀਜ਼ਨ ਵਿੱਚੋਂ ਪਹਿਲੇ ਦਰਜੇ ਵਿਚ ਪਾਸ ਕੀਤਾ ਅਤੇ ਵਜ਼ੀਫਾ ਹਾਸਲ ਕੀਤਾ। ਅੱਠਵੀਂ ਪਾਸ ਕਰਨ ਪਿੱਛੋਂ ਉਨ੍ਹਾਂ ਨੇ ਅੰਮ੍ਰਿਤ ਛੱਕ ਲਿਆ ਅਤੇ ਨੱਥੂ ਰਾਮ ਤੋਂ ਸਾਹਿਬ ਸਿੰਘ ਬਣੇ।

੨੦ ਜੁਲਾਈ, ੧੯੦੭ ਈ. ਨੂੰ ਸਾਹਿਬ ਸਿੰਘ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ। ਉਸ ਸਮੇਂ ਸਾਹਿਬ ਸਿੰਘ ਹੋਰੀਂ ਪਸਰੂਰ ਦੇ ਹਾਈ ਸਕੂਲ ਵਿਚ ਪੜ੍ਹ ਰਹੇ ਸੀ। ਘਰਦਿਆਂ ਨੇ ਨੌਵੀਂ ਜਮਾਤ ਵਿਚ ਪੜ੍ਹਦਿਆਂ ਉਨ੍ਹਾਂ ਦਾ ਵਿਆਹ ਬੀਬੀ ਦੁਰਗਾ ਦੇਵੀ ਨਾਲ ਕਰ ਦਿੱਤਾ। ਘਰ ਦੀ ਆਰਥਿਕ ਮੰਦਹਾਲੀ ਕਾਰਨ ੧੯੦੯ ਈ. ਵਿਚ ਉਨ੍ਹਾਂ ਨੂੰ ਸਾਂਗਲਾ ਦੇ ਮਿਡਲ ਸਕੂਲ ਵਿਚ ਅਧਿਆਪਕ ਦੀ ਨੌਕਰੀ ਕਰਨੀ ਪਈ। ਉਹ ਲਗਪਗ ਇੱਕ ਸਾਲ ਦੇ ਸਮੇਂ ਲਈ ਡਾਕਖਾਨੇ ਦੇ ਕਲਰਕ ਵੀ ਰਹੇ। ਉਨ੍ਹਾਂ ਨੂੰ ਵਿੱਦਿਆ ਪ੍ਰਾਪਤ ਕਰਨ ਦੀ ਅਥਾਹ ਲਗਨ ਸੀ। ਫਿਰ ਉਨ੍ਹਾਂ ਨੇ ਉਚੇਰੀ ਵਿੱਦਿਆ ਦੀ ਪ੍ਰਾਪਤੀ ਲਈ ਲਾਹੌਰ ਦੇ ਦਿਆਲ ਸਿੰਘ ਕਾਲਜ ਵਿਚ ਦਾਖ਼ਲਾ ਲੈ ਲਿਆ ਅਤੇ ਇੱਥੋਂ ਐਫ.ਏ. ਦਾ ਇਮਤਿਹਾਨ ਵਜ਼ੀਫਾ ਲੈ ਕੇ ਪਾਸ ਕੀਤਾ। ਉਨ੍ਹਾਂ ਨੇ ਗੌਰਮਿੰਟ ਕਾਲਜ ਤੋਂ ੧੯੧੫ ਈ. ਵਿਚ ਬੀ.ਏ. ਦਾ ਇਮਤਿਹਾਨ ਪਾਸ ਕੀਤਾ। ਉਹ ਸੰਸਕ੍ਰਿਤ ਵਿਸ਼ੇ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਰਹੇ ਅਤੇ ਮੈਡਲ

* #੧੫/੨੬੬, ਪੁਰਾਣੀ ਤਲਵੰਡੀ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-੧੪੨੦੪੭; ਮੋ. ੯੭੮੧੨-੦੦੧੬੮

ਪ੍ਰਾਪਤ ਕੀਤਾ।

ਬੀ. ਏ. ਕਰਨ ਉਪਰੰਤ ਉਹ ੮ ਸਤੰਬਰ, ੧੯੧੫ ਈ. ਨੂੰ ਖ਼ਾਲਸਾ ਹਾਈ ਸਕੂਲ ਫਰੂਕਾ ਵਿਚ ਅਧਿਆਪਕ ਨਿਯੁਕਤ ਹੋਏ। ਇਸ ਸੇਵਾ ਲਈ ਉਨ੍ਹਾਂ ਨੂੰ ੭੫ ਰੁਪਏ ਮਹੀਨਾ ਤਨਖਾਹ ਅਤੇ ਇਸ ਤੋਂ ਇਲਾਵਾ ੧੨ ਰੁਪਏ ਮਾਸਿਕ ਬੋਰਡਿੰਗ ਹਾਊਸ ਦੇ ਸੁਪਰਡੈਂਟ ਦਾ ਸੇਵਾ ਫ਼ਲ ਮਿਲਦਾ ਸੀ। ੫ ਮਈ, ੧੯੧੭ ਈ. ਵਿਚ ਉਨ੍ਹਾਂ ਦੀ ਨਿਯੁਕਤੀ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ ਵਿਚ ਸੰਸਕ੍ਰਿਤ ਅਤੇ ਧਾਰਮਿਕ ਸਿੱਖਿਆ ਦੇ ਪ੍ਰੋਫ਼ੈਸਰ ਵਜੋਂ ਹੋ ਗਈ। ਦਸੰਬਰ ੧੯੨੦ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਦੇ ਸੰਬੰਧ ਵਿਚ ਆਪਣੇ ਕਾਲਜ ਵਿਚ ਰੱਖੇ ਗਏ ਅਖੰਡ ਪਾਠ ਸਾਹਿਬ ਸਮੇਂ ਪ੍ਰੋਫ਼ੈਸਰ ਸਾਹਿਬ ਸਿੰਘ ਪਾਠ ਕਰ ਰਹੇ ਸਨ ਤਾਂ ਪੰਨਾ ੯੬੫ 'ਤੇ ਇੱਕੋ ਸ਼ਬਦ- ***ਆਹਰ*** *ਸਭਿ ਕਰਦਾ ਫਿਰੈ* ***ਆਹਰੁ*** *ਇਕੁ ਨ ਹੋਇ॥ ਨਾਨਕ ਜਿਤੁ* ***ਆਹਰਿ*** *ਜਗੁ ਉਧਰੈ ਵਿਰਲਾ ਬੂਝੈ ਕੋਇ॥੨॥* ਤਿੰਨ ਵਾਰੀ ਅਲੱਗ-ਅਲੱਗ ਸ਼ਬਦ ਜੋੜਾਂ ਨਾਲ ਆਇਆ ਤਾਂ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਸੋਚ-ਵਿਚਾਰ ਕਰਦਿਆਂ ਉਨ੍ਹਾਂ ਤਿੰਨ ਅਲੱਗ-ਅਲੱਗ ਸ਼ਬਦ ਜੋੜਾਂ ਵਾਲੇ ਸ਼ਬਦਾਂ ਦੇ ਅਰਥ ਲੱਭ ਲਏ। ਇਸ ਤਰ੍ਹਾਂ ਉਨ੍ਹਾਂ ਵਿਆਕਰਨ ਦਾ ਸਿਧਾਂਤ ਖੋਜ ਲਿਆ। ਉਨ੍ਹਾਂ ਨੇ ਆਪਣੇ ਜੀਵਨ ਦਾ ਮਿਸ਼ਨ ਗੁਰਬਾਣੀ ਅਤੇ ਗੁਰ ਇਤਿਹਾਸ ਨੂੰ ਖੋਜਣ ਦਾ ਬਣਾ ਲਿਆ। ੨੦ ਜੁਲਾਈ, ੧੯੨੧ ਨੂੰ ਉਨ੍ਹਾਂ ਦੀ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਮੀਤ ਸਕੱਤਰ ਵਜੋਂ ਹੋਈ। ਇਸ ਸਮੇਂ ਦੌਰਾਨ ਉਹ ਗੁਰੂ ਕੇ ਬਾਗ ਦੇ ਮੋਰਚੇ ਅਤੇ ਜੈਤੋ ਦੇ ਮੋਰਚੇ ਸਮੇਂ ਜੇਲ੍ਹ ਗਏ। ਜੇਲ੍ਹ ਯਾਤਰਾ ਦੌਰਾਨ ਉਨ੍ਹਾਂ ਨੇ ਆਪਣਾ ਸਾਰਾ ਸਮਾਂ ਗੁਰਬਾਣੀ ਵਿਆਕਰਨ ਨੂੰ ਸਮਝਣ ਲਈ ਲਾਇਆ। ਜੇਲ੍ਹ ਤੋਂ ਰਿਹਾਈ ਬਾਅਦ ਉਨ੍ਹਾਂ ੧੩ ਸਤੰਬਰ, ੧੯੨੭ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਤ ਸਕੱਤਰੀ ਤੋਂ ਅਸਤੀਫਾ ਦੇ ਦਿੱਤਾ, ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰੀ ਕੰਮਾਂ ਦੇ ਰੁਝੇਵੇਂ ਜ਼ਿਆਦਾ ਹੋਣ ਕਾਰਨ ਉਨ੍ਹਾਂ ਨੂੰ ਗੁਰਬਾਣੀ ਵਿਆਕਰਨ ਦੀ ਖੋਜ ਲਈ ਢੁਕਵਾਂ ਸਮਾਂ ਨਹੀਂ ਸੀ ਮਿਲਦਾ। ਮੀਤ ਸਕੱਤਰ ਵਜੋਂ ਉਨ੍ਹਾਂ ਨੂੰ ੨੫੦ ਰੁਪਏ ਮਾਹਵਾਰੀ ਤਨਖਾਹ ਮਿਲਦੀ ਸੀ, ਪਰ ਉਨ੍ਹਾਂ ਗੁਰੂ ਨਾਨਕ ਖਾਲਸਾ ਕਾਲਜ, ਗੁਜਰਾਂਵਾਲਾ ਵਿਖੇ ੧੫੦ ਰੁਪਏ ਮਾਸਿਕ ਤਨਖਾਹ ਤੇ ਸੇਵਾ ਕਰਨ ਨੂੰ ਤਰਜੀਹ ਦਿੱਤੀ। ਕਿਉਂਕਿ ਉਨ੍ਹਾਂ ਦੇ ਮਨ ਵਿਚ ਗੁਰਬਾਣੀ ਵਿਆਕਰਨ ਤੇ ਖੋਜ ਕਰਨ ਦੀ ਤੀਬਰ ਤਾਂਘ ਸੀ। ਪ੍ਰੋਫ਼ੈਸਰ ਸਾਹਿਬ ਸਿੰਘ ਨੇ ਅਣਥੱਕ ਮਿਹਨਤ ਤੇ ਲਗਨ ਨਾਲ ਗੁਰਬਾਣੀ ਦੇ ਵਿਸ਼ਾ-ਵਸਤੂ ਅਤੇ ਵਿਆਕਰਨ ਨੂੰ ਧਿਆਨ ਵਿਚ ਰੱਖਦੇ ਹੋਏ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੧੯੨੭-੨੯ ਈ. ਵਿਚ ਅਰਥ ਮੁਕੰਮਲ ਕੀਤੇ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਆਪਣੀ ਅਣਥੱਕ ਮਿਹਨਤ ਨਾਲ ਇਤਿਹਾਸਿਕ ਪੁਸਤਕ 'ਗੁਰਬਾਣੀ ਵਿਆਕਰਨ' ੧੯੩੨ ਈ. ਵਿਚ ਤਿਆਰ ਕੀਤੀ, ਜੋ ੧੯੩੯ ਵਿਚ ਛਪੀ। ੧੩ ਸਤੰਬਰ, ੧੯੩੯ ਈ. ਨੂੰ ਉਨ੍ਹਾਂ ਨੂੰ ਗੁਰਬਾਣੀ ਵਿਆਕਰਨ

ਪੁਸਤਕ ਲਈ ਸ੍ਰੀ ਦਰਬਾਰ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ੧੦੦੦ ਰੁਪਏ ਅਤੇ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰੋਫ਼ੈਸਰ ਸਾਹਿਬ ਸਿੰਘ ਨੇ ੪ ਨਵੰਬਰ, ੧੯੨੯ ਤੋਂ ੧੨ ਅਕਤੂਬਰ, ੧੯੫੨ ਤਕ ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਵਿਚ ਲਗਾਤਾਰ ਪੰਜਾਬੀ ਅਤੇ ਧਰਮ ਅਧਿਐਨ ਦੇ ਪ੍ਰੋਫ਼ੈਸਰ ਵਜੋਂ ਸੇਵਾ ਕੀਤੀ। ਇਸ ਸਮੇਂ ਦੌਰਾਨ ਉਹ ਵਿਦਵਤਾ ਭਰਪੂਰ ਰਚਨਾਵਾਂ ਅਤੇ ਸਿੱਖ ਧਾਰਮਿਕ ਗ੍ਰੰਥਾਂ ਉੱਤੇ ਨਿਬੰਧ ਲਿਖਦੇ ਰਹੇ। ਉਹ ਸੰਨ ੧੯੫੪ ਤੋਂ ਲੈ ਕੇ ੧੫ ਮਈ, ੧੯੬੨ ਈ. ਤਕ ਸ਼ਹੀਦ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਵੀ ਰਹੇ। ਸੰਨ ੧੯੬੯ ਵਿਚ ਪ੍ਰੋਫ਼ੈਸਰ ਸਾਹਿਬ ਸਿੰਘ ਦੇ ਸਪੁੱਤਰ ਅੱਖਾਂ ਦੇ ਪ੍ਰਸਿੱਧ ਡਾਕਟਰ ਦਲਜੀਤ ਸਿੰਘ ਦੀ ਬਦਲੀ ਪਟਿਆਲੇ ਹੋ ਗਈ ਤਾਂ ਪ੍ਰੋਫ਼ੈਸਰ ਸਾਹਿਬ ਸਿੰਘ ਵੀ ਪਟਿਆਲੇ ਚਲੇ ਗਏ। ਉਨ੍ਹਾਂ ਨੇ ਗੁਰਮਤਿ ਕਾਲਜ, ਪਟਿਆਲਾ ਵਿਖੇ ਵੀ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ।

੧੯੫੨ ਈ. ਵਿਚ ਉਨ੍ਹਾਂ ਦੀਆਂ ਸਾਹਿਤਿਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪੈਪਸੂ ਸਰਕਾਰ ਦੇ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ ਪੰਜਾਬ ਪਟਿਆਲਾ) ਵੱਲੋਂ ਸਨਮਾਨਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਨੇ ਉਨਾਂ ਨੂੰ ੧੯੭੦ ਈ. ਵਿਚ ਲਾਈਫ ਟਾਈਮ ਫੈਲੋਸ਼ਿਪ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ੧੯੭੧ ਈ. ਵਿਚ ਡਾਕਟਰ ਆਫ ਲਿਟਰੇਚਰ ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕਈ ਸੰਸਥਾਵਾਂ ਵੱਲੋਂ ਵੀ ਸਨਮਾਨਿਤ ਕੀਤਾ ਗਿਆ।

ਪ੍ਰੋਫ਼ੈਸਰ ਸਾਹਿਬ ਸਿੰਘ ਨੇ ੧੯੨੭ ਤੋਂ ੧੯੭੭ ਦੇ ਦਰਮਿਆਨ ਲਗਪਗ ੫੦ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕੰਮਲ ਟੀਕਾ ੧੯੫੩ ਵਿਚ ਤਿਆਰ ਕੀਤਾ। ਇਸ ਦਾ ਲਿਖਤੀ ਰੂਪ ਜੂਨ ੧੯੬੧ ਤਕ ਮੁਕੰਮਲ ਹੋਇਆ। ੧੯੬੨-੬੪ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਜਿਲਦਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਖਿਆ) ਪ੍ਰਕਾਸ਼ਿਤ ਹੋਇਆ। ਉਨ੍ਹਾਂ ਜਾਪ ਸਾਹਿਬ, ਸਵਈਏ ਤੇ ਚੌਪਈ ਸਾਹਿਬ ਦਾ ਸਟੀਕ ਵੀ ਰਚਿਆ। ਪ੍ਰੋਫ਼ੈਸਰ ਸਾਹਿਬ ਸਿੰਘ ਨੇ ਗੁਰਬਾਣੀ ਦੀ ਖੋਜ ਤੋਂ ਇਲਾਵਾ ਬਹੁਤ ਸਾਰੀਆਂ ਪੁਸਤਕਾਂ ਗੁਰੂ ਇਤਿਹਾਸ ਬਾਰੇ ਲਿਖੀਆਂ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਉਨ੍ਹਾਂ ਦੇ ਨਿਬੰਧ ਵਿਸ਼ੇਸ਼ ਸਥਾਨ ਰੱਖਦੇ ਹਨ। 'ਧਰਮ ਤੇ ਸਦਾਚਾਰ', 'ਸਰਬਤ ਦਾ ਭਲਾ', 'ਧਾਰਮਿਕ ਲੇਖ', 'ਕੁਝ ਹੋਰ ਧਾਰਮਿਕ ਲੇਖ', 'ਗੁਰਮਤਿ ਪ੍ਰਕਾਸ਼', 'ਸਿੱਖ ਸਿਦਕ ਨਾ ਹਾਰੇ', 'ਬੁਰਾਈ ਦਾ ਟਾਕਰਾ', 'ਗੁਰਬਾਣੀ ਦਾ ਇਤਿਹਾਸ', 'ਬਾਬਾਣੀਆਂ ਕਹਾਣੀਆਂ', 'ਬੁੱਲ੍ਹੇ ਸ਼ਾਹ', ਪ੍ਰੋਫ਼ੈਸਰ ਸਾਹਿਬ ਸਿੰਘ ਦੁਆਰਾ ਰਚਿਤ ਪ੍ਰਮੁੱਖ ਪੁਸਤਕਾਂ ਹਨ। ਸਿੱਖ ਇਤਿਹਾਸ,

ਗੁਰਬਾਣੀ ਅਤੇ ਗੁਰਬਾਣੀ ਵਿਆਕਰਨ ਉਨ੍ਹਾਂ ਦੇ ਮੁੱਖ ਵਿਸ਼ੇ ਰਹੇ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਨੇ ਆਪਣੀ ਸਵੈ-ਜੀਵਨੀ ਵੀ ਲਿਖੀ। ਪ੍ਰੋਫ਼ੈਸਰ ਸਾਹਿਬ ਸਿੰਘ ਜੀ ਦੀ ਸਾਹਿਤਕ ਘਾਲਣਾ ਨੂੰ ਇੱਕ ਲੇਖ ਵਿਚ ਬਿਆਨਣਾ ਅਸੰਭਵ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਸਿੱਖੀ ਪ੍ਰੀਤ ਅਤੇ ਗੁਰਮਤਿ ਵਿਚ ਅਪਾਰ ਸ਼ਰਧਾ ਹੋਣ ਕਾਰਨ ਮੋਹ-ਮਾਇਆ ਦੇ ਲੜ੍ਹ ਨਹੀਂ ਲੱਗੇ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪ੍ਰੋਫ਼ੈਸਰ ਸਾਹਿਬ ਸਿੰਘ ਨੂੰ ਪੰਜਾਬੀ ਵਿਆਕਰਨਾਂ ਦੇ ਸੈੱਟ ਤਿਆਰ ਕਰਨ ਦੀ ਬੇਨਤੀ ਕੀਤੀ, ਜਿਸ ਦਾ ਸੇਵਾ ਫਲ ੨੦ ਹਜ਼ਾਰ ਰੁਪਏ ਦਿੱਤਾ ਜਾਣਾ ਸੀ, ਪਰ ਪ੍ਰੋਫ਼ੈਸਰ ਸਾਹਿਬ ਨੇ ਇਹ ਕਹਿੰਦੇ ਇਨਕਾਰ ਕਰ ਦਿੱਤਾ ਕਿ "ਮੇਰੇ ਸਮੇਂ ਦਾ ਇੱਕ ਇੱਕ ਪਲ ਗੁਰੂ ਲਈ ਹੈ, ਵਿਆਕਰਨਾਂ ਲਿਖ ਕੇ ਪੈਸੇ ਕਮਾਉਣ ਵਾਲੇ ਸੱਜਣ ਆਪ ਨੂੰ ਹੋਰ ਬਥੇਰੇ ਮਿਲ ਜਾਣਗੇ"।

ਪ੍ਰੋਫ਼ੈਸਰ ਸਾਹਿਬ ਨੇ 'ਪੰਜਾਬੀ ਸੁਹਜ ਪ੍ਰਕਾਸ਼' ਅਤੇ 'ਪੰਜਾਬੀ ਮੁਹਾਵਰਾ ਕੋਸ਼' ਸਮੇਤ ਵਿਦਿਆਰਥੀਆਂ ਲਈ ਕਈ ਹੋਰ ਪੁਸਤਕਾਂ ਵੀ ਲਿਖੀਆਂ। ਉਨ੍ਹਾਂ ਦੀਆਂ ਇਹ ਕਿਤਾਬਾਂ ਵਿਦਿਆਰਥੀ ਵਰਗ ਲਈ ਬਹੁਤ ਲਾਹੇਵੰਦ ਹਨ। ਉਨ੍ਹਾਂ ਦੀ ਬੋਲੀ ਸਿੱਧੀ ਸਰਲ ਅਤੇ ਨਿਤਾ ਪ੍ਰਤੀ ਵਰਤੀ ਜਾਣ ਵਾਲੀ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਜ਼ਿੰਦਗੀ ਦੇ ਪਿਛਲੇ ਸਾਲਾਂ ਦੌਰਾਨ ਪਾਰਕਿਨਸਨ ਰੋਗ ਤੋਂ ਪੀੜਿਤ ਹੋ ਗਏ ਸਨ। ਅੰਤ ਉਹ ੨੯ ਅਕਤੂਬਰ, ੧੯੭੭ ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਿੱਖ ਧਰਮ ਅਧਿਐਨ ਅਤੇ ਪੰਜਾਬੀ ਸਾਹਿਤਕ ਖੇਤਰ ਵਿਚ ਉਨ੍ਹਾਂ ਦਾ ਨਾਂ ਸਦਾ ਰੋਸ਼ਨ ਸਿਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ।

■

ਲਿਟਰੇਚਰ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ। ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ 'ਤੇ ਖੋਜ ਭਰਪੂਰ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ 'ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਂਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਆਧੁਨਿਕ ਜੀਵਨ ਵਿਚ ਆਰਟੀਫਿਸ਼ਲ ਇੰਟੈਲੀਜੈਂਸ (ਏ.ਆਈ.) ਤਕਨਾਲੋਜੀ : ਫਾਇਦੇ, ਨੁਕਸਾਨ ਅਤੇ ਧਾਰਮਿਕ ਸੰਦਰਭ

*-ਸ. ਬਿਕਰਮਜੀਤ ਸਿੰਘ**

ਅੱਜ ਦੇ ਯੁੱਗ ਵਿਚ ਮਨੁੱਖੀ ਜੀਵਨ ਬਿਨਾਂ ਤਕਨਾਲੋਜੀ ਦੇ ਅਧੂਰਾ ਜਾਪਦਾ ਹੈ। ਖ਼ਾਸ ਕਰਕੇ ਆਰਟੀਫਿਸ਼ਲ ਇੰਟੈਲੀਜੈਂਸ ਏ. ਆਈ. (AI) ਨੇ ਸਾਡੀ ਦੁਨੀਆ ਦੇ ਹਰ ਖੇਤਰ ਵਿਚ ਆਪਣੀ ਪੱਕੀ ਛਾਪ ਛੱਡੀ ਹੈ। ਏ. ਆਈ. ਉਹ ਤਕਨਾਲੋਜੀ ਹੈ ਜੋ ਮਸ਼ੀਨਾਂ ਨੂੰ ਮਨੁੱਖੀ ਸੋਚ, ਸਮਝ ਅਤੇ ਫ਼ੈਸਲੇ ਕਰਨ ਦੀ ਸਮਰੱਥਾ ਦਿੰਦੀ ਹੈ। ਇਸ ਤਕਨਾਲੋਜੀ ਨੇ ਸਾਡੇ ਰੋਜ਼ਾਨਾ ਦੇ ਕੰਮਾਂ ਤੋਂ ਲੈ ਕੇ ਸਿੱਖਿਆ, ਸਿਹਤ, ਖੇਤੀਬਾੜੀ ਅਤੇ ਧਾਰਮਿਕ ਖੇਤਰਾਂ ਤਕ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਪਰ ਜਿਵੇਂ ਕਿ ਹਰ ਨਵੀਂ ਖੋਜ ਨਾਲ ਫਾਇਦੇ ਅਤੇ ਨੁਕਸਾਨ ਦੋਵੇਂ ਜੁੜੇ ਹੁੰਦੇ ਹਨ, ਉਸੇ ਤਰ੍ਹਾਂ ਏ. ਆਈ. ਤਕਨਾਲੋਜੀ ਦੇ ਵੀ ਚੰਗੇ ਤੇ ਮਾੜੇ ਦੋਵੇਂ ਪੱਖ ਹਨ।

ਜੇਕਰ ਏ. ਆਈ. ਦੇ ਫਾਇਦਿਆਂ ਦੀ ਗੱਲ ਕੀਤੀ ਜਾਵੇ ਤਾਂ ਇਹ ਸਾਡੇ ਜੀਵਨ ਨੂੰ ਆਸਾਨ ਬਣਾਉਣ ਵਿਚ ਮਦਦਗਾਰ ਹੈ। ਘਰੇਲੂ ਕੰਮਕਾਜ ਤੋਂ ਦਫ਼ਤਰੀ ਕਾਰਜਾਂ ਤਕ, ਹਸਪਤਾਲਾਂ ਵਿਚ ਮਰੀਜ਼ਾਂ ਦੀ ਜਾਂਚ ਤੋਂ ਖੇਤੀਬਾੜੀ ਵਿਚ ਮੌਸਮ ਦੀ ਪੇਸ਼ੀਨਗੋਈ ਤਕ—ਹਰ ਥਾਂ ਇਸ ਨੇ ਮਨੁੱਖੀ ਮਿਹਨਤ ਘਟਾ ਕੇ ਸਮਾਂ ਅਤੇ ਪੈਸੇ ਦੀ ਬਚਤ ਕੀਤੀ ਹੈ। ਸਿੱਖਿਆ ਦੇ ਖੇਤਰ ਵਿਚ ਵਿਦਿਆਰਥੀ ਹੁਣ ਡਿਜਿਟਲ ਐਪਸ ਰਾਹੀਂ ਘਰ ਬੈਠੇ ਹੀ ਗਿਆਨ ਹਾਸਲ ਕਰ ਸਕਦੇ ਹਨ। ਖੇਤੀਬਾੜੀ ਵਿਚ ਵੀ ਆਰਟੀਫਿਸ਼ਲ ਇੰਟੈਲੀਜੈਂਸ (ਏ. ਆਈ.) ਦੇ ਸਹੀ ਪ੍ਰਯੋਗ ਨਾਲ ਫ਼ਸਲਾਂ ਦੀ ਦੇਖਭਾਲ ਤੇ ਉਪਜ ਵਿਚ ਵਾਧਾ ਹੋ ਸਕਦਾ ਹੈ। ਇਸ ਤਰ੍ਹਾਂ ਇਹ ਤਕਨਾਲੋਜੀ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਉਣ ਲਈ ਇੱਕ ਵਰਦਾਨ ਵਾਂਗ ਹੈ।

ਪਰ ਇਸ ਦੇ ਨਾਲ ਹੀ ਕੁਝ ਗੰਭੀਰ ਨੁਕਸਾਨ ਵੀ ਹਨ। ਸਭ ਤੋਂ ਪਹਿਲਾਂ ਤਾਂ ਰੁਜ਼ਗਾਰ ਦਾ ਸੰਕਟ ਹੈ। ਮਸ਼ੀਨਾਂ ਅਤੇ ਰੋਬੋਟਾਂ ਦੀ ਵਰਤੋਂ ਵਧਣ ਨਾਲ ਕਈ ਲੋਕਾਂ ਦੀਆਂ ਨੌਕਰੀਆਂ ਖ਼ਤਰੇ ਵਿਚ ਆ ਗਈਆਂ ਹਨ। ਦੂਜਾ ਵੱਡਾ ਖ਼ਤਰਾ ਗ਼ਲਤ ਜਾਣਕਾਰੀ ਦਾ ਹੈ। ਏ. ਆਈ. ਰਾਹੀਂ ਨਕਲੀ ਵੀਡੀਓ, ਝੂਠੀਆਂ ਖ਼ਬਰਾਂ ਅਤੇ ਅਫ਼ਵਾਹਾਂ ਆਸਾਨੀ ਨਾਲ ਬਣਾ ਕੇ ਫੈਲਾਈਆਂ ਜਾ ਰਹੀਆਂ ਹਨ, ਜਿਸ ਨਾਲ ਸਮਾਜ ਵਿਚ ਉਲਝਣ ਤੇ ਬੇਚੈਨੀ ਵਧਦੀ ਹੈ। ਇਸ ਤੋਂ ਇਲਾਵਾ ਨਿੱਜੀ ਡਾਟਾ ਦੀ ਚੋਰੀ, ਹੈਕਿੰਗ ਅਤੇ ਗੁਪਤ ਜਾਣਕਾਰੀ ਦਾ ਦੁਰਉਪਯੋਗ ਵੀ ਇੱਕ ਗੰਭੀਰ ਚਿੰਤਾ ਹੈ। ਮਨੁੱਖੀ ਸੋਚ 'ਤੇ ਵੀ ਇਸ ਦਾ

* *ਸੀਨੀਅਰ ਗ੍ਰਾਫ਼ਿਕ ਡਿਜਾਈਨਰ, ਇੰਟਰਨੈੱਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੯੩੭*

ਅਸਰ ਪੈਂਦਾ ਹੈ ਕਿਉਂਕਿ ਲੋਕ ਏ. ਆਈ. 'ਤੇ ਬਹੁਤ ਜ਼ਿਆਦਾ ਨਿਰਭਰ ਹੋ ਰਹੇ ਹਨ ਅਤੇ ਆਪਣੀ ਰਚਨਾਤਮਕਤਾ ਗੁਆ ਰਹੇ ਹਨ।

ਏ. ਆਈ. ਤਕਨਾਲੋਜੀ ਨੂੰ ਸਮਝਣ ਲਈ ਲਾਜ਼ਮੀ ਹੈ ਕਿ ਇਸ ਨੂੰ ਕੇਵਲ ਇਕ ਸਾਧਨ ਵਜੋਂ ਜਾਣਿਆ ਜਾਵੇ, ਉਹ ਸਾਧਨ ਜਿਸ ਦੀ ਵਰਤੋਂ ਮਨੁੱਖ ਵੱਲੋਂ ਆਪਣੇ ਜਾਂ ਸਮਾਜ ਦੇ ਫਾਇਦੇ ਜਾਂ ਫਿਰ ਬਹੁਤੀ ਵਾਰ ਨੁਕਸਾਨ ਲਈ ਵੀ ਵਰਤੋਂ ਕੀਤੀ ਜਾਂਦੀ ਹੈ। ਇਹ ਕੇਵਲ ਇੱਕ ਤਕਨਾਲੋਜੀ ਹੈ, ਜੋ ਕਿ ਮਨੁੱਖ ਦੁਆਰਾ ਹੀ ਬਣਾਈ ਗਈ ਹੈ ਅਤੇ ਮਨੁੱਖ ਹੀ ਇਸ ਦੀ ਵਰਤੋਂ ਕਰ ਰਿਹਾ ਹੈ, ਸਿੱਧੇ ਲਫਜ਼ਾਂ ਵਿਚ ਕਹਿਣਾ ਚਾਹੋ ਤਾਂ ਕਹਿ ਸਕਦੇ ਹਾਂ ਕਿ ਏ. ਆਈ. ਸਾਧਨ ਹੈ, ਪਰ ਮਨੁੱਖਤਾ ਦਾ ਮਾਲਕ ਨਹੀਂ ਹੈ। ਇਨ੍ਹਾਂ ਸਾਧਨਾਂ ਦੀ ਵਰਤੋਂ ਮਨੁੱਖਤਾ ਦੇ ਭਲੇ ਲਈ ਬੇਹਤਰੀਨ ਹੈ, ਪਰ ਅਗਰ ਗ਼ਲਤ ਵਰਤਦੇ ਹਾਂ ਤਾਂ ਵਿਨਾਸ਼ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਸਿੱਧਾ ਖਿਲਵਾੜ ਹੈ। ਸੰਸਾਰ ਪੱਧਰ ਉੱਪਰ ਇਸ ਦੀ ਸਹੀ ਵਰਤੋਂ ਅਤੇ ਸਹੀ ਪ੍ਰਚਾਰ ਇਸ ਤਰ੍ਹਾਂ ਨਾਲ ਕੀਤਾ ਜਾਣਾ ਲੋੜੀਂਦਾ ਹੈ ਕਿ ਇਸ ਤਕਨਾਲੋਜੀ ਨੂੰ ਸੱਚ ਅਤੇ ਸਰਬੱਤ ਦੇ ਭਲੇ ਲਈ ਵਰਤਿਆ ਜਾਵੇ, ਨਾ ਕਿ ਇਸ ਦੇ ਉਲਟ ਇਸ ਨੂੰ ਇੱਕ ਝੂਠ ਦਾ ਹਥਿਆਰ ਬਣਾ ਕੇ ਬਿਲਕੁਲ ਵੀ ਨਾ ਪ੍ਰਚਾਰਿਆ ਜਾਵੇ, ਜਿਸ ਨਾਲ ਸਮਾਜ ਅੰਦਰ ਫਿਰਕੂ ਰੋਲੇ ਅਤੇ ਵਿਸ਼ਵ-ਵਿਆਪੀ ਪੱਧਰ 'ਤੇ ਤਰ੍ਹਾਂ ਤਰ੍ਹਾਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਹੋਵੇ।

ਆਰਟੀਫਿਸ਼ਲ ਇੰਟੈਲੀਜੈਂਸ (ਏ. ਆਈ.) ਦੀ ਵਰਤੋਂ ਧਰਮ ਦੀ ਸੇਵਾ ਲਈ ਕਰਨੀ ਚਾਹੀਦੀ ਹੈ, ਨਾ ਕਿ ਧਰਮਾਂ ਦੇ ਵਿਰੁੱਧ। ਧਾਰਮਿਕ ਖੇਤਰ ਵਿਚ ਵੀ ਏ. ਆਈ. ਦੀ ਵਰਤੋਂ ਦੇ ਦੋ ਪੱਖ ਹਨ। ਸਹੀ ਦਿਸ਼ਾ ਵਿਚ ਵਰਤੀ ਜਾਵੇ ਤਾਂ ਇਹ ਧਾਰਮਿਕ ਗ੍ਰੰਥਾਂ ਦੀ ਡਿਜਿਟਲ ਸੁਰੱਖਿਆ, ਆਨਲਾਈਨ ਕੀਰਤਨ ਤੇ ਪ੍ਰਵਚਨ ਅਤੇ ਵਿਦੇਸ਼ਾਂ ਵਿਚ ਬੈਠੇ ਸ਼ਰਧਾਲੂਆਂ ਤਕ ਧਾਰਮਿਕ ਸੰਦੇਸ਼ ਪਹੁੰਚਾਉਣ ਦਾ ਸਰੋਤ ਬਣ ਸਕਦੀ ਹੈ। ਪਰ ਦੂਜੇ ਪਾਸੇ ਕੁਝ ਗ਼ਲਤ ਮਨਸੂਬਿਆਂ ਵਾਲੇ ਲੋਕ ਇਸ ਦਾ ਦੁਰਉਪਯੋਗ ਕਰ ਰਹੇ ਹਨ। ਨਕਲੀ ਵੈਬਸਾਈਟਾਂ ਬਣਾ ਕੇ ਯਾਤਰੀਆਂ ਨੂੰ ਠੱਗਣਾ, ਫ਼ਰਜ਼ੀ ਵੀਡੀਓ ਅਤੇ ਸੁਨੇਹੇ ਰਾਹੀਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣਾ, ਅਤੇ ਸਮਾਜਿਕ ਸਾਂਝ ਨੂੰ ਖ਼ਤਰੇ ਵਿਚ ਪਾਉਣਾ— ਇਹ ਸਭ ਭਾਰਤ ਵਰਗੇ ਵਿਭਿੰਨ ਧਰਮਾਂ ਵਾਲੇ ਦੇਸ਼ ਲਈ ਬਹੁਤ ਹੀ ਖ਼ਤਰਨਾਕ ਹੈ। ਖਾਸਕਰ ਧਾਰਮਿਕ ਪੱਖੋਂ ਭਾਰਤ ਵਰਗੇ ਦੇਸ਼ਾਂ ਵਿਚ ਇਸ ਤਕਨਾਲੋਜੀ ਦੀ ਵਰਤੋਂ ਇੱਕ ਧਰਮ ਵੱਲੋਂ ਦੂਜੇ ਧਰਮਾਂ ਦਾ ਤ੍ਰਿਸਕਾਰ ਕਰਨ ਲਈ ਬਹੁਤ ਵਾਰ ਅਜਿਹੀਆਂ ਇਤਰਾਜ਼ਯੋਗ ਵੀਡੀਓਜ਼ ਇਸ ਤਕਨਾਲੋਜੀ ਦੀ ਮਦਦ ਨਾਲ ਤਿਆਰ ਕਰ ਕੇ ਪ੍ਰਚਾਰੀਆਂ ਜਾਂਦੀਆਂ ਹਨ, ਜਿਸ ਨਾਲ ਉਕਤ ਧਰਮ ਨਾਲ ਸੰਬੰਧਿਤ ਲੋਕਾਂ ਅੰਦਰ ਗੁੱਸਾ ਉਪਜਦਾ ਹੈ ਅਤੇ ਇਸ ਦਾ ਨੁਕਸਾਨ ਫਿਰਕੂ ਹਾਲਾਤਾਂ ਦੇ ਵਿਗੜਨ ਅਤੇ ਸੰਪਰਦਾਇਕ ਦੰਗਿਆਂ ਜਾਂ ਲੜਾਈਆਂ/ ਝਗੜਿਆਂ ਦੇ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਅਜਿਹੇ ਕੰਮਾਂ ਨਾਲ ਬਹੁ-ਧਰਮੀ ਵਸੋਂ ਵਾਲੇ ਦੇਸ਼ਾਂ ਅੰਦਰ ਆਪਸੀ ਮਿਲਵਰਤਨ ਅਤੇ ਸਦਭਾਵਨਾ ਨੂੰ ਭਾਰੀ ਸੱਟ ਵੱਜਦੀ ਹੈ।

ਏ. ਆਈ. ਤਕਨਾਲੋਜੀ ਮਨੁੱਖ ਦੀ ਦੋਸਤ ਹੈ, ਜੇਕਰ ਅਸੀਂ ਇਸ ਨੂੰ ਸਹੀ ਰਾਹ ਦਿਖਾਈਏ ਅਤੇ ਇਸ ਪਾਸੋਂ ਸਹੀ ਜਾਣਕਾਰੀ ਅਤੇ ਸੁਝਾਅ ਪ੍ਰਾਪਤ ਕਰੀਏ। ਪਰ ਅਗਰ ਅਸੀਂ ਆਪਣੀ ਮਾੜੀ ਸੋਚ ਜਾਂ ਫਿਰ ਗ਼ਲਤ ਮਨਸੂਬਿਆਂ ਨੂੰ ਸਿੱਧ ਕਰਨ ਲਈ ਇਸ ਪਾਸੋਂ ਗ਼ਲਤ ਜਾਣਕਾਰੀਆਂ ਜਾਂ ਗਲਤ ਤਰੀਕੇ ਨਾਲ ਸਫਲ ਹੋਣ ਲਈ ਤਰੀਕੇ ਪ੍ਰਾਪਤ ਕਰਨੇ ਹਨ ਤਾਂ ਫਿਰ ਇਹ ਕਿਸੇ ਖਤਰਨਾਕ ਮਾਰੂ ਹਥਿਆਰ ਜਿਹਾ ਹੀ ਹੈ, ਜਿਸ ਨਾਲ ਕੇਵਲ ਨੁਕਸਾਨ ਹੀ ਹੋਵੇਗਾ। ਕਿਸੇ ਵੀ ਤਕਨਾਲੋਜੀ ਦੀ ਸਹੀ ਜਾਣਕਾਰੀ ਅਤੇ ਉਸ ਦੀ ਸਹੀ ਵਰਤੋਂ ਮਨੁੱਖਤਾ ਦੇ ਭਲੇ ਅਤੇ ਸੇਵਾ ਲਈ ਕਰਨੀ ਚਾਹੀਦੀ ਹੈ, ਨਾ ਕਿ ਨਫਰਤ ਫੈਲਾਉਣ ਜਾਂ ਕਿਸੇ ਨੂੰ ਨੀਵਾਂ ਦਿਖਾਉਣ ਲਈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਏ. ਆਈ. ਤਕਨਾਲੋਜੀ ਦੀ ਸਹੀ ਵਰਤੋਂ ਅਤੇ ਇਸ ਦਾ ਸਹੀ ਭਵਿੱਖ ਸਾਡੇ ਆਪਣੇ ਹੀ ਹੱਥਾਂ ਵਿਚ ਹੈ, ਇਸ ਦੀ ਸਹੀ ਵਰਤੋਂ ਹੀ ਇਸ ਨੂੰ ਵਰਦਾਨ ਬਣਾਏਗੀ। ਅਗਰ ਸੰਸਾਰ ਪੱਧਰ 'ਤੇ ਇਸ ਦੀ ਵਰਤੋਂ ਕੇਵਲ ਗ਼ਲਤ ਕੰਮਾਂ ਜਾਂ ਫਿਰ ਭੜਕਾਊ ਮਾਮਲਿਆਂ ਲਈ ਕਰਨੀ ਜਾਰੀ ਰਹੀ ਤਾਂ ਇਹ ਇਕ ਸਰਾਪ ਹੀ ਬਣ ਕੇ ਰਹਿ ਜਾਵੇਗੀ। ਇਸ ਦੀ ਗ਼ਲਤ ਵਰਤੋਂ ਨੂੰ ਰੋਕਣ ਲਈ ਕਈ ਪੱਧਰ 'ਤੇ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਸਰਕਾਰ ਨੂੰ ਏ. ਆਈ. ਦੇ ਦੁਰਉਪਯੋਗ 'ਤੇ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ। ਧਾਰਮਿਕ ਸੰਸਥਾਵਾਂ ਨੂੰ ਆਪਣੇ ਅਧਿਕਾਰਤ ਡਿਜਿਟਲ ਪਲੇਟਫਾਰਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਸਕੂਲਾਂ, ਕਾਲਜਾਂ ਅਤੇ ਮੀਡੀਆ ਰਾਹੀਂ ਲੋਕਾਂ ਨੂੰ ਇਹ ਸਿੱਖਿਆ ਦੇਣੀ ਲਾਜ਼ਮੀ ਹੈ ਕਿ ਉਹ ਹਰ ਆਨਲਾਈਨ ਜਾਣਕਾਰੀ 'ਤੇ ਤੁਰੰਤ ਵਿਸ਼ਵਾਸ ਨਾ ਕਰਨ। ਸਭ ਤੋਂ ਮਹੱਤਵਪੂਰਨ ਗੱਲ ਹੈ ਕਿ ਹਰ ਨਾਗਰਿਕ ਖੁਦ ਜ਼ਿੰਮੇਵਾਰੀ ਨਾਲ ਕੰਮ ਲਵੇ ਅਤੇ ਝੂਠੀਆਂ ਖ਼ਬਰਾਂ ਜਾਂ ਨਕਲੀ ਵੀਡੀਓਜ਼ ਨੂੰ ਅੱਗੇ ਨਾ ਵਧਾਏ।

ਆਖ਼ਰਕਾਰ, ਇਹ ਕਿਹਾ ਜਾ ਸਕਦਾ ਹੈ ਕਿ ਆਰਟੀਫਿਸ਼ਲ ਇੰਟੈਲੀਜੈਂਸ (ਏ. ਆਈ.) ਤਕਨਾਲੋਜੀ ਸਾਡੇ ਜੀਵਨ ਲਈ ਵਰਦਾਨ ਵੀ ਹੈ ਤੇ ਖ਼ਤਰਾ ਵੀ। ਜੇਕਰ ਸਮਾਜ ਜਾਗਰੂਕ ਹੈ ਤਾਂ ਤਕਨਾਲੋਜੀ ਸਾਧਨ ਹੈ, ਨਹੀਂ ਤਾਂ ਸਿਰਫ ਖ਼ਤਰਾ ਅਤੇ ਵਿਨਾਸ਼ ਹੀ ਇਸ ਦੀ ਉਪਲਬਧੀ ਹੋਵੇਗੀ। ਸਹੀ ਜਾਣਕਾਰੀ, ਸੱਚੀ ਜਾਣਕਾਰੀ ਅਤੇ ਸ਼ਾਂਤੀ/ਭਾਈਚਾਰਕ ਸਾਂਝ ਅਤੇ ਅਗਾਂਹਵਧੂ ਸੁਹਿਰਦ ਸੋਚ ਨਾਲ ਏ. ਆਈ. ਤਕਨਾਲੋਜੀ ਨੂੰ ਵਰਤਣਾ ਜਾਂ ਚਲਾਉਣਾ ਹੋਵੇਗਾ, ਨਾ ਕਿ ਤਬਾਹੀ ਦੇ ਰਾਹ 'ਤੇ। ਇਹਦੀ ਸਹੀ ਵਰਤੋਂ ਸਾਡੇ ਭਵਿੱਖ ਨੂੰ ਸੁੰਦਰ ਬਣਾ ਸਕਦੀ ਹੈ ਜਦਕਿ ਗਲਤ ਵਰਤੋਂ ਸਮਾਜ ਨੂੰ ਅੰਧਕਾਰ ਵਿਚ ਧੱਕ ਸਕਦੀ ਹੈ। ਕਿਸੇ ਵੀ ਧਰਮ ਦਾ ਮੂਲ ਪਿਆਰ ਤੇ ਸੱਚ ਹੈ, ਕੋਈ ਵੀ ਤਕਨਾਲੋਜੀ ਇਸ ਤੋਂ ਉੱਪਰ ਨਹੀ। ਇਸ ਲਈ ਲੋੜ ਹੈ ਸਹੀ ਦਿਸ਼ਾ, ਸਮਝਦਾਰੀ ਅਤੇ ਜਾਗਰੂਕਤਾ ਦੀ, ਤਾਂ ਜੋ ਅਸੀਂ ਏ. ਆਈ. ਨੂੰ ਮਨੁੱਖਤਾ ਦੀ ਭਲਾਈ ਲਈ ਵਰਤ ਕੇ ਇੱਕ ਸ਼ਾਂਤਮਈ ਤੇ ਪ੍ਰਗਤੀਸ਼ੀਲ ਸੰਸਾਰ ਬਣਾਈਏ।

ਜਨਵਰੀ ੨੦੨੬ ਦਾ ਬਾਕੀ

ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

੫੬. ਜਿਸ ਨਾਮ-ਸਿਮਰਨ ਦੇ ਅਭਿਆਸੀ ਸਿੱਖ ਨੂੰ ਰੱਬੀ ਸਿਮਰਨ ਵਿਚ ਆਪਣੀ ਸੁਰਤ ਨੂੰ ਜੋੜਨ ਦਾ ਢੰਗ ਆ ਗਿਆ, ਐਸੇ ਭਾਗਾਂ ਵਾਲੇ ਸਿੱਖ ਨੂੰ ਖੰਡਾਂ-ਬ੍ਰਹਿਮੰਡਾਂ ਦਾ ਗਿਆਨ ਹੋਣਾ ਸ਼ੁਰੂ ਹੋ ਜਾਂਦਾ ਹੈ।

੫੭. ਜੋ ਨਾਮ-ਸਿਮਰਨ ਦਾ ਅਭਿਆਸੀ ਸਿੱਖ ਰੱਬੀ ਨਾਮ ਨੂੰ ਅਥਾਹ ਪਿਆਰ ਨਾਲ ਜਪ ਕੇ, ਰੱਬ ਦੀ ਗੋਦ ਵਿਚ ਬੈਠਣ ਦਾ ਯਤਨ ਕਰਦਾ ਹੈ, ਐਸੇ ਨਾਮ ਸਿਮਰਨ ਦੇ ਅਭਿਆਸੀ ਸਿੱਖ ਦੇ ਮੂੰਹ ਵਿੱਚੋਂ ਨਿਕਲੇ ਬੋਲ ਵੀ ਰੱਬ ਦੇ ਆਪਣੇ ਬੋਲ ਹੁੰਦੇ ਹਨ।

੫੮. ਵਾਹਿਗੁਰੂ ਜੀ ਦੇ ਸਿਮਰਨ ਕਰਨ ਵਾਲੇ ਅਭਿਆਸੀ ਸਿੱਖ ਦੇ ਸਾਕ-ਸੰਬੰਧੀ, ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਜੇ ਕਿਤੇ ਕਿਸੇ ਮੁਸੀਬਤ ਪੈਣ 'ਤੇ ਸਾਥ ਛੱਡ ਜਾਣ ਤਾਂ ਉਹ ਕਦੇ ਘਬਰਾਉਂਦਾ ਨਹੀਂ, ਉਹ ਰੱਬੀ ਨਾਮ ਦੀ ਮਸਤੀ ਵਿਚ ਰਹਿ ਕੇ, ਸਦਾ ਖੇੜੇ ਵਿਚ ਹੀ ਰਹਿੰਦਾ ਹੈ।

੫੯. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦੇ ਅਭਿਆਸ ਕਰਨ ਵੇਲੇ ਜਿਹੜਾ ਸਿੱਖ ਆਪਣੇ ਮਨ ਨਾਲ ਵੱਡਾ ਮੋਰਚਾ ਲਾ ਛੱਡਦਾ ਹੈ, ਐਸੇ ਪਿਆਰੇ ਸਿੱਖ ਅੱਗੇ ਮਨ ਨੂੰ ਇਕ-ਨਾ-ਇਕ ਦਿਨ ਹਥਿਆਰ ਸੁੱਟਣੇ ਹੀ ਪੈਂਦੇ ਹਨ; ਜਿਸ ਸਦਕਾ ਐਸੇ ਸਿੱਖ ਲਈ ਰੱਬ ਆਪਣੇ ਸੱਚਖੰਡ ਦੇ ਦਰਵਾਜ਼ੇ ਹੀ ਖੋਲ੍ਹ ਦਿੰਦਾ ਹੈ।

੬੦. ਵਾਹਿਗੁਰੂ ਜੀ ਦੇ ਸਿਮਰਨ ਵਿਚ ਜੁੜੇ ਅਭਿਆਸੀ ਸਿੱਖ ਨੂੰ ਦੁੱਖ ਕਦੇ ਸਤਾਉਂਦੇ ਨਹੀ, ਕਿਉਂਕਿ ਉਹ ਨਾਮ-ਸਿਮਰਨ ਦੇ ਅਭਿਆਸ ਵਿਚ ਰੁੱਝੇ ਹੋਣ ਕਰਕੇ, ਰੱਬ ਦੇ ਆਸਰੇ 'ਤੇ ਹੀ ਬੈਠਾ ਰਹਿੰਦਾ ਹੈ।

੬੧. ਵਾਹਿਗੁਰੂ ਜੀ ਦੇ ਨਾਮ-ਸਿਮਰਨ ਦਾ ਅਭਿਆਸੀ ਸਿੱਖ ਰੱਬ ਵੱਲੋਂ ਦਿੱਤੀਆਂ ਹੋਈਆਂ ਦਾਤਾਂ ਨਾਲ ਪਿਆਰ ਨਹੀਂ ਕਰਦਾ ਹੈ। ਇਸ ਕਰਕੇ ਉਹ ਸੰਤੋਖੀ ਸੁਭਾਅ ਦਾ ਹੁੰਦਾ ਹੈ ਪਰ ਮਨਮੁਖ ਰੱਬ ਨਾਲ ਪਿਆਰ ਨਹੀਂ ਕਰਦਾ, ਉਹ ਤਾਂ ਰੱਬ ਵੱਲੋਂ ਦਿੱਤੀਆਂ ਹੋਈਆਂ ਦਾਤਾਂ ਨਾਲ ਹੀ ਪਿਆਰ ਕਰਦਾ ਹੈ, ਇਸ ਕਰਕੇ ਉਹ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਰਹਿੰਦਾ ਹੈ।

੬੨. ਵਾਹਿਗੁਰੂ ਜੀ ਦਾ ਸਿਮਰਨ-ਅਭਿਆਸੀ ਸਿੱਖ ਜਦੋਂ ਨਾਮ ਜਪ ਕੇ ਰੱਬ ਨੂੰ ਖੁਸ਼ ਕਰ ਲੈਂਦਾ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਪੰਜੇ ਵੱਡੇ ਵਿਕਾਰ, ਰੱਬ ਆਪਣੀ ਕਿਰਪਾ ਦ੍ਰਿਸ਼ਟੀ ਸਦਕਾ ਸਿੱਖ ਦੇ ਵੱਸ ਕਰ ਦਿੰਦਾ ਹੈ।

* *#੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

੬੩. ਵਾਹਿਗੁਰੂ ਸਿਮਰਨ ਦਾ ਅਭਿਆਸੀ ਸਿੱਖ ਆਮ ਦੁਨੀਆ ਵਾਂਗੂੰ ਆਪਣਾ ਸਮਾਂ ਬਰਬਾਦ ਨਹੀਂ ਕਰਦਾ, ਉਹ ਆਪਣਾ ਸਾਰਾ ਸਮਾਂ ਨਾਮ-ਸਿਮਰਨ ਕਰ ਕੇ ਸਫ਼ਲ ਕਰਦਾ ਰਹਿੰਦਾ ਹੈ।

੬੪. ਵਾਹਿਗੁਰੂ ਜੀ ਦੇ ਸਿਮਰਨ ਕਰਨ ਵਾਲੇ ਅਭਿਆਸੀ ਸਿੱਖ ਦੀਆਂ ਰਹੁ-ਰੀਤਾਂ ਦੁਨੀਆ ਤੋਂ ਵੱਖਰੀਆਂ ਹੀ ਹੁੰਦੀਆਂ ਹਨ, ਉਹ ਦੁਨੀਆ ਦੀ ਖੁਸ਼ੀ ਪ੍ਰਾਪਤ ਨਹੀਂ ਕਰਦਾ, ਉਹ ਆਪਣਾ ਸਾਰਾ ਸਮਾਂ ਨਾਮ ਸਿਮਰਨ ਕਰ ਕੇ ਸਫ਼ਲ ਕਰਦਾ ਰਹਿੰਦਾ ਹੈ।

੬੫. ਗੁਰਬਾਣੀ ਨੂੰ ਪੜ੍ਹਦੇ-ਪੜ੍ਹਦੇ ਇਕ ਦਿਨ ਗੁਰਬਾਣੀ ਵਿੱਚੋਂ ਹੀ ਅਭਿਆਸੀ ਸਿੱਖ ਨੂੰ ਰਤਨ, ਜਵਾਹਰ, ਮਾਣਕ ਰੂਪੀ ਨਾਮ ਮਿਲ ਜਾਂਦਾ ਹੈ ਜਿਸ ਸਦਕਾ ਉਸ ਦੀ ਹਰ ਆਸ ਤਾਂ ਪੂਰੀ ਹੁੰਦੀ ਹੀ ਹੁੰਦੀ ਹੈ; ਸਗੋਂ ਜੋ ਵੀ ਉਸ ਦੀ ਸੰਗਤ ਕਰਦੇ ਹਨ ਰੱਬ ਉਨ੍ਹਾਂ ਦੀਆਂ ਆਸਾਂ ਪੂਰੀਆਂ ਕਰ ਦਿੰਦਾ ਹੈ।

੬੬. ਸਿਮਰਨ ਅਭਿਆਸੀ ਸਿੱਖ ਰੱਬ ਦੇ ਰਾਹ 'ਤੇ ਚੱਲ ਕੇ ਲੋਕਾਂ ਨਾਲ ਜ਼ਿਆਦੇ ਬੋਲ-ਕੁਬੋਲ ਨਾ ਕਰੇ, ਆਪਣੇ ਆਪ ਵਿਚ ਮਸਤ ਰਹਿ ਕੇ ਸਦਾ ਰੱਬੀ ਸਿਮਰਨ ਨਾਲ ਹੀ ਜੁੜਿਆ ਰਹੇ, ਲੋਕ ਆਪੇ ਹੀ ਪਿੱਛੇ ਲੱਗ ਜਾਣਗੇ।

੬੭. ਜਿਸ ਤਰ੍ਹਾਂ ਹਰ ਦੁੱਧ ਵਿਚ ਘਿਉ ਹੁੰਦਾ ਹੈ ਪਰ ਦੁੱਧ ਵਿੱਚੋਂ ਘਿਉ ਕੱਢਣ ਲਈ ਦੁੱਧ ਨੂੰ ਵਿਧੀ ਰਾਹੀਂ ਰਿੜਕਣਾ ਪੈਂਦਾ ਹੈ। ਇਸੇ ਤਰ੍ਹਾਂ ਹਰ ਹਿਰਦੇ ਵਿਚ ਰੱਬ ਵਸਦਾ ਹੈ ਪਰ ਸੁਆਸਾਂ ਦੇ ਨਾਮ-ਸਿਮਰਨ ਰਾਹੀਂ ਰਿੜਕ-ਰਿੜਕ ਕੇ ਨਾਮ ਅਭਿਆਸੀ ਸਿੱਖ ਦੇ ਰੱਬ ਹਿਰਦੇ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ।

੬੮. ਰੱਬ ਸਭ ਕੁਝ ਬਰਦਾਸ਼ਤ ਕਰ ਲੈਂਦਾ ਪਰ ਰੱਬ ਆਪਣੇ ਪਿਆਰੇ ਭਗਤ ਦਾ ਦੁਖ ਬਰਦਾਸ਼ਤ ਨਹੀਂ ਕਰਦਾ, ਰੱਬ ਭਗਤ ਦੇ ਦੋਖੀ ਨੂੰ ਪਾੜ ਕੇ ਸੁੱਟ ਦਿੰਦਾ ਹੈ।

੬੯. ਵਾਹਿਗੁਰੂ ਸਿਮਰਨ ਦੇ ਵੱਡੇ ਅਭਿਆਸ ਸਦਕਾ ਨੀਚ ਤੋਂ ਨੀਚ ਮਨੁੱਖ ਵੀ ਉੱਚੇ ਦਰਜੇ ਦਾ ਸਾਧੂ ਬਣ ਕੇ ਦੁਨੀਆ ਵਿਚ ਪ੍ਰਗਟ ਹੋ ਜਾਂਦਾ ਹੈ।

੭੦. ਵਾਹਿਗੁਰੂ ਸਿਮਰਨ ਦੇ ਵੱਡੇ ਅਭਿਆਸ ਸਦਕਾ ਜਦੋਂ ਕਿਸੇ ਸਿੱਖ ਦੇ ਹਿਰਦੇ ਅੰਦਰ ਪੂਰਨ ਭਰੋਸਾ ਅਤੇ ਅਡੋਲਤਾ ਦੇ ਦੋ ਮਹਾਨ ਗੁਣ ਪ੍ਰਗਟ ਹੋ ਜਾਂਦੇ ਹਨ ਤਾਂ ਉਹ ਸਿੱਖ ਇਨ੍ਹਾਂ ਦੋਹਾਂ ਗੁਣਾਂ ਕਰਕੇ ਦੁਨੀਆ ਵਿਚ ਸਦਾ ਮੌਜਾਂ ਹੀ ਮਾਣਦਾ ਰਹਿੰਦਾ ਹੈ।

੭੧. ਰੱਬੀ ਪਿਆਰ ਦੀ ਅਸਲ ਨਿਸ਼ਾਨੀ ਤਾਂ ਭਾਣੇ ਮੰਨਣ ਤੋਂ ਬਾਅਦ ਹੀ ਪ੍ਰਗਟ ਹੁੰਦੀ ਹੈ ਰੱਬੀ ਸਿਮਰਨ ਕਰਨ ਵਾਲਾ ਸਿੱਖ ਦੁੱਖ, ਸੁੱਖ ਅਤੇ ਭੁੱਖ ਵਿਚ ਸਦਾ ਰੱਬੀ ਨਾਮ ਨਾਲ ਜੁੜਿਆ ਰਹੇ, ਇਹੋ ਨਿਸ਼ਾਨੀ ਹੀ, ਰੱਬ ਦੇ ਮਿਲਾਪ ਦੀ ਅਸਲ ਨਿਸ਼ਾਨੀ ਹੁੰਦੀ ਹੈ।

੭੨. ਵਾਹਿਗੁਰੂ ਜੀ ਦੇ ਸਿਮਰਨ ਭਗਤੀ ਦੇ ਕਮਾਏ ਹੋਏ ਧਨ ਵਿਚ ਏਡੀ ਵੱਡੀ ਬਰਕਤ ਹੁੰਦੀ ਹੈ ਕਿ ਦੁਨਿਆਵੀ ਮਾਇਆ ਵੀ ਸਿਮਰਨ ਕਰਨ ਵਾਲੇ ਸਿੱਖ ਦੇ ਪਿੱਛੇ-ਪਿੱਛੇ ਭੱਜੀ ਫਿਰਦੀ ਹੈ। ■

ਫਰਵਰੀ ਤੇ ਮਾਰਚ ੨੦੨੬ ਈ. ਦੇ (ਨਾਨਕਸ਼ਾਹੀ ਸੰਮਤ ੫੫੭ ਮੁਤਾਬਕ) ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਜਨਮ ਦਿਹਾੜਾ ਭਗਤ ਰਵਿਦਾਸ ਜੀ	੧੯ ਮਾਘ ੦੧ ਫਰਵਰੀ
ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ)	੨੭ ਮਾਘ ੦੯ ਫਰਵਰੀ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ	੨੯ ਮਾਘ ੧੧ ਫਰਵਰੀ
ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ)	੧੦ ਫੱਗਣ ੨੧ ਫਰਵਰੀ
ਜੈਤੋ ਦਾ ਮੋਰਚਾ (ਫਰੀਦਕੋਟ)	੧੦ ਫੱਗਣ ੨੧ ਫਰਵਰੀ
ਸਲਾਨਾ ਜੋੜ-ਮੇਲਾ (ਵੱਡੇ ਘੱਲੂਘਾਰੇ ਦੀ ਯਾਦ 'ਚ) ਗਹਿਲ, (ਬਰਨਾਲਾ)	੧੦ ਤੋਂ ੧੨ ਫੱਗਣ ੨੧ ਤੋਂ ੨੩ ਫਰਵਰੀ
ਹੋਲਾ ਮਹੱਲਾ	੨੧ ਫੱਗਣ ੦੪ ਮਾਰਚ

ਪੂਰਨਮਾਸੀ	੧੯ ਮਾਘ ੦੧ ਫਰਵਰੀ
ਸੰਗਰਾਂਦ	੦੧ ਫੱਗਣ ੧੨ ਫਰਵਰੀ
ਮੱਸਿਆ	੦੬ ਫੱਗਣ ੧੭ ਫਰਵਰੀ
ਪੂਰਨਮਾਸੀ	੨੦ ਫੱਗਣ ੦੩ ਮਾਰਚ

■

ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

ਇਤੁ ਮਾਰਗਿ ਪੈਰੁ ਧਰੀਜੈ

*-ਡਾ. ਸ਼ਿਆਮ ਸੁੰਦਰ ਦੀਪਤੀ**

ਗੁਰਬਾਣੀ ਦੀ ਉਪਰੋਕਤ ਸਿਰਲੇਖ ਵਾਲੀ ਪੰਕਤੀ ਇਹ ਸੁਨੇਹਾ ਦਿੰਦੀ ਹੈ ਕਿ ਜਿਸ ਵੀ ਰਾਹ 'ਤੇ ਮਨੁੱਖ ਚੱਲਿਆ ਹੈ, ਉਸ 'ਤੇ ਚਲਦੇ ਹੋਏ ਹਰ ਹਾਲਤ ਆਪਣਾ ਕਾਰਜ ਨਿਭਾਉਣਾ ਹੈ। ਹੁਣ ਵੇਖਣਾ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸ ਮਾਰਗ 'ਤੇ ਪੈਰ ਧਰਿਆ ਸੀ। ਉਨ੍ਹਾਂ ਦਾ ਪ੍ਰਕਾਸ਼ ਪਿਤਾ ਮਹਿਤਾ ਕਾਲੂ ਜੀ ਦੇ ਘਰ ਹੋਇਆ ਤੇ ਇਸ ਰਾਹ 'ਤੇ ਕਿਵੇਂ ਪੈ ਗਏ? ਪਿਤਾ ਤਾਂ ਬੇਟੇ ਨੂੰ ਆਪਣੇ ਪਰਵਾਰਿਕ ਕਿੱਤੇ ਮੁਤਾਬਿਕ ਵਪਾਰੀ ਬਣਾਉਣਾ ਚਾਹੁੰਦੇ ਸੀ, ਤਾਂ ਹੀ ਤਾਂ 'ਸੌਦਾ' ਕਰਨ ਵਾਸਤੇ ਭੇਜਿਆ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਹ ਰਾਸ ਨਾ ਆਇਆ। ਵੈਸੇ ਪਿਤਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਭਾਅ ਦਾ ਪਤਾ ਚੱਲ ਗਿਆ ਸੀ ਜਦੋਂ ਉਨ੍ਹਾਂ ਨੇ ਸੁਲਤਾਨਪੁਰ ਵਿਖੇ ਆਪਣੀ ਭੈਣ ਬੇਬੇ ਨਾਨਕੀ ਜੀ ਕੋਲ ਰਹਿੰਦੇ ਉੱਚੇ ਦੇ ਸ਼ਾਹੂਕਾਰ ਕੋਲ ਕੰਮ ਕਰਦਿਆਂ "ਤੇਰ੍ਹਾਂ-ਤੇਰ੍ਹਾਂ" ਤੋਲਿਆ ਸੀ। ਫਿਰ ਉਹ ਗੁਰੂ ਨਾਨਕ ਪਾਤਸ਼ਾਹ ਦੁਨੀਆ ਦਾ ਹੋ ਗਿਆ ਸੀ।

ਗੁਰੂ ਨਾਨਕ ਸਾਹਿਬ ਦਾ ਮਕਸਦ ਦੁਨੀਆ ਨੂੰ ਉਸ ਰਾਹ 'ਤੇ ਪਾਉਣਾ ਸੀ ਜਿੱਥੇ ਧਰਮਾਂ ਵਿਚ ਈਰਖਾ, ਵੈਰ-ਭਾਵਨਾ ਦੀ ਕੋਈ ਹੋਂਦ ਨਹੀ ਸੀ। ਉਹ ਰਾਹ ਪ੍ਰੇਮ ਅਤੇ ਮਿਲਵਰਤਨ ਦਾ ਸੀ। ਜਦ ਗੁਰੂ ਜੀ ਘਰੋਂ ਤੁਰੇ ਤਾਂ ਉਨ੍ਹਾਂ ਨੇ ਸਾਰੀ ਦੁਨੀਆ ਪੈਦਲ ਹੀ ਤੈਅ ਕਰ ਲਈ। ਭਾਰਤ ਦੇਸ਼ ਦੇ ਨਾਲ ਲੱਗਦੇ ਇਲਾਕੇ ਪਾਕਿਸਤਾਨ, ਅਫ਼ਗਾਨਿਸਤਾਨ, ਇਰਾਨ ਤੋਂ ਸ਼ੁਰੂ ਹੋ ਕੇ ਉਨ੍ਹਾਂ ਹਜ਼ਾਰਾਂ ਮੀਲਾਂ ਦਾ ਪੈਂਡਾ ਪੈਦਲ ਤੁਰ ਕੇ ਤੈਅ ਕੀਤਾ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ, ਇਹ ਪੈਂਡਾ ਉਹ ਕਿਉਂ ਤੈਅ ਕਰ ਰਹੇ ਸੀ? ਇਸ ਦਾ ਮਕਸਦ ਕੀ ਸੀ? ਅਸਲ ਵਿਚ ਉਹ ਪ੍ਰੇਮ ਦੇ ਅਨੁਯਾਈ ਸੀ। ਗੁਰੂ ਜੀ ਉਸ ਵਕਤ ਦੁਨੀਆ ਦੇ ਹਾਲਾਤ ਦੇਖਦੇ ਹੋਏ ਉਹ ਪ੍ਰੇਮ ਵੰਡਣਾ ਚਾਹੁੰਦੇ ਸੀ। ਆਪਸੀ ਪ੍ਰੇਮ ਤੇ ਭਾਈਚਾਰੇ ਦਾ ਸੰਦੇਸ਼ ਦੇਣਾ ਚਾਹੁੰਦੇ ਸਨ।

ਆਪਣੇ ਇਸ ਖਾਸ ਉਦੇਸ਼ ਦੇ ਤਹਿਤ ਉਨ੍ਹਾਂ ਨੇ ਉਹ ਰਾਹ ਫੜਿਆ ਜਿੱਥੇ-ਜਿੱਥੇ ਗਿਆਨਵਾਨ ਲੋਕ ਬੈਠੇ ਸੀ। ਗੁਰੂ ਜੀ ਜਿਨ੍ਹਾਂ ਕੋਲ ਵੀ ਗਏ ਉਨ੍ਹਾਂ ਸਭ ਨਾਲ ਸੰਵਾਦ ਰਚਾਇਆ। ਇਹ ਗੁਰੂ ਨਾਨਕ ਸਾਹਿਬ ਦੀ ਵੱਖਰੀ ਤੇ ਵਿਲੱਖਣ ਪਰੰਪਰਾ ਸੀ ਜਿਸ ਬਾਰੇ ਉਨ੍ਹਾਂ ਫੁਰਮਾਇਆ- *ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥*

ਗੁਰੂ ਨਾਨਕ ਸਾਹਿਬ ਦੇ ਸੰਵਾਦ ਦਾ ਮਕਸਦ ਸੀ ਕਿ ਸੁਣਿਆ ਅਤੇ ਕਿਹਾ ਜਾਵੇ। ਉਸ ਵਿੱਚੋਂ ਵੀ ਸੁਣਨਾ ਪਹਿਲੇ ਨੰਬਰ 'ਤੇ ਹੈ ਤੇ ਬੋਲਣਾ ਬਾਅਦ ਵਿਚ। ਸਮਾਜ ਵਿਚ

**ਈ-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਵਿਚਾਰਾਂ ਦਾ ਵਟਾਂਦਰਾ ਹੈ ਅਤੇ ਕਿਸੇ ਮੁਲਕ ਪ੍ਰਤੀ ਚੇਤੰਨ ਹੋਣ ਦਾ ਸੰਦੇਸ਼ ਮੁੱਖ ਹੈ।

ਸੰਵਾਦ ਦੀ ਪਰੰਪਰਾ ਵਿਚ ਇਕ ਮਹੱਤਵਪੂਰਨ ਪੱਖ ਹੈ- *ਰੋਸੁ ਨ ਕੀਜੈ ਉਤਰੁ ਦੀਜੈ* ਜੋ ਕਿ ਇਸ ਦਾ ਮਕਸਦ ਸੀ ਕਿ ਸਾਡੇ ਆਪਸੀ ਸੰਵਾਦ ਵਿਚ ਸਹਿਜ ਭਾਵ ਨਾਲ ਗੱਲਬਾਤ ਕੀਤੀ ਜਾਵੇ; ਨਾ ਕਿ ਕਿਸੇ ਵੀ ਤਰ੍ਹਾਂ ਗੁੱਸੇ ਹੋਇਆ ਜਾਵੇ। ਇਸ ਸੰਵਾਦ ਦੀ ਪਰੰਪਰਾ ਦੇ ਮਾਰਗ 'ਤੇ ਚਲਦਿਆਂ ਗੁੱਸੇ ਦੀ ਕੋਈ ਥਾਂ ਨਹੀਂ ਸਿਰਫ ਵਿਚਾਰਾਂ ਦੀ ਸਾਂਝ ਹੈ। ਵਿਚਾਰ ਵੀ ਉਹ ਜੋ ਦੁਨੀਆ ਨੂੰ ਸਮਝਣ ਦੀ ਜਾਚ ਸਿਖਾਉਣ ਅਤੇ ਲੋਕਾਂ ਵਿਚ ਮਨੁੱਖਤਾ ਦੇ ਰੰਗ-ਢੰਗ ਵਿਚ ਢਾਲਣ।

ਜਿਸ ਤਰ੍ਹਾਂ ਦਾ ਸਮਾਜ ਉਸ ਸਮੇਂ ਊਚ-ਨੀਚ ਵਿਚ ਵੰਡਿਆ ਹੋਇਆ ਸੀ ਭਾਵ ਉਸ ਵੇਲੇ ਬਣਿਆ ਹੋਇਆ ਸੀ ਉਸ ਵਿਚ ਸੰਵਾਦ ਰਚਾਉਣ ਲਈ ਗੁਰੂ ਨਾਨਕ ਸਾਹਿਬ ਦੇ ਇਹ ਵਿਚਾਰ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਗੁਰੂ ਨਾਨਕ ਸਾਹਿਬ ਹਮੇਸ਼ਾ ਹੀ ਆਪਣੇ-ਆਪ ਨੂੰ ਨੀਂਵਿਆਂ ਸੰਗ ਖੜ੍ਹਾ ਕਰਨ ਦੇ ਚਾਹਵਾਨ ਰਹੇ ਹਨ। ਨੀਂਵਿਆਂ ਸੰਗ ਖੜ੍ਹਾ ਰਹਿੰਦੇ ਹੋਏ ਉਨ੍ਹਾਂ ਦਾ ਰਾਹ-ਪਿਆਰ, ਮੁਹੱਬਤ, ਆਪਸੀ ਬਰਾਬਰੀ ਅਤੇ ਭਾਈਚਾਰੇ ਦਾ ਰਿਹਾ ਹੈ। ਅੱਗੇ ਉਨ੍ਹਾਂ ਨੇ ਖ਼ੁਦ ਫੁਰਮਾਇਆ ਹੈ- *ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥*

ਜਦੋਂ ਉਨ੍ਹਾਂ ਨੇ ਇਹ ਰਾਹ ਫੜਿਆ ਹੀ ਸੀ ਤਾਂ ਉਨ੍ਹਾਂ ਦੇ ਮਨ ਵਿਚ ਇਹੀ ਇਕ ਪ੍ਰੇਮ ਦਾ ਭਾਵ ਹੀ ਸੀ ਤੇ ਉਨ੍ਹਾਂ ਨੇ ਆਪਣੇ ਸੁਨੇਹੇ ਵਿਚ ਪਿਆਰ ਦੇ ਰਾਹ 'ਤੇ ਚੱਲਣ ਦਾ ਹੀ ਸੁਨੇਹਾ ਦਿੱਤਾ। ਪ੍ਰੇਮ ਦੇ ਰਾਹ 'ਤੇ ਚੱਲਣ ਲਈ ਉਨ੍ਹਾਂ ਕੋਲ ਇੱਕੋ ਇਕ ਸੁਨੇਹਾ ਸੀ ਕਿ ਜੇ ਤੁਸੀਂ ਪ੍ਰੇਮ ਦੇ ਮਾਰਗ 'ਤੇ ਚੱਲਣਾ ਚਾਹੁੰਦੇ ਹੋ ਤਾਂ ਸਭ ਦੁਨਿਆਵੀ ਹੱਥ-ਕੰਡਿਆਂ ਨੂੰ ਛੱਡ ਕੇ ਆਪਣਾ ਸਿਰ ਤਲੀ 'ਤੇ ਰੱਖ ਕੇ ਇਸ ਰਾਹ 'ਤੇ ਆਉਣਾ ਹੋਵੇਗਾ। ਬਾਣੀ ਵਿਚ ਜ਼ਿਕਰ ਹੈ- *ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਕਾਰਨ ਉਨ੍ਹਾਂ ਦਾ ਸਤਿਕਾਰ ਸਾਰਿਆਂ ਧਰਮਾਂ ਦੇ ਲੋਕਾਂ ਨੇ ਕੀਤਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਖ਼ੁਦ ਸਾਰੀਆਂ ਸਮਾਜਿਕ/ਧਾਰਮਿਕ ਔਕੜਾਂ ਪਾਰ ਕਰਦੇ ਹੋਏ ਵੱਖ-ਵੱਖ ਲੋਕਾਂ ਨਾਲ ਪ੍ਰੇਮ ਕਰਦੇ ਹੋਏ ਇਹ ਰਾਹ ਤੈਅ ਕੀਤਾ, ਤਾਂ ਹੀ ਉਹ ਕਿਤੇ 'ਪੀਰ', ਕਿਤੇ 'ਗੁਰੂ', ਕਿਤੇ 'ਬਾਬਾ' ਬਣ ਕੇ ਅੱਜ ਤਕ ਯਾਦ ਕੀਤੇ ਜਾਂਦੇ ਹਨ। ਇਨ੍ਹਾਂ ਗੱਲਾਂ ਕਰਕੇ ਇਸ ਪਿਆਰ-ਮੁਹੱਬਤ ਦੇ ਸੰਦੇਸ਼ ਨੇ ਹੀ ਉਨ੍ਹਾਂ ਨੂੰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚਾਇਆ ਹੈ ਤੇ ਉਹ ਅੱਜ 'ਜਗਤ-ਗੁਰੂ' ਦੇ ਤੌਰ 'ਤੇ ਵੀ ਜਾਣੇ ਜਾਂਦੇ ਹਨ ਅਤੇ ਲੋਕਾਂ ਦੇ ਦਿਲਾਂ ਵਿਚ ਸਮਾਏ ਹੋਏ ਹਨ।

ਸਿਰਫ ਗੁਰੂ ਨਾਨਕ ਸਾਹਿਬ ਹੀ ਨਹੀਂ ਬਲਕਿ ਸਮੁੱਚੀ ਗੁਰਬਾਣੀ ਦੀ ਵਿਚਾਰਧਾਰਾ

ਜੋ ਕਿ ਗੁਰੂ ਨਾਨਕ ਸਾਹਿਬ ਦੀਆ ਸਿੱਖਿਆਵਾਂ ਦੇ ਅਨੁਸਾਰੀ ਹੈ, ਵਿਚ ਉਹ ਸਾਰੇ ਸੰਦੇਸ਼ ਸਮੋਏ ਹੋਏ ਹਨ ਜੋ ਪ੍ਰੇਮ ਦੀ ਗੱਲ ਕਰਦੇ ਹਨ। ਇਸ ਤੋਂ ਪਹਿਲਾਂ ਭਗਤ ਕਬੀਰ ਜੀ, ਭਗਤ ਸ਼ੇਖ ਫਰੀਦ ਜੀ ਨੇ ਵੀ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ; ਸਰਬ-ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ■

ਕਵਿਤਾ

ਦਸਮੇਸ਼ ਮਹਿਮਾ

*-ਸ. ਸੁਖਦੀਪ ਸਿੰਘ**

ਦਾਸ ਬੋਲਦਾਂ ਮੈਂ ਪਿਤਾ ਦਸਮੇਸ਼ ਦਾ,
ਸੁਣਾਉਣਾ ਚਾਹੁੰਦਾਂ ਜਿਸ ਦੀ ਉਸਤਤ ਮਹਾਨ!
ਵਾਰ ਅਰੰਭਤਾ ਤੋਂ ਪਹਿਲਾਂ ਦਰਵੇਸ਼ ਦੀ,
ਕਰਿਓ, ਗੁਰੂ ਜੀ ਦੀ ਫਤਿਹ ਪ੍ਰਵਾਨ!!
ਜਿਵੇਂ ਸਮਾਵੇ ਨਾ ਸਮੁੰਦਰ ਵਿਚ ਕੁੱਜੇ,
ਸਿਫਤ ਕਰਨੇ ਨੂੰ ਨਾ ਸ਼ਬਦ ਮੈਨੂੰ ਸੁੱਝੇ।
ਜਿਹੜਾ ਵਾਰ ਕੇ ਚਾਰ ਕਹੇ ਜੀਵਤ ਹਜ਼ਾਰ,
ਨਾ ਭੇਦ ਉਸ ਪਰਮ ਪਿਤਾ ਦਾ ਕੋਈ ਬੁੱਝੇ।
ਜਦ ਰੱਬ ਨੂੰ ਧਰਤ ਪਈ ਦੁਖ 'ਚ ਪੁਕਾਰਦੀ,
ਇਹ ਕਹਿਰ ਜ਼ੁਲਮ ਦਾ ਮੈਂ ਹੋਰ ਨਾ ਸਹਾਰਦੀ।
ਕਰ ਕਿਰਪਾ ਦਇਆਲਾ, ਅਰਦਾਸ ਹਾਂ ਗੁਜ਼ਾਰਦੀ,
ਭੇਜ ਜੋਤ ਕੋਈ ਇਲਾਹੀ ਮੇਰਾ ਭਾਰ ਜੋ ਉਤਾਰਦੀ।
ਦਾਤੇ ਸੁਣਕੇ ਪੁਕਾਰ, ਇਕ ਖੇਡ ਰਚਾਈ,
ਫਿਰ ਕੀਤਾ ਹੁਕਮ ਅਕਾਲ ਨੇ ਹੋਵੇ ਜਗ ਸਹਾਈ।
ਚਾਹੁੰਦੇ ਹਾਂ ਕਰਨਾ ਜਗ 'ਤੇ ਖੁਦ ਨੂੰ ਪ੍ਰਗਟਾਈ,
ਇਕ ਜੋਤ ਇਲਾਹੀ ਰੱਬ ਨੇ ਜਗ ਵਿਚ ਪ੍ਰਗਟਾਈ।
ਦੁਖਾਂ ਵਿਚ ਸੀ ਲੋਕਾਈ ਪਈ ਜ਼ਿੰਦਗੀ ਗੁਜ਼ਾਰਦੀ,
ਨਾਲ ਜ਼ੋਰ ਦੇ ਹਕੂਮਤ ਸੀ ਜੰਞੂ ਨੂੰ ਉਤਾਰਦੀ।
ਜਦ ਹੋ ਗਈ ਇੰਤਹਾ ਵੱਡੇ ਜ਼ੁਲਮ ਕਮਾਉਣ ਦੀ,
ਕਿਰਪਾਨ ਕਲਗੀਧਰ ਦੀ ਪਈ ਪਾਪੀਆਂ ਨੂੰ ਤਾਰਦੀ।
ਸ਼ਸਤਰ ਬਣਿਆ ਨਹੀਂ ਕੋਈ ਰੂਹੇ ਜ਼ਮੀਂ ਅਸਮਾਨ 'ਤੇ,
ਜੋ ਫੱਟ ਦਸਮੇਸ਼ ਜੀ ਦੀ ਛਾਤੀ ਉੱਤੇ ਮਾਰ'ਜੇ।
ਜਿਹਨੂੰ ਚਾਹੁੰਦੇ ਸੀ ਮੁਗਲ ਚੌਦਾਂ ਜੰਗਾਂ ਵਿਚ ਮਾਰਨਾ,
ਟੰਕੀ ਨੌ ਦੀ ਕਮਾਨ ਤੋਂ ਬਚਾਅ ਭਏ ਭਾਲਦੇ।*
ਕਹਿੰਦੇ ਦੋ ਮੁਜੱਸਮੇ ਇੱਕ 'ਚ ਸਮਾਅ ਨੀਂ ਸਕਦੇ,
ਯੋਧੇ ਜੁਝਾਰੂ ਕਦੀ ਕਲਮ ਚਲਾ ਨਹੀਂ ਸਕਦੇ।
ਵਾਂਗ ਬਿਜਲੀ ਰਫ਼ਤਾਰ ਚਾਹੇ ਕਲਮ ਤਲਵਾਰ ਦੀ,
ਗ੍ਰੰਥ ਦਸਮ ਤੇ ਭੰਗਾਣੀ ਹੁੰਗਾਰਾ ਪਈ ਮਾਰਦੀ।
ਵਾਰ ਰਤਨ ਅਮੋਲ ਸਰਹੰਦ ਚਮਕੌਰ,
ਆਖੇ ਬੁੱਝੀਆਂ ਚੰਗਾੜੀਆਂ ਨੇ ਚਾਰ।
ਲੈਣ ਲਈ ਟਾਕਰਾ ਜੁਲਮ ਦੇ ਖ਼ਿਲਾਫ,
ਦਿੱਤਾ ਖਾਲਸੇ ਦੇ ਸੀਨੇ ਵਿਚ ਭਾਂਬੜ ਸੀ ਬਾ਼ਲ।
ਜਿਵੇਂ ਆਕਾਸ਼ ਦਾ ਅੰਤ ਕੋਈ ਪਾ ਨਹੀਂ ਸਕਦਾ,
ਪਿਤਾ ਦਸਮੇਸ਼ ਦਾ ਕਰਜ ਕੋਈ ਲਾਹ ਨਹੀਂ ਸਕਦਾ।
ਅਖਵਾਏ ਸੰਤ ਸਿਪਾਹੀ ਬਾਦਸ਼ਾਹ ਦਰਵੇਸ਼,
ਐਸੀ ਮਹਿਮਾ ਮੈਂ ਤਰਜ਼ਾਂ 'ਚ ਸਮਾਅ ਨਹੀਂ ਸਕਦਾ।
ਕੀ ਕਰੇ ਸੁਰਤ ਸੁਖਦੀਪ ਸਿੰਘ ਦੀ, ਸਮੁੰਦਰ ਨੂੰ ਬਿਆਨ?
ਕਰਿਓ, ਖਾਲਸਾ ਜੀ! ਦਾਸ ਦੀ ਫਤਿਹ ਪ੍ਰਵਾਨ!!

■

** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਮਾਨ ਦਾ ਨਾਮ 'ਨੌਂਟਾਂਕੀ ਕਮਾਨ'*

** New Brisbane, Canada. Contact +1647-839-0476*

ਰਾਗੁ ਧਨਾਸਰੀ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਧਨਾਸਰੀ ਵੀ ਗੁਰਬਾਣੀ ਸੰਗੀਤ ਦੇ ਅੰਤਰਗਤ ਪ੍ਰਮੁੱਖ ਤੇ ਪ੍ਰਚਲਿਤ ਰਾਗੁ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਧਨਾਸਰੀ ਨੂੰ ਦਸਵਾਂ ਸਥਾਨ ਦਿੱਤਾ ਹੈ। ਇਸ ਰਾਗੁ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਸਾਹਿਬ ਜੀ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਗਤ ਸਾਹਿਬਾਨ ਵਿਚ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤ੍ਰਿਲੋਚਨ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ ਅਤੇ ਭਗਤ ਧੰਨਾ ਜੀ ਦੀ ਬਾਣੀ ਦਰਜ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਆਪਣੀ ਬਾਣੀ ਵਿਚ ਰਾਗੁ ਧਨਾਸਰੀ ਦੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ:

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੯)

ਭਾਰਤੀ ਸੰਗੀਤ ਦੇ ਬਹੁਤ ਸਾਰੇ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਰਾਗ ਧਨਾਸਰੀ ਦਾ ਵਰਣਨ ਕੀਤਾ ਹੈ। ਰਾਗ ਧਨਾਸਰੀ ਭਾਰਤੀ ਸ਼ਾਸਤਰੀ ਸੰਗੀਤ ਦਾ ਬਹੁਤ ਪੁਰਾਤਨ ਰਾਗ ਹੁੰਦੇ ਹੋਏ ਵੀ ਅਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਜਦੋਂ ਕਿ ਪੂਰਵੀ ਥਾਟ ਦਾ ਰਾਗ ਪੁਰੀਆ ਧਨਾਸਰੀ ਨੂੰ ਸ਼ਾਸਤਰੀ ਸੰਗੀਤ ਵਿਚ ਜ਼ਿਆਦਾ ਪ੍ਰਚਲਿਤ ਮੰਨਿਆ ਜਾਂਦਾ ਹੈ।

ਰਾਗੁ ਧਨਾਸਰੀ ਗੁਰਬਾਣੀ ਸੰਗੀਤ ਦਾ ਪ੍ਰਸਿੱਧ ਅਤੇ ਮਧੁਰ ਰਾਗੁ ਹੈ। ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਪੁਰਾਤਨ ਸਮੇਂ ਵਿਚ ਰਾਗੁ ਧਨਾਸਰੀ ਦੇ ਵੱਖ-ਵੱਖ ਸਰੂਪ ਪ੍ਰਚਾਰ ਵਿਚ ਰਹੇ ਹਨ। ਜਿਸ ਵਿਚ ਮੁਲਤਾਨੀ ਅੰਗ ਦੀ ਧਨਾਸਰੀ, ਭੈਰਵੀ ਅੰਗ ਦੀ ਧਨਾਸਰੀ, ਪੂਰਵੀ ਅੰਗ ਦੀ ਧਨਾਸਰੀ, ਖਮਾਜ ਅੰਗ ਦੀ ਧਨਾਸਰੀ ਅਤੇ ਕਾਫੀ ਅੰਗ ਦੀ ਧਨਾਸਰੀ ਦੇ ਸਰੂਪ ਮਿਲਦੇ ਹਨ, ਪਰ ਵਰਤਮਾਨ ਸਮੇਂ ਵਿਚ ਰਾਗੁ ਧਨਾਸਰੀ ਨੂੰ ਕਾਫ਼ੀ ਥਾਟ ਦੇ ਅੰਤਰਗਤ ਬਣਦੇ ਸਰੂਪ ਵਿਚ ਹੀ ਪ੍ਰਵਾਨਿਤ ਮੰਨਿਆ ਗਿਆ ਹੈ।

ਰਾਗੁ ਧਨਾਸਰੀ ਵਿਚ ਗਾ (ਗੰਧਾਰ) ਸਵਰ ਅਤੇ ਨੀ (ਨਿਸ਼ਾਦ) ਸਵਰ ਕੋਮਲ ਲਗਦੇ ਹਨ। ਇਸ ਰਾਗੁ ਦੇ ਅਰੋਹ ਵਿਚ ਰੇ (ਰਿਸ਼ਭ) ਅਤੇ ਧਾ (ਧੈਵਤ) ਸਵਰ ਨਹੀਂ

* *ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਸਵਰ, ਵਰਜਿਤ ਸਵਰ ਹਨ। ਇਸ ਰਾਗੁ ਵਿਚ ਪਾ (ਪੰਚਮ) ਸਵਰ ਨਿਆਸ ਦਾ ਸਵਰ ਮੰਨਿਆ ਜਾਂਦਾ ਹੈ, ਭਾਵ ਰਾਗ ਨੂੰ ਗਾਇਨ ਕਰਦੇ ਸਮੇਂ ਇਸ ਸਵਰ ਉੱਪਰ ਰਾਗ ਵਿਚ ਲਗਣ ਵਾਲੇ ਬਾਕੀ ਨਿਸ਼ਚਿਤ ਸਵਰਾਂ ਨਾਲੋਂ ਜ਼ਿਆਦਾ ਇੱਕ ਖਾਸ ਠਹਿਰਾਵ ਦਿੱਤਾ ਜਾਂਦਾ ਹੈ। ਰਾਗੁ ਧਨਾਸਰੀ ਦਾ ਨਿਕਟਵਰਤੀ ਰਾਗ ਭੀਮਪਲਾਸੀ ਜੋ ਸ਼ਾਸਤਰੀ ਸੰਗੀਤ ਦਾ ਰਾਗ ਹੈ, ਨੂੰ ਮੰਨਿਆ ਜਾਂਦਾ ਹੈ। ਹੁਣ ਰਾਗ ਧਨਾਸਰੀ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ-ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ, ਅੱਗੇ ਦਿੱਤੀਆਂ ਜਾ ਰਹੀਆਂ ਹਨ। ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿੱਚ ਰਖ ਕੇ ਰਾਗੁ ਧਨਾਸਰੀ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ, ਨ੍ਹੀ ਸਾ, ਨ੍ਹੀ ਸਾ ਗੁ, ਗੁ ਰੇ ਸਾ, ਸਾ ਨ੍ਹੀ ਧ੍ਹਾ ਪ੍ਹਾ, ਪ੍ਹਾ ਨ੍ਹੀ ਸਾ, ਨ੍ਹੀ ਸਾ ਗੁ, ਗੁ ਮਾ ਪਾ, ਮਾ ਪਾ ਗੁ, ਗੁ ਮਾ ਪਾ, ਪਾ ਨੀ ਧਾ ਪਾ, ਪਾ ਨੀ ਸਾਂ, ਨੀ ਸਾਂ ਗੁਂ, ਰੇਂ ਸਾਂ, ਸਾਂ ਗੁਂ ਮਾਂ ਪਾਂ ਗੁਂ, ਰੇਂ ਸਾਂ, ਨੀ ਸਾਂ ਨੀ ਧਾ ਪਾ, ਮਾ ਪਾ ਗੁ, ਗੁ ਮਾ ਪਾ ਗੁ, ਰੇ ਸਾ।

ਰਾਗ ਦਾ ਸਧਾਰਨ ਪਰਿਚਯ

ਰਾਗੁ– ਧਨਾਸਰੀ

ਥਾਟ– ਕਾਫੀ

ਵਾਦੀ ਸਵਰ– ਪਾ (ਪੰਚਮ) ਸਵਰ

ਸੰਵਾਦੀ ਸਵਰ– ਸਾ (ਸ਼ਡਜ) ਸਵਰ

ਗਾਇਨ ਸਮਾਂ– ਦਿਨ ਦਾ ਤੀਜਾ ਪਹਿਰ।

ਸਵਰ– ਗਾ (ਗੰਧਾਰ) ਸਵਰ ਅਤੇ ਨੀ (ਨਿਸ਼ਾਦ) ਸਵਰ ਕੋਮਲ, ਬਾਕੀ ਸਾਰੇ ਸੁਰ ਸ਼ੁੱਧ।

ਵਰਜਿਤ ਸਵਰ– ਅਰੋਹ ਵਿਚ ਰੇ (ਰਿਸ਼ਭ) ਸਵਰ ਅਤੇ ਧਾ (ਧੈਵਤ) ਸਵਰ।

ਜਾਤੀ– ਔੜਵ-ਸੰਪੂਰਨ।

ਅਰੋਹ– ਸਾ ਗੁ ਮਾ ਪਾ, ਨੀ ਸਾਂ।

ਅਵਰੋਹ– ਸਾਂ ਨੀ ਧਾ ਪਾ, ਮਾ ਪਾ ਗੁ, ਰੇ ਸਾ।

ਪਕੜ– ਨ੍ਹੀ ਸਾ ਗੁ, ਮਾ ਪਾ, ਨੀ ਧਾ ਪਾ, ਮਾ ਪਾ ਗੁ, ਰੇ ਸਾ।

ਚਲਦਾ...

ਸਿੱਖ ਸਾਹਿਤ ਦੇ ਰੂ-ਬ-ਰੂ (੭)

*-ਡਾ. ਰਣਜੀਤ ਕੌਰ ਪੰਨਵਾਂ**

ਪੁਸਤਕ : ਗੁਰੂ ਤੇਗ ਬਹਾਦੁਰ : ਜੀਵਨ, ਸਮਾਂ ਅਤੇ ਰਚਨਾ
ਸੰਪਾਦਕ : ਡਾ. ਸੁਰਿੰਦਰ ਸਿੰਘ ਕੋਹਲੀ,
ਪ੍ਰਕਾਸ਼ਕ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਪ੍ਰਕਾਸ਼ਨ ਸਾਲ : ੧੯੭੬ (ਪਹਿਲੀ ਵਾਰ)
ਪੰਨੇ : ੨੫੬
ਕੀਮਤ : ੪੦ ਰੁਪਏ (੧੯੭੬ ਵਾਲੇ ਐਡੀਸ਼ਨ ਦੀ ਕੀਮਤ)

ਡਾ. ਸੁਰਿੰਦਰ ਸਿੰਘ ਕੋਹਲੀ (੦੧ ਜਨਵਰੀ, ੧੯੨੦- ੨੧ ਜੁਲਾਈ, ੨੦੦੩ ਈ.) ਦੁਆਰਾ ਇਸ ਪੁਸਤਕ ਨੂੰ ਸੰਪਾਦਿਤ ਕੀਤਾ ਗਿਆ ਹੈ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਅਧਿਆਪਨ ਕਾਰਜ ਖ਼ਾਲਸਾ ਕਾਲਜ, ਰਾਵਲਪਿੰਡੀ ਤੋਂ ਸ਼ੁਰੂ ਕੀਤਾ। ਪੰਜਾਬ ਦੇਸ਼ ਦੀ ਵੰਡ ਤੋਂ ਬਾਅਦ ਆਪ ਪਹਿਲਾਂ ਪਟਿਆਲਾ ਵਿਖੇ ਰਹੇ ਉਪਰੰਤ ੧੯੪੮ ਈ. ਵਿਚ ਦਿੱਲੀ ਚਲੇ ਗਏ। ਪੰਜਾਬ ਯੂਨੀਵਰਸਿਟੀ ਤੋਂ ਐਮ. ਏ. (ਪੰਜਾਬੀ) ਪਾਸ ਕਰ ਕੇ ਸੰਨ ੧੯੫੨ ਵਿਚ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਵਿਖੇ ਪੰਜਾਬੀ ਦੇ ਲੈਕਚਰਾਰ ਨਿਯੁਕਤ ਹੋਏ। ਆਪ ਨੇ ਦਿੱਲੀ ਯੂਨੀਵਰਸਿਟੀ ਤੋਂ 'ਏ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ' ਵਿਸ਼ੇ ਉੱਤੇ ਖੋਜ ਕਰ ਕੇ ਪੀਐਚ. ਡੀ. ਦੀ ਡਿਗਰੀ (੧੯੫੮ ਈ.) ਹਾਸਲ ਕੀਤੀ। ਸੰਨ ੧੯੫੯ ਵਿਚ ਆਪ ਦਿੱਲੀ ਯੂਨੀਵਰਸਿਟੀ ਦੀ 'ਇੰਸਟੀਚਿਊਟ ਆਫ਼ ਪੋਸਟ ਗਰੈਜੂਏਟ ਈਵਨਿੰਗ ਸਟੱਡੀਜ਼' ਵਿਚ ਪੰਜਾਬੀ ਦੇ ਰੀਡਰ ਨਿਯੁਕਤ ਹੋਏ। ਆਪ ਜੀ ਸੰਨ ੧੯੬੧ ਵਿਚ ਪੰਜਾਬੀ ਦੇ ਪ੍ਰੋਫ਼ੈਸਰ ਵਜੋਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਨਿਯੁਕਤ ਹੋਏ। ਇੱਥੇ ਆਪ ਨੇ ੧੮ ਸਾਲ ਪ੍ਰੋਫ਼ੈਸਰ ਅਤੇ ਵਿਭਾਗ ਮੁਖੀ ਵਜੋਂ ਜ਼ਿੰਮੇਵਾਰੀ ਨਿਭਾਈ। ਅਧਿਆਪਨ ਦੀ ਸੇਵਾ-ਮੁਕਤੀ ਤੋਂ ਬਾਅਦ ਆਪ ਨੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ ਅਤੇ ਗੁਰੂ ਨਾਨਕ ਫਾਊਂਡੇਸ਼ਨ, ਦਿੱਲੀ ਵਿਖੇ ਡਾਇਰੈਕਟਰ ਵਜੋਂ ਸੇਵਾ ਕੀਤੀ। ਇਸ ਦੇ ਨਾਲ ਹੀ ਆਪ 'ਇੰਡੀਅਨ ਕੌਂਸਲ ਆਫ ਫ਼ਿਲਾਸਫ਼ੀਕਲ ਰਿਸਰਚ' ਨਵੀਂ ਦਿੱਲੀ ਵਿਚ ਫੈਲੋ ਵੀ ਰਹੇ।

ਵਿਚਾਰ-ਅਧੀਨ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ। ਪੰਜਾਬ ਯੂਨੀਵਰਸਿਟੀ ਵੱਲੋਂ ਬਣਾਈ ਸ਼ਤਾਬਦੀ ਕਮੇਟੀ ਦੁਆਰਾ ਜੋ

* *ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਅਕਾਦਮਿਕ ਪੱਧਰ ਦੀਆਂ ਵੱਖ-ਵੱਖ ਯੋਜਨਾਵਾਂ ਉਲੀਕੀਆਂ ਸਨ। ਉਨ੍ਹਾਂ ਵਿੱਚੋਂ ਇਹ ਪੁਸਤਕ ਪ੍ਰਕਾਸ਼ਿਤ ਕਰਨ ਦੀ ਯੋਜਨਾ ਉਲੀਕੀ ਗਈ, ਜਿਸ ਦਾ ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ।

ਪੁਸਤਕ ਦੇ ਮੁੱਖ ਸ਼ਬਦ-ਡਾ. ਰਾਮ ਚੰਦ ਪਾਲ, ਵੱਲੋਂ ਲਿਖੇ ਗਏ ਹਨ। ਪੁਸਤਕ ਵਿਚ ਪ੍ਰੌੜ੍ਹ ਵਿਦਵਾਨਾਂ ਦੇ ੨੨ ਲੇਖ ਹਨ। ਜਿਨ੍ਹਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਬਾਣੀ ਸੰਦੇਸ਼ ਤੇ ਸ਼ਹਾਦਤ ਦੇ ਇਤਿਹਾਸ ਨੂੰ ਤੱਥਮੂਲਕ ਪੇਸ਼ ਕੀਤਾ ਗਿਆ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸਮਕਾਲੀ ਪ੍ਰਸਥਿਤੀਆਂ- ਡਾ. ਜੋਧ ਸਿੰਘ, ਇਤਿਹਾਸਿਕ ਮਹਾਂਕਾਵਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਚਰਿੱਤਰ- ਡਾ. ਆਸਾ ਨੰਦ ਵੋਹਰਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਫਰ- ਅਨੰਦਪੁਰ ਤੋਂ ਧੁਬੜੀ ਤਕ- ਡਾ. ਕਿਰਪਾਲ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਚਾਰ ਦੌਰੇ- ਡਾ. ਬਲਬੀਰ ਸਿੰਘ ਦਿਲ, ਤਿਲਕ-ਜੰਞੂ ਰਾਖਾ ਪ੍ਰਭੂ ਤਾ ਕਾ- ਡਾ. ਗੋਪਾਲ ਸਿੰਘ, ਜੀਵਨ-ਮੁਕਤ- ਡਾ. ਮੋਹਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਪਾਪ ਕਿਸ ਦੇ ਸਿਰ?- ਸਰਦਾਰ ਕਪੂਰ ਸਿੰਘ, ਸਤਿਗੁਰੂ ਸ੍ਰੀ ਤੇਗ ਬਹਾਦਰ ਜੀ- ਪ੍ਰੋ. ਐਨ. ਡੀ. ਅਹੂਜਾ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਦੇ, ਡਾ. ਗੋਬਿੰਦ ਸਿੰਘ ਮਾਨਸੁਖਾਨੀ, ਸਲੋਕ ਮਹਲਾ ੯ ਦਾ ਵਿਸ਼ਲੇਸ਼ਨਾਤਮਕ ਅਧਿਐਨ- ਡਾ. ਰਤਨ ਸਿੰਘ ਜੱਗੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਾ ਦਾਰਸ਼ਨਿਕ ਅਧਿਐਨ- ਡਾ. ਜਯ ਰਾਮ ਮਿਸ਼ਰ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਵੈਰਾਗ- ਪ੍ਰੋ. ਰਾਮ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਵੈਰਾਗਮਈ ਬਾਣੀ- ਡਾ. ਸਾਧੂ ਰਾਮ ਸ਼ਾਰਦਾ, ਗੁਰੂ ਤੇਗ ਬਹਾਦਰ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਸੰਕਲਪ- ਡਾ. ਦੀਵਾਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਮੁਕਤੀ-ਸੰਕਲਪ- ਡਾ. ਮਨਮੋਹਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜੀਵਨ-ਜੁਗਤ- ਡਾ. ਰਘਬੀਰ ਸਿੰਘ, ਗੁਰੂ ਤੇਗ ਬਹਾਦਰ ਸਾਹਿਬ ਦੀ ਕਾਵਿ-ਕਲਾ ਤੇ ਸ਼ੈਲੀ- ਡਾ. ਤਾਰਨ ਸਿੰਘ, ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਵਸਤੂ-ਬਣਤਰ- ਡਾ. ਅਤਰ ਸਿੰਘ, ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਬਦ-ਭੰਡਾਰ- ਡਾ. ਗੁਰਚਰਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਬਿੰਬ ਅਤੇ ਪ੍ਰਤੀਕ- ਡਾ. ਦਲੀਪ ਸਿੰਘ ਦੀਪ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਭਾਸ਼ਾ- ਡਾ. ਪ੍ਰੇਮ ਪ੍ਰਕਾਸ਼ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਅਤੇ 'ਸੁਰ ਸਾਗਰ' ਡਾ. ਸੁਰਿੰਦਰ ਸਿੰਘ ਕੋਹਲੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਅਜੋਕੇ ਸਮੇਂ ਨੂੰ ਸੰਦੇਸ਼- ਡਾ. ਵਿਸ਼ਵਾ ਨਾਥ ਤਿਵਾੜੀ। ਇਸ ਪੁਸਤਕ ਵਿਚ ਦਰਜ ਸਾਰੇ ਹੀ ਲੇਖ ਬਹੁਤ ਹੀ ਸਟੀਕ, ਸਿਧਾਂਤਕ/ਇਤਿਹਾਸਿਕ ਗਿਆਨ ਪ੍ਰਦਾਨ ਕਰਦੇ ਹਨ। ਵਰਤਮਾਨ ਵਿਚ ਇਹ ਪੁਸਤਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ੩੫੦ ਸਾਲਾ ਦਿਵਸ ਮੌਕੇ ਆਮ/ਅਕਾਦਮਿਕ ਪੱਧਰ ਦੇ ਸਾਰੇ ਪਾਠਕਾਂ ਨੂੰ ਜ਼ਰੂਰ ਪੜ੍ਹਣੀ ਚਾਹੀਦੀ ਹੈ। ■

ਸਿੱਖੀ ਆਦਰਸ਼ ਦੇ ਕੁਝ ਜ਼ਰੂਰੀ ਨੁਕਤੇ

• ਦਸ ਗੁਰੂ ਸਾਹਿਬਾਨ ਦੀ ਪਵਿੱਤਰ ਆਤਮਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਦੇ ਪੈਰੀਂ ਹੱਥ ਲਾਉਣਾ ਸਖ਼ਤ ਮਨਮਤ ਹੈ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਜੀ ਦੀ ਭਾਰੀ ਨਿਰਾਦਰੀ ਹੈ।

• 'ਸਾਬਤ ਸੂਰਤਿ ਦਸਤਾਰ ਸਿਰਾ' ਅਨੁਸਾਰ ਕੇਸ ਅਤੇ ਦਾਹੜੀ ਅਕਾਲ ਪੁਰਖ ਦੀ ਬਖਸ਼ਿਸ਼ ਹਨ। ਇਨ੍ਹਾਂ ਬਖਸ਼ਿਸ਼ਾਂ ਦੀ ਪਵਿੱਤਰਤਾ ਹਮੇਸ਼ਾਂ ਕਾਇਮ ਰੱਖੋ। ਕੇਸ ਅਤੇ ਦਾਹੜੇ ਦੀ ਬੇਅਦਬੀ ਖਾਲਸਾ ਪੰਥ ਦੀ ਬੇਅਦਬੀ ਹੋਵੇਗੀ। ਸਿੱਖ ਸਭਿਆਚਾਰ ਅਨੁਸਾਰ ਨੰਗਾ ਸਿਰ ਸ਼ੋਭਾ ਨਹੀਂ ਦਿੰਦਾ। ਸੋ ਹਰ ਗੁਰਸਿੱਖ ਲਈ ਦਸਤਾਰ ਸਜਾਉਣੀ ਲਾਜ਼ਮੀ ਹੈ। ਨੰਗੇ ਸਿਰ ਘੁੰਮਣਾ, ਪ੍ਰਸਾਦਿ ਤਿਆਰ ਕਰਨਾ, ਛਕਣਾ ਤੇ ਛਕਾਉਣਾ ਸਿੱਖੀ ਰਹੁ-ਰੀਤੀ ਤੋਂ ਉਲਟ ਹੈ।

• ਨਸ਼ਿਆਂ ਦਾ ਸੇਵਨ ਕੰਚਨ ਜਿਹੀ ਕਾਇਆ ਨੂੰ ਵਿਗਾੜਣ ਦਾ ਤੇ ਕਈ ਤਰ੍ਹਾਂ ਦੀ ਬਦਫੈਲੀ ਵਧਾਉਣ ਵਿਚ ਸਹਾਈ ਹੁੰਦਾ ਹੈ। ਗੁਰਮਤਿ ਅਨੁਸਾਰ ਵੀ ਨਸ਼ੇ ਵਰਤਣ ਦੀ ਸਖ਼ਤ ਮਨਾਹੀ ਹੈ ਤਾਂ ਤੇ ਜਿਤ ਖਾਧੇ ਤਨ ਪੀੜੇ ਅਤੇ ਮਨ ਵਿਖੇ ਵਿਕਾਰ ਚੱਲਣ, ਤਿਨ੍ਹਾਂ ਵਸਤਾਂ ਦਾ ਪ੍ਰਹੇਜ਼ ਕਰਨਾ ਹੀ ਬਣਦਾ ਹੈ।

• ਖਾਲਸੇ ਦੀ ਨਿਆਰੀ ਹਸਤੀ ਲਈ ਅਤੀ ਜ਼ਰੂਰੀ ਹੈ ਕਿ ਸਨਾਤਨ ਦੰਭੀ ਤੇ ਬਿਪਰਨ ਦੀਆਂ ਰੀਤਾਂ ਦਾ ਤ੍ਰਿਸਕਾਰ ਕੀਤਾ ਜਾਵੇ ਅਤੇ ਗੁਰਮਤਿ ਆਸ਼ੇ ਅਨੁਸਾਰ ਹੀ ਜੀਵਨ ਜੀਵਿਆ ਜਾਵੇ।

• ਹਰ ਗੁਰਸਿੱਖ ਦਾ ਫਰਜ਼ ਹੈ ਕਿ ਨਿੱਤ ਧਰਮ ਦੀ ਕਿਰਤ ਕਰੇ, ਅਰਥ ਕਿਰਤ ਕਮਾਈ ਦਾ ਦਸਵਾਂ ਹਿੱਸਾ (ਦਸਵੰਧ) ਧਰਮ ਹਿੱਤ ਕਾਰਜਾਂ ਲਈ ਨਿਸ਼ਕਾਮਤਾ ਨਾਲ ਖਰਚ ਕੇ ਆਪਣੀ ਧਾਰਮਿਕ ਅਤੇ ਜੀਵਨ ਯਾਤਰਾ ਸਫਲੀ ਕਰੇ।

• ਸ਼ੁਧ ਗੁਰਬਾਣੀ ਨੂੰ ਗੁਰਮੁਖੀ ਅੱਖਰਾਂ ਵਿਚ ਪੜ੍ਹਨ ਨਾਲ ਹੀ ਗੁਰਮਤਿ ਦੀ ਸੋਝੀ ਹੁੰਦੀ ਅਤੇ ਮਨ ਵਿਚ ਸ਼ਾਂਤੀ ਪੈਦਾ ਹੁੰਦੀ ਹੈ। ਸੋ ਆਪੋ-ਆਪਣੇ ਘਰਾਂ ਵਿਚ ਗੁਰਮੁਖੀ ਪੜ੍ਹਨ-ਲਿਖਣ ਦਾ ਅਭਿਆਸ ਬਣਾਉਣਾ ਸਾਡਾ ਸਭ ਦਾ ਫ਼ਰਜ਼ ਹੈ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਖ਼ਬਰਨਾਮਾ

ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਮਾਮਲੇ 'ਚ ਦਖ਼ਲਅੰਦਾਜ਼ੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੨ ਦਸੰਬਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਸਿੱਟ (sit) ਦੀ ਘੋਸ਼ਣਾ ਕਰਨ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸਰਕਾਰਾਂ ਵੱਲੋਂ ਧਰਮ ਅਤੇ ਧਾਰਮਿਕ ਸੰਸਥਾਵਾਂ ਦੇ ਅੰਦਰੂਨੀ ਪ੍ਰਬੰਧਕੀ ਮਾਮਲਿਆਂ ਵਿਚ ਦਖ਼ਲ ਦੇਣਾ ਨਾ ਸਿਰਫ਼ ਗ਼ੈਰ-ਜ਼ਰੂਰੀ ਹੈ, ਸਗੋਂ ਸਿੱਖ ਰਵਾਇਤਾਂ ਦੇ ਖ਼ਿਲਾਫ਼ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਸਿੱਧੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਮਾਮਲਿਆਂ ਨੂੰ ਸਿਆਸੀ ਲਾਹੇ ਲਈ ਉਛਾਲਣਾ ਕਿਸੇ ਵੀ ਤਰ੍ਹਾਂ ਕਬੂਲਯੋਗ ਨਹੀਂ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਇਸ ਮਾਮਲੇ 'ਤੇ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਂਚ-ਕਮੇਟੀ ਗਠਿਤ ਕੀਤੀ ਗਈ ਸੀ, ਜਿਸ ਨੇ ਪੂਰੀ ਗੰਭੀਰਤਾ ਅਤੇ ਜ਼ਿੰਮੇਵਾਰੀ ਨਾਲ ਪੜਤਾਲ ਕੀਤੀ। ਇਸ ਪੜਤਾਲ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋਸ਼ੀ ਕਰਮਚਾਰੀਆਂ ਖ਼ਿਲਾਫ਼ ਵਿਭਾਗੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਚੁੱਕੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਨਾਲ ਵੀ ਰਿਆਇਤ ਨਹੀਂ ਵਰਤੀ ਗਈ ਅਤੇ ਜਾਂਚ ਦੌਰਾਨ ਉਠਾਏ ਗਏ ਸਾਰੇ ਨੁਕਤਿਆਂ ਨੂੰ ਧਿਆਨ ਵਿਚ ਰੱਖਦਿਆਂ ਹੀ ਕਾਰਵਾਈ ਕੀਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਜਾਂਚ-ਕਮੇਟੀ ਦੀ ਰਿਪੋਰਟ ਵਿਚ ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਇਹ ਮਾਮਲਾ ਕੁਝ ਕਰਮਚਾਰੀਆਂ ਵੱਲੋਂ ਕੀਤੀ ਗਈ ਪੈਸਿਆਂ ਦੀ ਹੇਰਾਫੇਰੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਨੂੰ ਜਾਣਬੁੱਝ ਕੇ ਸਿਆਸੀ ਰੰਗ ਦੇਣਾ ਸਿੱਖ ਭਾਵਨਾਵਾਂ ਨਾਲ ਖੇਡਣ ਦੇ ਬਰਾਬਰ ਹੈ, ਜੋ ਕਿਸੇ ਵੀ ਤਰ੍ਹਾਂ ਠੀਕ ਨਹੀਂ। ਅਜਿਹਾ ਕਰ ਕੇ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇ ਰਹੀ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ ਲਗਾਇਆ ਕਿ ਪੰਜਾਬ ਦੀ ਮੌਜੂਦਾ ਸਰਕਾਰ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ, ਜੋ ਸੂਬੇ ਦੀ ਸ਼ਾਂਤੀ ਅਤੇ ਭਲਾਈ ਲਈ ਠੀਕ ਨਹੀਂ। ਉਨ੍ਹਾਂ ਕਿਹਾ ਕਿ ਸ੍ਰੀ

ਅਕਾਲ ਤਖ਼ਤ ਸਾਹਿਬ ਸਿੱਖ ਕੌਮ ਦਾ ਸਰਬਉੱਚ ਧਾਰਮਿਕ ਅਸਥਾਨ ਹੈ ਜਿਸ ਦੇ ਫ਼ੈਸਲੇ ਸਿੱਖਾਂ ਲਈ ਅਖੀਰੀ ਅਤੇ ਸਰਵੋਤਮ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਜਦੋਂ ਦੋਸ਼ੀ ਕਰਮਚਾਰੀਆਂ ਖ਼ਿਲਾਫ਼ ਕਾਰਵਾਈ ਹੋ ਚੁੱਕੀ ਹੈ ਤਾਂ ਇਸ ਮਾਮਲੇ 'ਤੇ ਮੁੜ ਮੁੜ ਸਿਆਸਤ ਕਰਨਾ ਕੌਮੀ ਤੌਰ 'ਤੇ ਗੰਭੀਰ ਅਪਰਾਧ ਦੇ ਸਮਾਨ ਹੈ।

ਉਨ੍ਹਾਂ ਸਰਕਾਰ ਨੂੰ ਸਲਾਹ ਦਿੰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਨਾਲ ਜੁੜੇ ਮਾਮਲਿਆਂ 'ਚ ਫ਼ੈਸਲੇ ਕਰਨ ਤੋਂ ਪਰਹੇਜ਼ ਕੀਤਾ ਜਾਣਾ ਚਾਹੀਦਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੁਹਰਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਕੌਮ ਦੀ ਚੁਣੀ ਹੋਈ ਸਿਰਮੌਰ ਸੰਸਥਾ ਹੈ ਅਤੇ ਇਸ ਦੇ ਅਧਿਕਾਰ ਖੇਤਰ ਵਿਚ ਕਿਸੇ ਵੀ ਤਰ੍ਹਾਂ ਦਾ ਦਖ਼ਲ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ।

ਪੰਜਾਬ ਸਰਕਾਰ ਵੱਲੋਂ ਸਿਆਸੀ ਹਿੱਤਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਪੰਥ ਕਦੇ ਪ੍ਰਵਾਨ ਨਹੀਂ ਕਰੇਗਾ -ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਨ

ਸ੍ਰੀ ਅੰਮ੍ਰਿਤਸਰ, ੨੪ ਦਸੰਬਰ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਹੈ, ਜਿਸ ਨੂੰ ਸਿੱਖ ਪੰਥ ਕਦੇ ਵੀ ਪ੍ਰਵਾਨ ਨਹੀਂ ਕਰੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਭਿੱਟੇਵੱਡ ਅਤੇ ਸ. ਅਮਰਜੀਤ ਸਿੰਘ ਭਲਾਈਪੁਰ ਨੇ ਇਕ ਬਿਆਨ ਵਿਚ ਕੀਤਾ। ਮੈਂਬਰ ਸਾਹਿਬਾਨ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਜਾਂਚ-ਕਮੇਟੀ ਨੇ ਕੀਤੀ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਡਾ. ਈਸ਼ਰ ਸਿੰਘ ਦੀ ਰਿਪੋਰਟ ਅਨੁਸਾਰ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਕੁਝ ਸਿੱਖ ਵਿਦਵਾਨਾਂ ਅਤੇ ਸੰਗਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਹੁੰਚ ਕੀਤੀ ਸੀ ਕਿ ਇਹ ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਿਆ ਹੋਇਆ ਹੈ ਇਸ ਲਈ ਇਸ ਬਾਰੇ ਕੋਈ ਵੀ ਪੁਲਿਸ ਕਾਰਵਾਈ ਨਾ ਕੀਤੀ ਜਾਵੇ, ਸਗੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਤੌਰ 'ਤੇ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਡਾ. ਈਸ਼ਰ ਸਿੰਘ ਦੀ ਜਾਂਚ-ਰਿਪੋਰਟ ਵਿਚ ਇਹ ਸਪੱਸ਼ਟ ਹੈ ਕਿ ਇਹ ਮਾਮਲਾ ਕੁਝ ਮੁਲਾਜ਼ਮਾਂ ਵੱਲੋਂ ਕੀਤੀ ਪੈਸਿਆਂ ਦੀ ਹੇਰਾਫੇਰੀ ਅਤੇ ਅਣਗਹਿਲੀ ਦਾ ਹੈ, ਇਸ ਨੂੰ ਸਰੂਪ ਗੁੰਮ ਹੋਣ ਅਤੇ ਬੇਅਦਬੀ ਵਜੋਂ ਪ੍ਰਚਾਰ ਕੇ ਸੰਗਤ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਉਸ ਵੇਲੇ ਕਾਂਗਰਸ ਪਾਰਟੀ ਦੀ ਸਰਕਾਰ ਸੀ ਅਤੇ ਉਨ੍ਹਾਂ ਵੱਲੋਂ ਸਿਆਸੀ ਮੁਫ਼ਾਦਾਂ ਲਈ ਸ੍ਰੀ ਦਰਬਾਰ ਸਾਹਿਬ ਨੂੰ ਆਉਂਦੇ ਰਸਤੇ 'ਤੇ

ਭਾਈ ਬਲਦੇਵ ਸਿੰਘ ਵਡਾਲਾ ਰਾਹੀਂ ਧਰਨਾ ਲਗਾਇਆ ਗਿਆ ਸੀ। ਹੁਣ ਆਪ ਆਦਮੀ ਪਾਰਟੀ ਨਾਲ ਸੰਬੰਧਿਤ ਪੰਜਾਬ ਵਿਧਾਨ ਸਭਾ ਦੇ ਸਪੀਕਰ, ਮੰਤਰੀ ਅਤੇ ਵਿਧਾਇਕ ਵੱਲੋਂ ਇਸ ਧਰਨੇ ਵਿਚ ਪਹੁੰਚ ਕੇ ਆਪਣੇ ਸਿਆਸੀ ਲਾਹੇ ਲਈ ਪੁਲਿਸ ਨੂੰ ਐਫ. ਆਈ. ਆਰ. ਦਰਜ ਕਰਨ ਲਈ ਕਹਿਣਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੀ ਚੁਣੌਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ ਅਤੇ ਆਪਣੀ ਨਾਕਾਮੀਆਂ ਨੂੰ ਛੁਪਾਉਣ ਲਈ ਸਿੱਖ ਭਾਵਨਾਵਾਂ ਨਾਲ ਖੇਡਣ ਤੋਂ ਗੁਰੇਜ਼ ਨਹੀਂ ਕਰ ਰਹੀ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਹਾ ਕਿ ਬਾਰ-ਬਾਰ ਡਰਾਮੇ ਕਰ ਕੇ ਲੋਕਾਂ ਦਾ ਧਿਆਨ ਸਰਕਾਰਾਂ ਦੀਆਂ ਨਾਕਾਮੀਆਂ ਤੋਂ ਪਾਸੇ ਨਹੀਂ ਕੀਤਾ ਜਾ ਸਕਦਾ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋਈ ਕਾਰਵਾਈ ਤੋਂ ਬਾਅਦ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਦਖ਼ਲਅੰਦਾਜ਼ੀ ਨਾ ਕੀਤੀ ਜਾਵੇ। ਉਨ੍ਹਾਂ ਪ੍ਰਸ਼ਾਸਨਿਕ ਅਧਿਅਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਸਿਆਸੀ ਹਿੱਤਾਂ ਲਈ ਅਜਿਹੀ ਕਿਸੇ ਵੀ ਕਾਰਵਾਈ ਲਈ ਭਾਗੀਦਾਰ ਨਾ ਬਣਨ।

ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਮਲਿਆਂ ’ਚ ਦਖ਼ਲ ਦੇ ਕੇ ਲੋਕਾਂ ਦਾ ਧਿਆਨ ਭਟਕਾਉਣ ਦੀ ਕਰ ਰਹੀ ਹੈ ਕੋਸ਼ਿਸ਼- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧ ਜਨਵਰੀ - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੨੯ ਪਾਵਨ ਸਰੂਪਾਂ ਨਾਲ ਸੰਬੰਧਿਤ ਮਾਮਲੇ ’ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਕੀਤੀ ਜਾ ਰਹੀ ਸਿਆਸਤ ’ਤੇ ਗੰਭੀਰ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਸਰਕਾਰ ਦੋਹਰੀ ਨੀਤੀ ਅਪਣਾ ਕੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਭਗਵੰਤ ਮਾਨ ਸਰਕਾਰ ਦੇ ਕਾਰਜ-ਕਾਲ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨਿਰੰਤਰ ਸਾਹਮਣੇ ਆ ਰਹੀਆਂ ਹਨ, ਜਦਕਿ ਦੂਜੇ ਪਾਸੇ ਇਨ੍ਹਾਂ ਗੰਭੀਰ ਮਾਮਲਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦਰੂਨੀ ਪ੍ਰਬੰਧਕੀ ਮਾਮਲਿਆਂ ਵਿਚ ਜਾਣਬੁੱਝ ਕੇ ਦਖ਼ਲ ਦਿੱਤਾ ਜਾ ਰਿਹਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਗਵੰਤ ਮਾਨ ਆਪਣੇ ਸਿਆਸੀ ਆਕਾ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਅਤੇ ਆਪਣੀ ਮੁੱਖ ਮੰਤਰੀ ਦੀ ਕੁਰਸੀ ਬਚਾਉਣ ਲਈ ਅਜਿਹੀ ਸਿਆਸਤ ਕਰ ਰਹੇ ਹਨ।

ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਬਰਗਾੜੀ ਬੇਅਦਬੀ ਮਾਮਲੇ ਸਮੇਤ ਹੋਰ ਬੇਅਦਬੀ ਦੀਆਂ ਘਟਨਾਵਾਂ ’ਚ ਇਨਸਾਫ਼ ਦੇਣ ਵਿਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਨਾ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿਚ ਸਰਕਾਰ ਅਸਫਲ ਰਹੀ

ਹੈ, ਸਗੋਂ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਿਚ ਵੀ ਕੋਈ ਠੋਸ ਅਤੇ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕੇ ਗਏ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਵੱਲੋਂ ਚੁਣੀ ਹੋਈ ਸੰਸਥਾ ਹੈ, ਜਿਸ ਦੀ ਆਜ਼ਾਦ ਹੋਂਦ ਹਸਤੀ ਅਤੇ ਸੰਵਿਧਾਨਕ ਮਰਯਾਦਾ ਨੂੰ ਉਲੰਘ ਕੇ ਮਾਨ ਸਰਕਾਰ ਘੱਟਗਿਣਤੀ ਸਿੱਖਾਂ ਦੀ ਇਸ ਕੇਂਦਰੀ ਸੰਸਥਾ ਨੂੰ ਕਿਸੇ ਏਜੰਡੇ ਤਹਿਤ ਕਮਜ਼ੋਰ ਕਰਨ ਦੀ ਨੀਤੀ ਉੱਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ ਕਿ ਕੋਈ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਨੂੰ ਜਾਣਬੁੱਝ ਕੇ ਗ਼ਲਤ ਰੰਗ ਵਿਚ ਪੇਸ਼ ਕਰਕੇ ਵਾਰਾ ਖਾਂਦੀ ਸਿਆਸਤ ਕਰੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ੩੨੯ ਪਾਵਨ ਸਰੂਪਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਜਿੱਠੇ ਜਾ ਚੁੱਕੇ ਮਾਮਲੇ ਵਿਚ ਪੰਜਾਬ ਸਰਕਾਰ ਸਿਆਸਤ ਕਰਨ ਤੋਂ ਬਾਜ ਆਵੇ ਅਤੇ ਇਸ ਸੰਬੰਧੀ ਕਰੜੇ ਸੰਘਰਸ਼ ਲਈ ਮਜ਼ਬੂਰ ਨਾ ਕਰੇ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਨੇ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ ਦੀ ਕੀਤੀ ਨਿਖੇਧੀ

ਸ੍ਰੀ ਅੰਮ੍ਰਿਤਸਰ, ੪ ਜਨਵਰੀ– ਸੰਗੀਨ ਅਪਰਾਧਾਂ ਵਿਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ ੪੦ ਦਿਨ ਦੀ ਪੈਰੋਲ ਦਿੱਤੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿਖੇਧੀ ਕੀਤੀ ਹੈ। ਐਡ. ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਗੰਭੀਰ ਦੋਸ਼ਾਂ ਵਿਚ ਸਜ਼ਾ ਕੱਟ ਰਿਹਾ ਹੈ ਅਤੇ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਦਾ ਵੀ ਦੋਸ਼ੀ ਹੈ ਉਸ ਉੱਤੇ ਸਰਕਾਰਾਂ ਦੀ ਇਹ ਦਰਿਆਦਿਲੀ ਹੈਰਾਨੀਜਨਕ ਹੀ ਨਹੀਂ, ਸਗੋਂ ਲੋਕਤੰਤਰ ਅਤੇ ਇਨਸਾਫ਼ ਪ੍ਰਣਾਲੀ ਦਾ ਵੀ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਵਿਅਕਤੀਆਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦੇਣਾ ਜਿੱਥੇ ਪੀੜਤ ਲੋਕਾਂ ਨਾਲ ਮਜ਼ਾਕ ਹੈ, ਉੱਥੇ ਨਿਆਂ ਪ੍ਰਣਾਲੀ ਲਈ ਵੀ ਸਵਾਲ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਸਰਕਾਰਾਂ ਨੇ ਦੋਸ਼ੀਆਂ ਨੂੰ ਸਿਆਸੀ ਲਾਭ ਲਈ ਰਾਹਤ ਦੇਣ ਦਾ ਇਹ ਰੁਝਾਨ ਜਾਰੀ ਰੱਖਿਆ ਤਾਂ ਲੋਕਾਂ ਦਾ ਇਨਸਾਫ਼ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ।

ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਵਿਧਾਨ ਸਭਾ 'ਚ ਗੁਰੂ ਸਾਹਿਬਾਨ ਪ੍ਰਤੀ ਦਿੱਤੇ ਬਿਆਨ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਖ਼ਤ ਨਿੰਦਾ

ਸ੍ਰੀ ਅੰਮ੍ਰਿਤਸਰ, ੮ ਜਨਵਰੀ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਮ ਆਦਮੀ ਪਾਰਟੀ ਦੀ ਆਗੂ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਲੀ ਵਿਧਾਨ ਸਭਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਅਪਮਾਨਜਨਕ ਟਿੱਪਣੀ ਕਰਨ ਦੀ ਸਖ਼ਤ

ਸ਼ਬਦਾਂ ਵਿਚ ਨਿੰਦਾ ਕਰਦਿਆਂ ਇਸ ਨੂੰ ਆਪ ਆਗੂਆਂ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਾਰ ਦਿੱਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਦੀ ਆਪ ਆਗੂ ਆਤਿਸ਼ੀ ਵੱਲੋਂ ਦਿੱਤਾ ਗਿਆ ਬਿਆਨ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੈ, ਜਿਸ ਨੂੰ ਸਿੱਖ ਕੌਮ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਦਿੱਲੀ ਵਿਖੇ ਸ਼ਹਾਦਤ ਦਿੱਤੀ। ਦਿੱਲੀ ਦੀ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਵੱਲੋਂ ਗੁਰੂ ਸਾਹਿਬ ਪ੍ਰਤੀ ਬੇਹੱਦ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕਰਨੀ ਜਿੱਥੇ ਮੰਦਭਾਗਾ ਹੈ, ਉੱਥੇ ਹੀ ਇਹ ਆਪ ਆਦਮੀ ਪਾਰਟੀ ਦੀ ਸੋਚ ਦਾ ਪ੍ਰਗਟਾਵਾ ਵੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਮੰਗ ਕੀਤੀ ਕਿ ਵਿਰੋਧੀ ਧਿਰ ਦੀ ਆਗੂ ਆਤਿਸ਼ੀ ਦੀ ਮੈਂਬਰਸ਼ਿਪ ਤੁਰੰਤ ਰੱਦ ਕੀਤੀ ਜਾਵੇ। ਉਨ੍ਹਾਂ ਆਪ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਸਵਾਲ ਕੀਤਾ ਕਿ ਕੀ ਉਹ ਆਪਣੇ ਇਸ ਆਗੂ ਵਿਰੁੱਧ ਕਾਰਵਾਈ ਕਰਨਗੇ।

ਨਿਊਜ਼ੀਲੈਂਡ ਵਿਚ ਕੁਝ ਲੋਕਾਂ ਵੱਲੋਂ ਨਗਰ ਕੀਰਤਨ ਦਾ ਵਿਰੋਧ ਕੀਤੇ ਜਾਣ ਦੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ ਨਿੰਦਾ

ਸ੍ਰੀ ਅੰਮ੍ਰਿਤਸਰ ੧੧ ਜਨਵਰੀ– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਊਜ਼ੀਲੈਂਡ ਅੰਦਰ ਸਿੱਖਾਂ ਵੱਲੋਂ ਸ਼ਾਂਤੀਪੂਰਵਕ ਅਤੇ ਧਾਰਮਿਕ ਮਰਿਆਦਾ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਸਥਾਨਕ ਕੁਝ ਲੋਕਾਂ ਵੱਲੋਂ ਇੱਕ ਵਾਰ ਫਿਰ ਵਿਰੋਧ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਅੰਦਰ ਅਜਿਹਾ ਦੂਜੀ ਵਾਰ ਹੋਇਆ ਹੈ, ਜਿਸ ਨੇ ਸਿੱਖ ਸੰਗਤਾਂ ਨੂੰ ਨਿਰਾਸ਼ ਕੀਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਵਿਸ਼ਵ ਭਾਈਚਾਰੇ ਦੀ ਮਜਬੂਤੀ ਲਈ ਆਪਣਾ ਮਿਸਾਲੀ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀਆਂ ਧਾਰਮਿਕ ਰਵਾਇਤਾਂ ਨੂੰ ਨਫ਼ਰਤੀ ਨਜ਼ਰੀਏ ਨਾਲ ਦੇਖਿਆ ਜਾਣਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਨਗਰ ਕੀਰਤਨ ਸਿੱਖ ਧਰਮ ਦੀ ਇੱਕ ਪਵਿੱਤਰ ਧਾਰਮਿਕ ਪਰੰਪਰਾ ਹੈ ਜਿਸ ਦਾ ਵਿਰੋਧ ਸਿੱਖ ਧਰਮ ਦੀਆਂ ਮਾਨਵ ਹਿਤੈਸ਼ੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਸਮਾਜ ਦੀ ਆਪਸੀ ਸਾਂਝ ਲਈ ਵੀ ਚੁਣੌਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਹਰ ਦੇਸ਼ ਅੰਦਰ ਵਸਦਾ ਸਿੱਖ ਭਾਈਚਾਰਾ ਸਦਾ ਹੀ ਸਥਾਨਕ ਲੋਕਾਂ ਨਾਲ ਰਲ ਮਿਲ ਕੇ ਰਹਿੰਦਾ ਹੈ ਅਤੇ ਉੱਥੋਂ ਦੇ ਕਾਨੂੰਨਾਂ ਅਤੇ ਸਥਾਨਕ ਸੱਭਿਆਚਾਰ ਦਾ ਪੂਰਾ ਸਤਿਕਾਰ ਕਰਦਾ ਆਇਆ ਹੈ। ਇਸ ਦੇ ਬਾਵਜੂਦ ਵੀ ਮਿੱਥ ਕੇ ਸਿੱਖਾਂ ਨੂੰ ਧਰਮ ਪਾਲਣ ਤੋਂ ਰੋਕਣਾ ਨਿਰਾਸ਼ਾਜਨਕ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਨਿਊਜ਼ੀਲੈਂਡ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦਾ ਗੰਭੀਰਤਾ ਨਾਲ ਨੋਟਿਸ ਲੈਣ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ।

ਜੈਤੋ ਦੇ ਮੋਰਚੇ ਦਾ ਦ੍ਰਿਸ਼



ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਦ੍ਰਿਸ਼



Press Registrar General of India at No.354

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

GURMAT PARKASH

February 2026

Dharam Parchar Committee, Shiromani Gurdwara Parbandhak Committee, Sri Amritsar Sahib

ਵੱਡੇ ਘੱਲੂਘਾਰੇ ਦਾ ਦ੍ਰਿਸ਼

Owner : Shiromani Gurdwara Parbandhak Committee. Publisher : S. Balwinder Singh, Printer : S. Partap Singh, Printed at Golden Offset Press, Gurdwara Sri Ramsar Sahib, Sri Amritsar Sahib. Published from : SGPC Office, Teja Singh Samundri Hall, Sri Amritsar Sahib. Editor : Satwinder Singh. Date: 2-2-2026